# ਚਿਰਾਗ

ਜਨਵਰੀ-ਮਾਰਚ 2009

**January-March 2009**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ



ਵੀਤਨਾਮ ਦੀ ਵੇਦਨਾ

ਮੁੱਲ : 20 ਰੁਪਏ

67

ਜਨਵਰੀ-ਮਾਰਚ 2009

# ਚਿਰਾ.ਗ ਤਿਮਾਹੀ

ਜਨਵਰੀ-ਮਾਰਚ 2009



ਸੰਪਾਦਕ ਹਰਭਜਨ ਸਿੰਘ ਹੁੰਦਲ
ਸੰਪਾਦਕੀ ਮੰਡਲ - ਡਾ. ਕਰਮਜੀਤ ਸਿੰਘ, ਸੁਰਜੀਤ ਗਿੱਲ, ਸੁਲੱਖਣ ਸਰਹੱਦੀ, ਲਾਲ ਸਿੰਘ
ਪ੍ਰਤੀਨਿਧ : ਜਰਨੈਲ ਸਿੰਘ ਕਹਾਣੀਕਾਰ (ਕੈਨੇਡਾ)


## ਤਤਕਰਾ


| | |
|---|---|
| ਸੰਪਾਦਕੀ ਟਿੱਪਣੀਆਂ | 1. ਪੰਜਾਬੀ ਭਾਸ਼ਾ ਬਾਰੇ ਬਿੱਲ - ਕੀ ਖੱਟਿਆ? |
| | 2. ਮੁੜ ਮੁੜ ਉਹੀ ਵਰਤਾਰਾ |
| ਪੰਜਾਬੀ ਲੰਮੀ ਕਹਾਣੀ | ਜਿਉਂਦਾ ਹੈ ਮੇਰਾ ਪੁੱਤ (ਅਤਰਜੀਤ ਬਠਿੰਡਾ) |
| ਹਿੰਦੀ ਕਹਾਣੀ | ਬਹਿਸ ਵਿਚਕਾਰਲਾ ਇਕਲਾਪਾ (ਪੰਖੁਰੀ ਰਾਏ) |
| ਵਾਹਗਿਓਂ ਪਾਰ | ਪਾਤਾਲ, ਜਬ੍ਹ, ਬਿਰਖ ਤੇ ਮਨੀਪਲਾਂਟ (ਖ਼ਾਲਦ ਫ਼ਰਹਾਦ ਧਾਰੀਵਾਲ), ਫ਼ਿਦਾ ਬੁਖਾਰੀ (ਤਿੰਨ ਗ਼ਜ਼ਲਾਂ), ਬਸ਼ੀਰ ਅਹਿਮਦ ਸ਼ਾਦ, ਜ਼ਾਹਿਦ ਮਸਊਦ |
| ਲੰਮੀ ਪੰਜਾਬੀ ਕਵਿਤਾ | ਕਵਿਤਾ ਪਾਲਤੂ ਨਹੀਂ ਹੁੰਦੀ (ਯੋਧ ਸਿੰਘ) |
| ਗ਼ਜ਼ਲਾਂ | ਹਰਮਿੰਦਰ ਕੋਹਾਰਵਾਲਾ, ਜਗਤਾਰ ਸਾਲਮ, ਗੁਰਜੀਤ ਸਹੋਤਾ |
| ਨਜ਼ਮਾਂ | ਹਰਕੰਵਲਜੀਤ ਸਾਹਿਲ (ਕੈਨੇਡਾ), ਹਰਿਭਜਨ ਸਿੰਘ ਰੈਣੂ |
| ਯਾਦਾਂ | ਯਾਦਾਂ ਸੰਨ ਸੰਤਾਲੀ (ਡਾ. ਪ੍ਰੇਮ ਸਿੰਘ), ਮੌਤ ਦੇ ਰੂ-ਬ-ਰੂ (ਹਰਚਰਨ ਸਿੰਘ ਕਪੂਰਥਲਾ) |
| ਨਾਵਲ ਦਾ ਅੰਸ਼ | ਇੰਦਰ ਸਿੰਘ ਖਾਮੋਸ਼ |
| ਮੁਲਾਂਕਣ | ਉਦਾਸ ਹੋਈ ਕਵਿਤਾ (ਸੁਚੀ ਅਮਰਜੀਤ) |
| ਪੁਸਤਕ ਪੜਚੋਲ | ਨਜ਼ਰਬੰਦੀ ਦੇ ਦਿਨ (ਨਿਰੰਜਣ ਬੋਹਾ), ਕਿਰਨਾਂ ਦਾ ਝੁਰਮਟ (ਸੁਲੱਖਣ ਸਰਹੱਦੀ), ਚੌਰਸ ਗਲੋਬ, ਯਤੀਮ ਹੰਝੂ (ਸੁਰਜੀਤ ਗਿੱਲ) |
| ਪੁਸਤਕ ਪ੍ਰਾਪਤੀ | ✦✦✦ |
| ਮੁੱਖ ਚਿੱਤਰ | ਵੀਤਨਾਮ ਦੀ ਵੇਦਨਾ |



Postal Address:
Harbhajan Singh Hundal,
V.FAtu Chak,
P.O. Dhilwan
Distt. Kapurthala -144804
(Pb.) India
Phone No. 01822-273188
(M) 99150-42242



ਚੰਦਿਆਂ ਦਾ ਵੇਰਵਾ

| | |
|---|---|
| ਦੇਸ਼ ਵਾਰਸ਼ਿਕ | : 80 ਰੁ. |
| ਇਕ ਪਰਚਾ | : 20 ਰੁ. |
| ਸੰਸਥਾਵਾਂ (ਵਾਰਸ਼ਿਕ) | : 100 ਰੁ. |
| ਯੂਰੋਪ | : 10 ਪੌਂਡ |
| ਅਮਰੀਕਾ | : 12 ਡਾਲਰ |
| ਕੈਨੇਡਾ | : 15 ਡਾਲਰ |

ਚੰਦਾ ਸਿਰ.ਫ ਮਨੀ ਆਰਡਰ ਰਾਹੀਂ ਭੇਜਿਆ ਜਾਵੇ।

ਚਿਰਾ.ਗ ਡਾਇਰੈਕਟਰ ਸਿੱਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ. 4/1-96 ਐਡੀਟਰ (ਪੰ) ਮਿਤੀ 3-9-1096 ਦੇ ਅਨੁਸਾਰ ਹਾਈ /ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।

ਡਾ. ਅਨੂਪ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਛਾਬੜਾ ਕੰਪਿਊਟਰ ਅਤੇ ਪ੍ਰਿੰਟਰਜ਼ 274-ਚੰਨ ਰੋਡ, ਜਲੰਧਰ (ਫੋਨ- 98142-73311) ਤੋਂ ਛਪਵਾ ਕੇ ਸ਼ਹੀਦ ਸਰਵਣ ਸਿੰਘ ਚੀਮਾ ਭਵਨ 352 /1 ਗੜ੍ਹਾ (ਜਲੰਧਰ) ਫੋਨ-0181-2483033 ਤੋਂ ਪ੍ਰਕਾਸ਼ਿਤ ਕੀਤਾ।

ਪ੍ਰਕਾਸ਼ਨ ਮਿਤੀ 31 ਜਨਵਰੀ 2009




## 1. ਪੰਜਾਬ ਵਿਧਾਨ ਸਭਾ ਵਲੋਂ ਪਾਸ ਪੰਜਾਬੀ ਭਾਸ਼ਾ ਸੰਬੰਧੀ ਬਿਲ : ਕੀ ਖੱਟਿਆ, ਕੀ ਪਾਇਆ?

ਪੰਜਾਬ ਵਿਧਾਨ ਸਭਾ ਨੇ 'ਦਾ ਪੰਜਾਬ ਆਫਸ਼ੀਅਲ ਲੈਂਗਵੇਜ (ਅਮੈਂਡਮੈਂਟ) ਬਿਲ 2008 ਪਾਸ ਕਰ ਦਿੱਤਾ ਹੈ। ਪਹਿਲੇ ਬਿਲ ਵਿਚ ਆਈਆਂ ਧਾਰਾਵਾਂ ਤੋਂ ਇਲਾਵਾ ਇਸ ਵਿਚ ਦੋ ਨਵੀਆਂ ਧਾਰਾਵਾਂ ਹੀ ਜੋੜੀਆਂ ਗਈਆਂ ਹਨ, ਜਿਹੜੀਆਂ ਆਪਣੇ ਆਪ ਵਿਚ ਮਹੱਤਵਪੂਰਨ ਹਨ ਅਤੇ ਇਸਦੇ ਸਿੱਟੇ ਬੜੇ ਦੂਰਗਾਮੀ ਹੋਣਗੇ। ਪਹਿਲੀ ਜੋੜੀ ਗਈ ਧਾਰਾ ਦਾ ਸੰਬੰਧ ਅਦਾਲਤਾਂ ਅਤੇ ਟ੍ਰਿਬਿਊਨਲਾਂ ਵਿਚ ਪੰਜਾਬੀ ਦੀ ਵਰਤੋਂ ਨਾਲ ਹੈ। ਇਸ ਅਨੁਸਾਰ ਪੰਜਾਬ ਦਾ ਅਤੇ ਹਰਿਆਣਾ ਹਾਈ ਕੋਰਟ ਦੇ ਅਧੀਨ ਆਉਂਦੀਆਂ ਸਾਰੀਆਂ ਸਿਵਲ ਤੇ ਕ੍ਰੀਮੀਨਲ ਅਦਾਲਤਾਂ, ਸਾਰੀਆਂ ਰੈਵਨਿਊ ਅਦਾਲਤਾਂ ਅਤੇ ਰੈਂਟ ਟ੍ਰਿਬਿਊਨਲਾਂ ਜਾਂ ਕੋਈ ਵੀ ਕੋਰਟ ਜਾਂ ਟ੍ਰਿਬਿਊਨਲ ਜਿਸਦਾ ਸੰਗਠਨ ਪੰਜਾਬ ਸਰਕਾਰ ਵਲੋਂ ਕੀਤਾ ਗਿਆ ਹੋਵੇ, ਉਸ ਵਿਚ ਸਾਰਾ ਕੰਮ ਕਾਰਜ਼ ਪੰਜਾਬੀ ਵਿਚ ਹੋਵੇਗਾ। ਦੂਸਰੀ ਜੋੜੀ ਗਈ ਧਾਰਾ ਅਨੁਸਾਰ ਪੰਜਾਬ ਦੇ ਸਾਰੇ ਸਰਕਾਰੀ ਦਫ਼ਤਰਾਂ, ਪਬਲਿਕ ਅਦਾਰਿਆਂ, ਬੋਰਡਾਂ, ਲੋਕਲ ਬਾਡੀਜ਼ ਅਤੇ ਦਫ਼ਤਰਾਂ, ਰਾਜ ਸਰਕਾਰ ਦੇ ਸਾਰੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਹਰ ਤਰ੍ਹਾਂ ਦਾ ਪੱਤਰ ਵਿਹਾਰ ਪੰਜਾਬੀ ਵਿਚ ਹੋਵੇਗਾ।

ਇਨ੍ਹਾਂ ਜੋੜੀਆਂ ਗਈਆਂ ਧਾਰਾਵਾਂ ਅਨੁਸਾਰ ਉਨ੍ਹਾਂ ਅਦਾਲਤਾਂ ਦੀ ਕਾਰਵਾਈ ਪੰਜਾਬੀ ਵਿਚ ਹੋ ਸਕੇਗੀ ਤੇ ਇਹ ਸਾਰੀ ਕਾਰਵਾਈ ਆਮ ਬੰਦੇ ਦੀ ਸਮਝ ਵਿਚ ਆਉਣੀ ਸੰਭਵ ਹੋ ਸਕੇਗੀ। ਇਉਂ ਪੰਜਾਬੀ ਪੜ੍ਹੀ ਲਿਖੀ ਵਸੋਂ ਪੰਜਾਬੀ ਵਿਚ ਕਾਰਵਾਈ ਪੜ੍ਹਕੇ ਵਧੇਰੇ ਸੂਝਵਾਨ ਢੰਗ ਨਾਲ ਆਪਣਿਆਂ ਮੁਕੱਦਮਿਆਂ ਦੀ ਪੈਰਵੀ ਕਰ ਸਕੇਗੀ। ਧਿਆਨ ਇਹ ਰੱਖਣਾ ਪਵੇਗਾ ਕਿ ਅਦਾਲਤੀ ਪੰਜਾਬੀ ਭਾਸ਼ਾ ਵੀ ਫਾਰਸੀ ਲੱਦੀ ਜਾਂ ਸੰਸਕ੍ਰਿਤ ਲੱਦੀ ਨਾ ਹੋਵੇ, ਨਹੀਂ ਤਾਂ ਜਿਸ ਮੰਤਵ ਲਈ ਅਦਾਲਤਾਂ ਵਿਚ ਪੰਜਾਬੀ ਭਾਸ਼ਾ ਲਾਗੂ ਕੀਤੀ ਗਈ ਹੈ ਉਹ ਮੰਤਵ ਹੀ ਸਮਾਪਤ ਹੋ ਜਾਵੇਗਾ। ਦੂਸਰੀ ਜੋੜੀ ਗਈ ਧਾਰਾ ਵਿਚ ਇਕ ਕਮੀ ਵੀ ਦਿਖਾਈ ਦਿੰਦੀ ਹੈ। ਕੀ ਪੰਜਾਬੀ ਭਾਸ਼ਾ ਦੀ ਵਰਤੋਂ ਕੇਵਲ ਸਰਕਾਰੀ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਤੱਕ ਹੀ ਸੀਮਿਤ ਹੋਵੇਗੀ? ਕੀ ਇਸਦੀ ਵਰਤੋਂ ਪ੍ਰਾਈਵੇਟ, ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਨਹੀਂ ਹੋ ਸਕੇਗੀ? ਇਹ ਇਸ ਜੋੜੀ ਧਾਰਾ ਤੋਂ ਸਪੱਸ਼ਟ ਹੁੰਦਾ ਹੈ ਕਿ ਜੇ ਇਹ ਪ੍ਰਾਈਵੇਟ ਅਦਾਰਿਆਂ ਵਿਚ ਲਾਗੂ ਨਹੀਂ ਹੋਵੇਗੀ ਤਾਂ ਇਸਦਾ ਮੰਤਵ ਵੀ ਸੀਮਿਤ ਹੋ ਕੇ ਰਹਿ ਜਾਵੇਗਾ। ਖ਼ਾਸ ਤੌਰ 'ਤੇ ਜਿਨ੍ਹਾਂ ਸਕੂਲਾਂ, ਕਾਲਜਾਂ ਨੂੰ ਸਰਕਾਰ 95% ਸਹਾਇਤਾ ਪ੍ਰਦਾਨ ਕਰਦੀ ਹੈ, ਜੇ ਉਹ ਵੀ ਪੰਜਾਬੀ ਲਾਗੂ ਨਹੀਂ ਕਰਦੇ ਤਾਂ ਇਸ ਨਾਲੋਂ ਮਾੜੀ ਗੱਲ ਹੋਰ ਕੋਈ ਨਹੀਂ ਹੋਵੇਗੀ।

ਤਰਮੀਮ ਅਨੁਸਾਰ ਅੱਠ ਡੀ ਧਾਰਾ ਵਿਚ ਪੰਜਾਬ ਸਿਵਲ ਸਰਵੀਸਿਜ਼ ਰੂਲਜ਼ 1970 ਅਨੁਸਾਰ ਸਜ਼ਾ ਦੇਣ ਦਾ ਪ੍ਰਾਵਧਾਨ ਰੱਖਿਆ ਗਿਆ ਹੈ। ਇਸ ਅਨੁਸਾਰ ਜੇਕਰ ਕੋਈ ਅਫ਼ਸਰ ਲਗਾਤਾਰ ਭਾਸ਼ਾ ਐਕਟ ਦੀ ਉਲੰਘਣਾ ਕਰਦਾ ਹੈ ਤਾਂ ਉਸ ਨੂੰ ਹੀ ਸਜ਼ਾ ਦਿੱਤੀ ਜਾਵੇਗੀ। ਲਗਾਤਾਰ ਉਲੰਘਣਾ ਕਰਨ ਦਾ ਮਸਲਾ ਫੇਰ ਅਸਪੱਸ਼ਟ ਹੈ। ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਵਲੋਂ ਅਧਿਕਾਰੀ ਨੂੰ ਕੀਤੀਆਂ ਗਈਆਂ ਸਿਫਾਰਸ਼ਾਂ ਦੇ ਆਧਾਰ 'ਤੇ ਯੋਗ ਅਧਿਕਾਰੀ ਅਫ਼ਸਰ ਦੇ ਖਿਲਾਫ਼ ਕਾਰਵਾਈ ਕਰੇਗਾ। ਪਾਸ ਕੀਤੇ ਗਏ ਬਿਲ ਵਿਚ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਅਤੇ ਉਸਦਾ ਕੋਈ ਹੋਰ ਅਫ਼ਸਰ ਨੂੰ ਦਫ਼ਤਰਾਂ ਦਾ ਮੁਆਇਨਾ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ। ਕਿਸੇ ਵੀ ਅਫ਼ਸਰ ਨੇ ਉਪਰੋਕਤ ਅਧਿਕਾਰੀਆਂ ਸਾਹਮਣੇ ਮੰਗਿਆ ਗਿਆ ਰਿਕਾਰਡ ਪੇਸ਼ ਕਰਨਾ ਹੋਵੇਗਾ।

ਜੋੜੀ ਗਈ ਧਾਰਾ ਅੱਠ ਬੀ ਅਨੁਸਾਰ ਰਾਜ ਪੱਧਰ 'ਤੇ ਅਤੇ ਜ਼ਿਲਾ ਪੱਧਰ 'ਤੇ ਅਧਿਕਾਰਾਂ ਨਾਲ ਲੈਸ (ਐਮਪਾਵਰਡ) ਕਮੇਟੀਆਂ ਬਣਾਈਆਂ ਜਾਣਗੀਆਂ। ਜ਼ਿਲਾ ਪੱਧਰ ਦੀ ਕਮੇਟੀ ਦੀਆਂ ਹਰ ਦੋ ਮਹੀਨੇ ਬਾਅਦ ਕਰਵਾਈਆਂ ਜਾਣ ਵਾਲੀਆਂ ਮੀਟਿੰਗਾਂ ਵਿਚ ਕੀਤੀਆਂ ਗਈਆਂ ਸਿਫਾਰਸ਼ਾਂ ਰਾਜ ਪੱਧਰੀ ਕਮੇਟੀ ਨੂੰ ਭੇਜੀਆਂ ਜਾਣਗੀਆਂ। ਰਾਜ ਪੱਧਰੀ ਕਮੇਟੀ ਵਿਚ ਵਿੱਦਿਆ ਮੰਤਰੀ ਮੀਡੀਆ ਸਲਾਹਕਾਰ ਜਾਂ ਮੁੱਖ ਮੰਤਰੀ ਵਲੋਂ ਨਾਮਜ਼ਦ ਕੀਤਾ ਗਿਆ ਕੋਈ ਵਿਅਕਤੀ, ਲੀਗਲ ਰਿਮੈਂਬਰਰੈਂਸਰ (ਸਰਕਾਰੀ ਕਰਜ਼ੇ ਵਸੂਲਣ ਵਾਲਾ ਕਰਮਚਾਰੀ) ਅਤੇ ਪੰਜਾਬ ਰਾਜ ਦਾ ਸਕੱਤਰ, ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਦਾ ਪ੍ਰਧਾਨ, ਰਾਜ ਸਰਕਾਰ ਵਲੋਂ ਪੰਜਾਬੀ ਪ੍ਰੈਸ ਨਾਲ ਸੰਬੰਧਿਤ ਦੋ ਪ੍ਰਤੀਨਿਧ ਅਤੇ ਚਾਰ ਜਨਤਾ ਦੇ ਨੁਮਾਇੰਦੇ ਜੋ ਸਰਕਾਰ ਵਲੋਂ ਨਾਮਜ਼ਦ ਹੋਣਗੇ ਅਤੇ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਸ਼ਾਮਿਲ ਹੋਣਗੇ। ਰਾਜ ਪੱਧਰੀ ਕਮੇਟੀ ਨਾਲ ਸੰਬੰਧਿਤ ਬਿੱਲ ਦੀਆਂ ਧਾਰਾਵਾਂ ਨੂੰ ਲਾਗੂ ਕਰਵਾਉਣ ਦੇ ਨਿਰਣੇ ਯੋਗ ਸਮਝੇ ਜਾਂਦੇ ਫੈਸਲੇ ਅਤੇ ਜ਼ਿਲਾ ਪੱਧਰੀ ਕਮੇਟੀ ਨੂੰ ਐਕਟ ਲਾਗੂ ਕਰਵਾਉਣ ਲਈ ਨਿਰਦੇਸ਼ ਦੇਵੇਗੀ। ਇਸੇ ਤਰ੍ਹਾਂ ਜ਼ਿਲਾ ਪੱਧਰੀ ਕਮੇਟੀ ਵਿਚ ਪ੍ਰਧਾਨਗੀ ਸੰਬੰਧਿਤ ਜ਼ਿਲੇ ਦਾ ਕੋਈ ਮੰਤਰੀ ਜਾਂ ਵਿਧਾਇਕ ਕਰੇਗਾ ਜਿਸਦੀ ਨਾਮਜ਼ਦਗੀ ਮੁੱਖ ਮੰਤਰੀ ਕੋਲ ਹੋਵੇਗੀ। ਇਸ ਤੋਂ ਇਲਾਵਾ ਇਸ ਕਮੇਟੀ ਦੇ ਹੋਰ ਹੋਣਗੇ :- ਡਿਪਟੀ ਕਮਿਸ਼ਨਰ, ਜ਼ਿਲਾ ਸਿੱਖਿਆ ਅਫ਼ਸਰ, ਸਹਿਤਕਾਰਾਂ ਦਾ ਇਕ ਨੁਮਾਇੰਦਾ (ਜਿਸ ਨੂੰ ਰਾਜ ਸਰਕਾਰ ਨਾਮਜ਼ਦ ਕਰੇਗੀ), ਰਾਜ ਸਰਕਾਰ ਵਲੋਂ ਨਾਮਜ਼ਦ ਇਕ ਪੰਜਾਬੀ ਪ੍ਰੈਸ ਨਾਲ ਜੁੜਿਆ ਹੋਇਆ ਪ੍ਰਤੀਨਿਧ, ਜ਼ਿਲਾ ਪਬਲਿਕ ਰਿਲੇਸ਼ਨ ਅਫ਼ਸਰ, ਸਰਕਾਰ ਵਲੋਂ ਨਾਮਜ਼ਦ ਕੀਤੇ ਗਏ ਲੋਕਾਂ ਦੇ ਦੋ ਪ੍ਰਤੀਨਿਧੀ, ਜ਼ਿਲਾ ਅਟਾਰਨੀ ਅਤੇ ਜ਼ਿਲਾ ਭਾਸ਼ਾ ਅਫ਼ਸਰ।

ਉਪਰੋਕਤ ਕਮੇਟੀਆਂ ਦੀ ਵਿਸ਼ੇਸ਼ਤਾ ਜਾਂ ਸੀਮਾ ਇਹ ਹੈ ਕਿ ਇਨ੍ਹਾਂ ਦੇ ਸਾਰੇ ਦੇ ਸਾਰੇ ਮੈਂਬਰ ਜਾਂ ਤਾਂ ਸਰਕਾਰੀ ਅਫ਼ਸਰ ਹਨ ਜਾਂ ਸਰਕਾਰ ਵਲੋਂ ਨਾਮਜ਼ਦ ਕੀਤੇ ਪ੍ਰਤੀਨਿਧ। ਸਾਹਿਤਕਾਰਾਂ ਵਲੋਂ ਚੁਣੇ ਗਏ ਪ੍ਰਤੀਨਿਧਾਂ ਵਿਚੋਂ ਕੇਵਲ ਇਕ ਸਾਹਿਤ ਅਕੈਡਮੀ ਦਾ



ਪ੍ਰਧਾਨ ਹੀ ਇਸਦਾ ਮੈਂਬਰ ਹੋਵੇਗਾ। ਜ਼ਿਲਾ ਪੱਧਰ ਤੇ ਸਾਹਿਤਕਾਰਾਂ ਦਾ ਪ੍ਰਤੀਨਿਧ ਵੀ ਸਰਕਾਰ ਵਲੋਂ ਹੀ ਨਾਮਜ਼ਦ ਕੀਤਾ ਜਾਵੇਗਾ।

ਉਪਰੋਕਤ ਬਿੱਲ ਦੀਆਂ ਧਾਰਾਵਾਂ ਅਤੇ ਉਸ ਉਪਰ ਸਾਡੀਆਂ ਟਿੱਪਣੀਆਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਆਪਣੇ ਆਪ ਵਿਚ ਇਸ ਵਿਚ ਦੋ ਵੱਡੇ ਕਦਮ ਚੁੱਕੇ ਗਏ ਹਨ ਪ੍ਰੰਤੂ ਇਸਦੀਆਂ ਚੋਰ ਮੋਰੀਆਂ ਵੀ ਹਨ। ਇਨ੍ਹਾਂ ਮੋਰੀਆਂ ਨੂੰ ਬੰਦ ਕਰਾਉਣ ਲਈ ਨਵੇਂ ਸਿਰੇ ਤੋਂ ਪੰਜਾਬੀ ਅਦਾਰਿਆਂ ਨੂੰ ਲਾਮਬੰਦ ਹੋ ਕੇ ਸੰਘਰਸ਼ ਕਰਨਾ ਪਵੇਗਾ। ਇਹ ਸਥਿਤੀ ਹੈ ਪੰਜਾਬੀ ਰਾਜ ਪੰਜਾਬ ਦੀ। ਜਾਗਦੇ ਰਹਿਣਾ ਬਈ .......

## 2. ਮੁੜ-ਮੁੜ ਉਹੀ ਵਰਤਾਰਾ

ਕੇਂਦਰੀ ਪੰਜਾਬੀ ਲੇਖਕ ਸਭਾ ਪੰਜਾਬੀ ਲੇਖਕਾਂ, ਵਿਦਵਾਨਾਂ, ਬੁੱਧੀਮਾਨਾਂ ਅਤੇ ਰਾਜਸੀ ਨੇਤਾਵਾਂ ਦੀ ਸਾਂਝੀ ਸੋਚ ਦਾ ਸਿੱਟਾ ਸੀ ਜਿਸਦਾ ਇਕੋ-ਇਕ ਮਨੋਰਥ ਸਾਰੇ ਵਿਤਕਰਿਆਂ ਤੋਂ ਰਹਿਤ ਕੇਵਲ ਪੰਜਾਬੀ ਬੋਲੀ ਤੇ ਪੰਜਾਬੀ ਸਾਹਿਤ ਦਾ ਵਿਕਾਸ ਕਰਨਾ ਸੀ ਅਤੇ ਸਾਰੇ ਵਿਚਾਰਾਂ ਦੇ ਲੇਖਕਾਂ ਨੂੰ ਇਕ ਜਥੇਬੰਦੀ ਵਿਚ ਪਰੋਣਾ ਵੀ ਸੀ। ਕੇਂਦਰੀ ਲੇਖਕ ਸਭਾ ਦੀ ਜਥੇਬੰਦੀ ਆਪਣੇ ਸਮੇਂ ਦੀ ਇਤਿਹਾਸਕ ਘਟਨਾ ਸੀ। ਉਸ ਸਮੇਂ ਪੰਜਾਬੀ ਬੋਲੀ ਦੇ ਦੋਖੀਆਂ ਨੇ ਇਸ 'ਤੇ ਵੱਖ-ਵੱਖਰੇ ਦੂਸ਼ਣ ਲਾ ਕੇ ਇਸਨੂੰ ਜੰਮਦੀ ਨੂੰ ਹੀ ਮਾਰਨ ਦੇ ਕੋਝੇ ਯਤਨ ਕੀਤੇ ਸਨ। ਸਭ ਤੋਂ ਵੱਡਾ ਦੋਸ਼ ਇਹ ਲਾਇਆ ਸੀ ਕਿ ਪੰਜਾਬੀ ਲੇਖਕਾਂ ਦੀ ਸਾਂਝੀ ਜਥੇਬੰਦੀ ਹੋਣ ਦੀ ਥਾਂ ਕੇਵਲ ਕਮਿਊਨਿਸਟਾਂ ਦੀ ਜਥੇਬੰਦੀ ਹੈ। ਪ੍ਰੰਤੂ ਉਸ ਸਮੇਂ ਪੰਜਾਬੀ ਦੇ ਰਖਵਾਲੇ ਤੇ ਇਹਨੂੰ ਪਿਆਰ ਕਰਨ ਵਾਲੇ ਧਨੰਤਰ ਹਾਲੇ ਜਿਉਂਦੇ ਸਨ। ਪੰਜਾਬੀ ਦੇ ਸਿਰਮੌਰ ਲੇਖਕ ਗਿਆਨੀ ਗੁਰਮੁਖ ਸਿੰਘ ਮੁਸਾਫਰ ਜਿਹੜਾ ਉਸ ਸਮੇਂ ਸਭ ਤੋਂ ਉੱਚੇ ਕੱਦ ਵਾਲਾ ਕਾਂਗਰਸੀ ਆਗੂ ਸੀ, ਨੇ ਪੰਜਾਬੀ ਦੋਖੀਆਂ ਨੂੰ ਮੂੰਹ ਤੋੜ ਉੱਤਰ ਦਿੱਤਾ ਤੇ ਕਿਹਾ ਕਿ ਇਹ ਕਮਿਊਨਿਸਟਾਂ ਦੀ ਜਥੇਬੰਦੀ ਨਹੀਂ, ਪੰਜਾਬੀਆਂ ਦੀ ਜਥੇਬੰਦੀ ਸੀ। ਉਹਦੀ ਗਰਜਵੀਂ ਆਵਾਜ਼ ਅੱਗੇ ਪੰਜਾਬੀ ਦੋਖੀਆਂ ਦੀ ਆਵਾਜ਼ ਦੱਬ ਕੇ ਰਹਿ ਗਈ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਪੰਜਾਬੀ ਬੋਲੀ ਲਈ ਢੇਰ ਪ੍ਰਾਪਤੀਆਂ ਕਰਦੀ ਅੱਗੇ ਵੱਧਦੀ ਗਈ। ਉਸ ਸਮੇਂ ਦੇ ਸਾਰੇ ਉੱਘੇ ਪੰਜਾਬੀ ਵਿਦਵਾਨ ਕੇਂਦਰੀ ਲੇਖਕ ਸਭਾ ਦੇ ਨਾਲ ਸਨ ਅਤੇ ਸਮੇਂ-ਸਮੇਂ ਇਸਦੇ ਉੱਚੇ ਅਹੁਦਿਆਂ ਨੂੰ ਆਪਣੀ ਮੌਜੂਦਗੀ ਨਾਲ ਸ਼ਿੰਗਾਰਦੇ ਰਹੇ। ਪੰਜਾਬੀ ਲੇਖਕਾਂ ਦੀ ਇਸ ਜਥੇਬੰਦੀ ਨੇ ਕਮਿਊਨਿਸਟਾਂ ਦੀ ਸੁਹਿਰਦਤਾ ਤੇ ਉਹਨਾਂ ਦੀ ਜਥੇਬੰਦਕ ਸਮਰੱਥਾ ਨੂੰ ਭਲੀਭਾਂਤ ਸਮਝਿਆ ਤੇ ਉਹਨਾਂ ਨੂੰ ਢੁੱਕਵੀਆਂ ਜ਼ਿੰਮੇਵਾਰੀਆਂ ਦਿੱਤੀਆਂ। ਕਮਿਊਨਿਸਟਾਂ ਨੇ ਵੀ ਆਪਣੇ ਸਿਰ ਪਈ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਨਾਲ ਨਿਭਾਇਆ ਤੇ ਆਪਣੇ ਵਿਚ ਕੀਤੇ ਵਿਸ਼ਵਾ ਨੂੰ ਸੱਚ ਕਰ ਵਿਖਾਇਆ। ਇਹੋ ਕਾਰਨ ਸੀ ਕਿ ਕਮਿਊਨਿਸਟ ਸਦਾ ਹੀ ਇਸਦੇ ਅਹਿਮ ਅਹੁਦਿਆਂ 'ਤੇ ਰਹੇ। ਮਿਸਾਲ ਵਜੋਂ ਗਿਆਨੀ ਹੀਰਾ ਸਿੰਘ ਦਰਦ, ਤੇਗ ਸਿੰਘ ਚੰਨ, ਗੁਰਚਰਨ ਸਿੰਘ ਸਹਿੰਸਰਾ, ਡਾ. ਰਘਵੀਰ ਸਿੰਘ, ਜਗੀਰ ਸਿੰਘ ਜਗਤਾਰ, ਡਾ. ਰਵਿੰਦਰ ਰਵੀ ਆਦਿ

ਇਸਦੇ ਜਨਰਲ ਸਕੱਤਰ ਬਣਦੇ ਰਹੇ ਤੇ ਸਮੇਂ ਨਾਲ ਆ ਗਈ ਖੜੋਤ ਨੂੰ ਤੋੜ ਕੇ ਕੇਂਦਰੀ ਲੇਖਕ ਸਭਾ ਨੂੰ ਸੁਰਜੀਤ ਕਰਦੇ ਰਹੇ। ਇਸਦੇ ਨਾਲ ਹੀ ਗੈਰ ਕਮਿਊਨਿਸਟ ਗਿਆਨੀ ਗੁਰਮੁਖ ਸਿੰਘ ਮੁਸਾਫਰ, ਸਾਧੂ ਸਿੰਘ ਹਮਦਰਦ, ਕੁਲਵੰਤ ਸਿੰਘ ਵਿਰਕ, ਮੋਹਨ ਸਿੰਘ ਆਦਿ ਇਸਦੇ ਅਹੁਦਿਆਂ 'ਤੇ ਰਹੇ। ਇਸ ਤਰ੍ਹਾਂ ਜਦੋਂ ਕਦੇ ਵੀ ਕੇਂਦਰੀ ਲੇਖਕ ਸਭਾ ਦੀਆਂ ਸਰਗਰਮੀਆਂ ਵਿਚ ਖੜੋਤ ਆਈ ਤਾਂ ਸਾਰਿਆਂ ਨੇ ਇਕ ਸੁਰ ਹੋ ਕੇ ਕਿਸੇ ਸੁਲਝੇ ਹੋਏ ਕਮਿਊਨਿਸਟ ਨੂੰ ਇਸਨੂੰ ਸਰਗਰਮ ਕਰਨ ਲਈ ਜ਼ਿੰਮੇਵਾਰੀ ਸੌਂਪੀ। ਹੌਲੀ-ਹੌਲੀ ਇਸਦੀ ਮੁੱਢਲੀ ਭਾਵਨਾ ਵਿਚ ਘਾਟ ਆਉਂਦੀ ਗਈ। ਉੱਚੇ ਕੱਦ ਵਾਲੇ ਸੁਹਿਰਦ ਵਿਅਕਤੀਆਂ ਦੀ ਥਾਂ ਬੌਣੇ ਤੇ ਮੱਧਵਰਗੀ ਮੌਕਾਪ੍ਰਸਤ ਇਸ ਵਿਚ ਆਉਂਦੇ ਰਹੇ, ਜਿਨਾਂ ਨੇ ਇਸ ਸੰਸਥਾ ਨੂੰ ਪੰਜਾਬੀ ਬੋਲੀ ਤੇ ਸਾਹਿਤ ਨੂੰ ਤਕੜਾ ਕਰਨ ਵਾਲੀ ਸੰਸਥਾ ਦੀ ਥਾਂ ਸਰਕਾਰੇ-ਦਰਬਾਰੇ ਸਲਾਮ ਕਰਕੇ ਨਿਰੋਲ ਆਪਣੇ ਨਿਜੀ ਹਿੱਤਾਂ ਲਈ ਵਰਤਿਆ। ਇੱਕ ਸਮਾਂ ਉਹ ਵੀ ਆ ਗਿਆ ਕਿ ਇਸਦੇ ਅਹੁੱਦਿਆਂ 'ਤੇ ਕਬਜ਼ਾ ਕਰਨ ਲਈ ਪੰਜਾਬੀ ਲੇਖਕਾਂ ਅਤੇ ਪਾਠਕਾਂ ਨੂੰ ਇਕੱਠੇ ਕਰਨ ਦੀ ਥਾਂ ਅਨਪੜ੍ਹ ਵੀ ਉਸ ਉਪਰ ਕਬਜ਼ੇ ਲਈ ਵਰਤਣੇ ਆਰੰਭ ਕਰ ਦਿੱਤੇ। ਪ੍ਰੰਤੂ ਪੰਜਾਬੀ ਪਾਠਕ ਤੇ ਲੇਖਕ ਉਸ ਸਮੇਂ ਚੇਤਨ ਸਨ, ਉਹਨਾਂ ਨੇ ਇਸ ਕੋਝੀ ਸਾਜਿਸ਼ ਦਾ ਮੂੰਹ ਤੋੜਵਾਂ ਉੱਤਰ ਦਿੱਤਾ। ਇਹ ਸਾਰਾ ਕੁਝ ਕਹਿਣ ਦਾ ਇਹ ਅਰਥ ਹੈ ਕਿ ਕੇਂਦਰੀ ਲੇਖਕ ਸਭਾ ਨੂੰ ਸਹੀ ਅਰਥਾਂ ਵਿਚ ਪੰਜਾਬੀ ਲੇਖਕਾਂ ਦੀ ਸਭਾ ਬਣਾਉਣ ਲਈ ਬੜਾ ਲੰਮਾ-ਚੌੜਾ ਸੰਘਰਸ਼ ਚੱਲਦਾ ਰਿਹਾ ਹੈ। ਪਿਛਲੇ ਕੁਝ ਸਾਲਾਂ ਤੋਂ ਖੱਬੀਆਂ ਧਿਰਾਂ ਨੂੰ ਕੱਠੀਆਂ ਕਰਕੇ ਕੰਮ ਕਰਨ ਲਈ ਇਕ ਸੁਹਿਰਦ ਟੀਮ ਬਣਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਇਸਦੇ ਸਿੱਟੇ ਚੰਗੇ ਨਿਕਲ ਰਹੇ ਹਨ। ਬੇਸ਼ੱਕ ਲੋੜੀਂਦੇ ਸਿੱਟੇ ਨਹੀਂ ਕੱਢੇ ਜਾ ਸਕੇ। ਪਰ ਇਕ ਗੱਲ ਪ੍ਰਤੱਖ ਸੀ ਕਿ ਇਸ ਜਥੇਬੰਦੀ ਨੂੰ ਮੱਧਵਰਗੀ ਮੌਕਾਪ੍ਰਸਤਾਂ, ਤਿਗੜਮਬਾਜ਼ਾਂ ਅਤੇ ਸਾਹਿਤਕ ਬੰਦਿਆਂ ਨੂੰ ਇਸ ਤੋਂ ਦੂਰ ਰੱਖਿਆ ਗਿਆ। ਪਿਛਲੀ ਟੀਮ ਵੀ ਇਸੇ ਸੋਚ ਅਨੁਸਾਰ ਬਣਾਈ ਗਈ ਸੀ। ਬਿਨਾਂ ਕਿਸੇ ਗੁੱਟਬੰਦੀ ਤੇ ਧੜੇਬੰਦੀ ਤੋਂ ਬਿਨਾਂ ਕੇਵਲ ਸੁਹਿਰਦਤਾ ਦੇ ਆਧਾਰ 'ਤੇ ਅਹੁੱਦੇਦਾਰੀਆਂ ਦਿੱਤੀਆਂ ਗਈਆਂ ਸਨ ਅਤੇ ਸਮਝਿਆ ਇਹ ਗਿਆ ਸੀ ਕਿ ਇਹ ਅਹੁੱਦੇਦਾਰ ਸਮੁੱਚੀ ਖੱਬੀ ਧਿਰ ਦੇ ਪ੍ਰਤੀਨਿਧ ਬਣਕੇ ਸੁਹਿਰਦਤਾ ਨਾਲ ਕੰਮ ਕਰਨਗੇ ਤੇ ਕੇਂਦਰੀ ਲੇਖਕ ਸਭਾ ਦੇ ਮੁੱਢ ਸਮੇਂ ਲਾਇਆ ਇਲਜ਼ਾਮ ਧੋ ਦੇਣਗੇ। ਪ੍ਰੰਤੂ ਹੁਣ ਸਮਾਂ ਬਦਲ ਗਿਆ ਸੀ। ਕੇਂਦਰੀ ਲੇਖਕ ਸਭਾ ਦੀ ਨਵੀਂ ਟੀਮ ਵਲੋਂ ਕਾਨਫਰੰਸ ਦੇ ਨਾਂਅ 'ਤੇ ਬਠਿੰਡਾ ਵਿਖੇ ਕੀਤੀ ਗਈ ਨੌਟੰਕੀ ਨੇ ਇਹ ਸਾਬਤ ਕਰ ਦਿੱਤਾ ਕਿ ਅਜੋਕੇ ਖੱਬੇ ਅਖਵਾਉਣ ਵਾਲੇ ਲੋਕ ਮੁੱਢਲੇ ਕਮਿਊਨਿਸਟਾਂ ਵਾਂਗ ਸੁਹਿਰਦ ਨਹੀਂ ਹਨ। ਸਾਨੂੰ ਕੋਈ ਅਫ਼ਸੋਸ ਨਾ ਹੁੰਦਾ ਜੇਕਰ ਕੇਂਦਰੀ ਲੇਖਕ ਸਭਾ ਦੇ ਅਹੁਦਦਾਰ ਇਸ ਕਾਨਫਰੰਸ ਨੂੰ ਆਪਣੀ ਪਾਰਟੀ ਦੇ ਰਾਜਸੀ ਮੰਤਵਾਂ ਲਈ ਵਰਤ ਲੈਂਦੇ। ਗੱਲ ਤਾਂ ਇਹ ਵੀ ਠੀਕ ਨਹੀਂ ਸੀ ਪ੍ਰੰਤੂ ਕੁਝ ਹੱਦ ਤੱਕ ਔਖੇ-ਸੌਖੇ ਪਚਾ ਲੈਂਦੇ ਪਰ ਇਸ ਕਾਨਫਰੰਸ ਵਿਚ ਜੋ ਕੋ ਕੁਝ ਕੀਤਾ ਗਿਆ ਉਹ ਖੱਬੀ ਧਿਰ ਦੀ ਥਾਂ ਕੇਵਲ ਭਾਰਤੀ



ਕਮਿਊਨਿਸਟ ਪਾਰਟੀ ਦੇ ਇਕ ਛੋਟੇ ਜਿਹੇ ਗੁੱਟ ਨਾਲ ਕੀਤਾ ਗਿਆ ਹੈ। ਕੇਂਦਰੀ ਲੇਖਕ ਸਭਾ ਦੇ ਮੁੱਖ ਅਹੁਦੇਦਾਰ ਇਸ ਭੁਲੇਖੇ ਵਿਚ ਹਨ ਕਿ ਉਹ ਆਪਣੇ ਧੜੇ ਦੇ ਕੁਝ ਵਿਅਕਤੀਆਂ ਨੂੰ 'ਮਹਾਨ ਸਾਹਿਤਕਾਰ' ਵਜੋਂ ਉਛਾਲ ਲੈਣਗੇ ਤੇ ਕੁਝ ਅਜਿਹੇ ਬੰਦੇ ਜਿਨ੍ਹਾਂ ਦਾ ਕੱਦ ਨਾ ਰਾਜਨੀਤੀ ਤੇ ਨਾ ਸਾਹਿਤ ਵਿਚ ਕਿਤੇ ਰੜਕਣ ਵਾਲਾ ਸੀ ਉਨ੍ਹਾਂ ਨੂੰ ਮਹਾਂ ਵਾਲੰਟੀਅਰ ਬਣਾ ਦੇਣਗੇ ਪ੍ਰੰਤੂ ਉਹ ਇਹ ਸਾਰਾ ਕੁਝ ਕਰਨ ਵਿਚ ਬੁਰੀ ਤਰ੍ਹਾਂ ਨਾਕਾਮ ਹੋਏ ਹਨ। ਇਸਦੇ ਅਰਥ ਇਹ ਹਨ ਕਿ ਕਈ ਵਾਰ ਰੱਦ ਕੀਤੇ ਜਾ ਚੁੱਕੇ ਵਿਵਹਾਰ ਨੂੰ ਮੁੜ ਦੁਹਰਾਇਆ ਗਿਆ ਹੈ। ਪੰਜਾਬੀ ਲੇਖਕਾਂ ਦੀ ਜਥੇਬੰਦੀ ਹੋਣ ਦੀ ਥਾਂ ਇਹ ਖੱਬੀ ਧਿਰ ਦੇ ਲੇਖਕਾਂ ਦੀ ਜਥੇਬੰਦੀ ਵੀ ਨਹੀਂ ਰਹੀ। ਅਸੀਂ ਇਹ ਸਮਝਦੇ ਹਾਂ ਕਿ ਅਸੀਂ ਉਹਨਾਂ ਲੋਕਾਂ ਵਿਚੋਂ ਹਾਂ ਜਿਹੜੇ ਕੇਂਦਰੀ ਸਭਾ ਦੀ ਕਾਇਮੀ ਵੇਲੇ ਦੀ ਭਾਵਨਾ ਨਾਲ ਜੁੜੇ ਹੋਏ ਹਨ। ਇਸ ਕਾਨਫਰੰਸ ਦੀ ਕਾਰਗੁਜ਼ਾਰੀ ਦੀ ਰੌਸ਼ਨੀ ਵਿਚ ਅਸੀਂ ਵੀ ਆਪਣੀ ਕਾਰਗੁਜ਼ਾਰੀ ਨੂੰ ਮੁੜ ਵਿਚਾਰਾਂਗੇ। •

– ਸੰਪਾਦਕੀ ਮੰਡਲ

ਉੱਘੇ ਮਾਰਕਸਵਾਦੀ ਲੇਖਕ
**ਸੁਰਜੀਤ ਗਿੱਲ**
ਦੀ ਨਵੀਂ ਪੁਸਤਕ
**ਮਾਰਕਸਵਾਦ ਤੇ ਪੰਜਾਬੀ ਨਾਵਲ**
ਸਫ਼ੇ 182, ਮੁੱਲ 240/-
**ਚੇਤਨਾ ਪ੍ਰਕਾਸ਼ਨ**
ਪੰਜਾਬੀ ਭਵਨ ਲੁਧਿਆਣਾ

ਵਿਸ਼ਵ ਕਵਿਤਾ ਦੀ ਲੜੀ ਵਿਚ
**ਹਰਭਜਨ ਸਿੰਘ ਹੁੰਦਲ**
ਦੀ ਨਵੀਂ ਕਾਵਿ ਪੁਸਤਕ
**ਵਿਸ਼ਵ ਕਵੀ ਬ੍ਰੈਖ਼ਤ ਤੇ ਲੋਰਕਾ**
ਸਫ਼ੇ 136, ਮੁੱਲ 175/-
**ਮਨਪ੍ਰੀਤ ਪ੍ਰਕਾਸ਼ਨ**
16/16, ਗੀਤਾ ਕਾਲੋਨੀ, ਦਿਲੀ

# ਕਵਿਤਾ ਪਾਲਤੂ ਨਹੀਂ ਹੁੰਦੀ

– ਯੋਧ ਸਿੰਘ

ਕਵਿਤਾ ਪਾਲਤੂ ਨਹੀਂ ਹੁੰਦੀ
ਜੇ ਪਾਲਤੂ ਹੁੰਦੀ ਤਾਂ
ਦੁਰਯੋਧਨ ਦੇ ਮਹਿਲੀਂ
ਕਿਸੇ ਸਤੂਨ ਨਾਲ
ਬੱਝੀ ਰਹਿੰਦੀ।
ਤੇ ਉਹਨਾਂ ਦੇ
ਕਾਲੇ ਕਾਰਨਾਮੇ
ਕੱਜਦੀ ਰਹਿੰਦੀ
ਕਦੇ ਨਾ ਥੱਕਦੀ

ਕਵਿਤਾ!
ਸਦਾ ਕਰਮ ਲਈ ਹੁੰਦੀ
ਕਰਮ 'ਚੋਂ ਜੰਮਦੀ
ਤੇ ਜਦੋਂ ਵੀ ਕਰਮ
ਤੀਖਣ ਹੋ ਜਾਂਦਾ
ਭੀਸ਼ਣ ਹੋ ਜਾਂਦਾ
ਤਾਂ ਕਵਿਤਾ
ਯੁੱਧਾਂ ਦਾ ਸੱਦਾ
ਬਣ ਜਾਂਦੀ
ਵਾਂਗ ਬਰਛੀਆਂ
ਹੈ ਤਣ ਜਾਂਦੀ

ਜੇ ਕਵਿਤਾ ਪਾਲਤੂ ਹੁੰਦੀ
ਤਾਂ ਹਰ ਹਿਟਲਰ ਦੀ
ਬਾਂਦੀ ਬਣ ਰਹਿੰਦੀ
ਨਿਸੱਲ ਜਿਹੀ ਹੋਈ
ਕਿਸੇ ਦੀ ਬੁੱਕਲ ਵਿਚ
ਵਸਲ ਬਣੀ
ਪਈ ਰਹਿੰਦੀ

ਕਵਿਤਾ!
ਤਾਂ ਹਮੇਸ਼ਾ ਹੀ
ਜਾਬਰ ਸਥਾਪਤੀ
ਅੰਦਰ ਹਰਕਤ
ਦਾ ਨਾਮ ਹੈ ਬਣਦੀ
ਜਾਮ ਜਮੂਦ
ਤੋੜ ਘੱਤਦੀ
ਹਮੇਸ਼ਾ ਤਰਕ ਦਾ
ਭਲੇ ਬੁਰੇ ਦੇ
ਅੰਦਰ ਫ਼ਰਕ ਦਾ
ਪੈਗਾਮ ਬਣਦੀ
ਜਿਵੇਂ ਦੋਵੇਂ ਹੀ
ਪਾਸਿਆਂ ਤੋਂ
ਖਿੱਚੀ ਹੋਈ ਤਾਰ
ਦੇ ਤਣਾਅ ਨੂੰ
ਥੋੜ੍ਹਾ ਜਿਹਾ ਵੀ
ਛੇੜਨ ਤੇ ਹੀ
ਜਨਮ ਹੈ ਲੈਂਦੀ
ਧੁੰਨ ਸੰਗੀਤ ਦੀ
ਪਲਮ ਹੈ ਪੈਂਦੀ
ਵਿਚ ਸੁਰਾਂ ਦੇ
ਜਿਵੇਂ ਟੱਕਰਾਂ ਚੋਂ
ਟਕਰਾਉਂਦੇ ਹੋਏ
ਪੱਥਰਾਂ ਚੋਂ
ਲੋਅ ਫੁੱਟ ਪੈਂਦੀ
ਚਿਣਗਾਂ ਬਣ ਕੇ
ਇਵੇਂ ਹੀ ਕਵਿਤਾ
ਰੋਹ ਬਣ ਕੇ
ਜੁੱਟ ਪੈਂਦੀ
ਟੁੱਟ ਪੈਂਦੀ
ਚਾਨਣ ਫੈਲਾਉਣ ਲਈ
ਕਵਿਤਾ!
ਜੇ ਚਾਨਣ ਨਾ ਕਰਦੀ
ਤਾਂ ਕਾਲਖ ਦੀ ਹੀ
ਧਿਰ ਹੈ ਬਣਦੀ
ਹਰਕਤ ਦੀ ਥਾਂ
ਥਿਰ ਹੈ ਬਣਦੀ
ਕਵਿਤਾ!
ਐਸ਼ਪ੍ਰਸਤੀ ਦਾ
ਕੋਈ ਸਾਮਾਨ ਨਹੀਂ
ਨਾ ਹੀ ਕਿਸੇ ਦੀ
ਰਖੇਲ ਹੈ ਬਣਦੀ
ਇਹ ਤਾਂ ਬੁੱਕਦੀ
ਕਾਲਖ ਤੇ ਥੁੱਕਦੀ
ਜ਼ਿੰਦਗੀ ਦੇ ਦੋਖੀ
ਲਾਣੇ ਤੇ ਲਾਅਣਤ
ਸੁੱਟਦੀ ਹੋਈ
ਪਾਲਤੂ ਹੋਣੋ ਹੈ
ਆਕੀ ਹੁੰਦੀ
ਆਪਣੇ ਸਮੇਂ ਦਾ
ਪ੍ਰਸੰਗ ਬਣਦੀ
ਪ੍ਰਸੰਗ ਤੋਂ ਟੁੱਟ ਕੇ
ਅਰਥਹੀਣ ਤੇ
ਬੇਲੋੜੀ ਜਿਹੀ
ਨਹੀਂ ਕਦੇ ਵੀ
ਫਾਲਤੂ ਬਣਦੀ
ਸਮਾਂ ਗੁਜ਼ਰਨ ਤੇ
ਡੰਗ ਟਪਾਉਣ ਲਈ



ਵੇਸਵਾਗਿਰੀ ਦੀ
ਖੇਡ ਨਹੀਂ ਹੈ
ਕਵਿਤਾ!
ਜ਼ਿੰਦਗੀ ਨਾਲ
ਵਫ਼ਾ ਪਾਲਦੀ
ਸਦਾ ਗੁਰੀਲਾ
ਸੈਨਾਵਾਂ ਦੀਆਂ
ਲੁੱਕਣ ਟਿਕਾਣੇ ਤੇ
ਛਾਉਣੀਆਂ ਅੰਦਰ
ਯੁੱਧਾਂ ਦੀ ਤਿਆਰੀ
ਵਿਚ ਹੁੰਦੀ ਰਹਿੰਦੀ
ਇਕ ਪਰੇਡ ਜਿਹੀ ਹੈ
ਜ਼ਿੰਦਗੀ ਲਈ ਹੈ
ਸਫਾ ਵੀ ਬਣਦੀ
ਸੰਗਰਾਮ ਵੀ ਬਣਦੀ
ਇਕ ਮਰੀਅਮ ਜਿਹੀ
ਮਾਂ ਵੀ ਬਣਦੀ
ਕਦੇ ਈਸਾ, ਬੁੱਧ
ਮੁਹੰਮਦ ਤੇ ਨਾਨਕ ਨੂੰ
ਮਸਤਕ ਉੱਪਰ
ਹੈ ਧਰ ਲੈਂਦੀ
"....ਪ੍ਰੇਮ ਖੇਲਨ
ਕਾ ਚਾਓ" ਦਾ
ਵਰ ਹੈ ਲੈਂਦੀ
"ਮੁੱਖ ਤੇ ਰਾਮ
ਚਿੱਤ ਮਹਿ
ਯੁੱਧ ਵਿਚਾਰੇ"
ਨੂੰ ਆਪਣਾ
ਵਾਕ ਕਰ ਲੈਂਦੀ
ਕਵਿਤਾ ਚੜ੍ਹਦੀ
ਸੂਲੀਆਂ ਉੱਪਰ
ਕਵਿਤਾ ਕਰਬਲਾ
ਦੀ ਜੰਗ ਵਿਚ
ਜਾਬਰ ਨੂੰ ਦਿੱਤਾ
ਹੋਇਆ ਉੱਤਰ
ਕਵਿਤਾ!
ਸਰਹੰਦ ਵਿਚ
ਚਿਣੇ ਗਏ ਪੁੱਤਰ
ਹੀਰੋਸ਼ੀਮਾ ਤੇ
ਨਾਗਾਸਾਕੀ ਦੇ
ਮਹਾਂ ਘੜਿਆਲ
ਦੀ ਗੂੰਜ ਹੈ
ਕਵਿਤਾ!
ਜਲਿਆਂਵਾਲੇ
ਬਾਗ ਵਿਚ
ਡੁੱਲ੍ਹੇ ਹੋਏ
ਖ਼ੂਨ ਦੀ ਲਾਲੀ
ਵਾਹਘੇ ਦੀ ਸਰਹੱਦ ਤੇ
ਮੋਮਬੱਤੀਆਂ ਦੀ
ਉਹੀ ਦੀਵਾਲੀ
ਜੋ ਲੋਕਾਂ ਦੀਆਂ
ਅਜ਼ਲੀ ਸਾਂਝਾ,
ਲਈ ਬਣੀ ਰਹੇ
ਹਮੇਸ਼ ਸਵਾਲੀ
ਕਵਿਤਾ!
ਕਿਰਤਾਂ ਦੀ ਭਿਆਲੀ
ਤੇ ਕਿਰਤਾਂ ਦੇ
ਮੁੱਲ ਦੀ ਹੁੰਦੀ
ਹਥਿਆਰਬੰਦ
ਰਖਵਾਲੀ
ਕਵਿਤਾ!
ਠੰਡ ਵਰਤਾਉਂਦੀ
ਤੇ ਨਿੱਘ ਵੀ ਦਿੰਦੀ
ਸਮਾਂ ਆਉਣ ਤੇ
ਆਪਣੇ ਸੁਨਹਿਰੀ
ਸ਼ਬਦਾਂ ਦੇ
ਭਾਰ ਦੇ ਹੇਠਾਂ
ਆਦਮਖੋਰੀ ਨੂੰ
ਮਿੱਧ ਹੈ ਦਿੰਦੀ
ਪਰ ਨਾ ਇਹ
ਪਾਲਤੂ ਹੁੰਦੀ
ਨਾ ਹੀ ਕਦੇ
ਫਾਲਤੂ ਹੁੰਦੀ

ਕਵਿਤਾ!
ਕਵਿਤਾ ਨਿਰਾ ਹੀ
ਨਾਅਰਾ ਨਹੀਂ
ਯੁੱਧਾਂ ਲਈ
ਨਾਅਰੇ ਹੋਣ ਦਾ
ਵੱਲ ਸਿਖਾਉਂਦੀ
ਕਵਿਤਾ!
ਜ਼ਬਰ ਵਿਰੁੱਧ ਹੈ
ਯੁੱਧਾਂ ਦਾ ਹੀ
ਚਿਰਕਾਲੀ ਸੱਦਾ
ਦੁਨੀਆਂ ਦੀ ਸਭ ਤੋਂ
ਪਿਆਰੀ ਕਵਿਤਾ
"ਤਸਮਾਦ
ਉਤਿਸ਼ਠ ਕੌਂਤੇਯ
ਯੁੱਧਾਇ ਕ੍ਰਿਤ
ਨਿਸਚਯਾ....."
'ਹੇ ਕੁੰਤੀ ਪੁੱਤਰ
ਨਾਲ ਯਕੀਨ ਦੇ
ਉੱਠ ਤੇ ਯੁੱਧ ਕਰ)
ਦੇ ਮਹਾਂਵਾਕ ਨੂੰ
ਵਾਰ-ਵਾਰ ਹੈ
ਦੁਹਰਾਉਂਦੀ

ਕੰਬਦੇ ਹੋਏ
ਤ੍ਰੇਲੀਓ-ਤ੍ਰੇਲੀ
ਹਨੇਰੇ ਵਿਚ
ਗੁਆਚੇ ਦਾ
ਰਾਹ ਰੁਸ਼ਨਾਉਂਦੀ
ਸ਼ੇਰ ਬਣਾਉਂਦੀ
ਤੇ ਸਮੇਂ ਦੇ
ਦੁਸ਼ਾਸੁਣਾਂ ਦੀਆਂ
ਹਿੱਕਾਂ ਦੇ ਉੱਪਰ
ਹੈ ਚੜ੍ਹਾਉਂਦੀ

ਕਵਿਤਾ!
ਜਦੋਂ ਉੱਗਦੀ ਤਾਂ
ਨੀਂਦ ਉਡਾਉਂਦੀ
"ਨੀਂਦ ਵਿਗੁੱਚੇ
ਮਸ਼ੀਨਾਂ ਦੇ
ਚੱਕਰ ਘੁੰਮਾਉਂਦੇ
ਤੇ ਕੁੱਟਾਂ ਖਾਂਦੇ
ਰਾਂਗਲੇ ਬਚਪਨ
ਨੂੰ ਰਹੀ ਹੈ
ਮੁਕਤ ਕਰਵਾਉਂਦੀ
ਤਾਰੀਖੀ ਸ਼ੋਸ਼ਣ ਦੀ
ਦਰਿੰਗਦੀ ਦਾ
ਰਹੀ ਹੈ
ਮੂੰਹ ਚਿੜਾਉਂਦੀ"
ਕਵਿਤਾ!
ਰੱਬ ਨੂੰ
ਦੇ ਉਲਾਹਮੇ
ਬਣ ਬਾਬਰ ਬਾਣੀ
ਸਮੇਂ ਦੇ ਬੁੱਲ੍ਹੀਂ
ਰਹਿਣੀ ਹੈ
ਆਉਂਦੇ ਸਮਿਆਂ ਤਾਈਂ

ਕਵਿਤਾ ਵਾਣੀ

ਕਵਿਤਾ!
ਗੁਲਾਮ ਹਬਸ਼ੀਆਂ
ਦੀ ਪਹਿਲੀ ਵਾਰ
ਵਿਦਰੋਹ ਵਿਚ
ਉੱਠੀ ਬਾਂਹ ਦੇ
ਉੱਪਰ ਹੈ
ਬਣੇ ਹੋਏ
ਹਵਾ 'ਚ ਤਣੇ ਹੋਏ
ਮੁੱਕੇ 'ਚੋਂ ਫੁੱਟਦੀ
ਕਿਰਨ ਸੁਨਹਿਰੀ
"ਯਾਰੜੇ ਦਾ
ਸਾਨੂੰ ਸੱਥਰ
ਚੰਗਾ"
ਇਕ ਸ਼ਬਦ ਸੁੱਚਾ
ਕਵਿਤਾ ਦਾ
ਕੱਦ ਇੰਨਾ ਉੱਚਾ
ਕਿ ਇਸਦੇ
ਸਨਮੁੱਖ ਹੋ
ਦੁਨੀਆਂ ਦਾ ਹਰ
ਜਾਬਰ ਕਮੀਨਾ
ਕਿੰਨਾ ਵੀ ਲੁੱਚਾ
ਆਪਣੇ ਸਣੇ
ਬੰਬ ਬਾਰੂਦਾਂ
ਮਿਜ਼ਾਈਲਾਂ
ਲੈ ਕੇ ਢੁੱਕਾ
ਚੰਗੇਜ਼, ਹਲਾਕੂ,
ਹਰ ਹਿਟਲਰ, ਬੁੱਸ਼
ਕਵਿਤਾ ਦੇ ਸਨਮੁੱਖ
ਕਿਸੇ ਵੀ ਸਮੇਂ ਵਿਚ
ਨਹੀਂ ਹੋ ਸਕਦਾ

ਕਵਿਤਾ ਤੋਂ ਉੱਚਾ
ਇਤਿਹਾਸ ਵਿਚ
ਸਦਾ ਰਹੇਗਾ
ਥਾਂ ਵਿਹੂਣਾ
ਨਿਸ਼ਾਨ ਵਿਗੁੱਚਾ
ਬੁੱਚਾ ਤੇ ਟੁੱਚਾ
ਕਵਿਤਾ!
ਕਦੇ ਗੁਲਾਮ
ਨਹੀਂ ਹੁੰਦੀ
ਸਗੋਂ ਦੁਨੀਆਂ ਦੇ
ਗੁਲਾਮਾਂ ਦੀ ਖ਼ਾਤਿਰ
ਆਜ਼ਾਦੀ ਦੀਆਂ
ਲੋਆਂ ਲੈ ਆਉਂਦੀ

ਕਵਿਤਾ!
ਕੇਵਲ ਕਲਮਾਂ ਨਾਲ
ਹੀ ਨਹੀਂ ਸਗੋਂ
ਤਲਵਾਰਾਂ ਦੇ ਨਾਲ
ਰਹੀ ਲਿਖੀਂਦੀ
ਕਵਿਤਾ!
ਇਕ ਫਰੇਰਾ ਬਣਦੀ
ਕਵਿਤਾ
ਚੀ ਗੁਵੇਰਾ ਬਣਦੀ
ਪਰ ਕਵਿਤਾ ਨਾ
ਕਦੇ ਲੁਟੇਰਾ
ਹੈ ਬਣਦੀ
ਕਵਿਤਾ!
ਵੀਅਤਨਾਮ ਕਹਾਉਂਦੀ
ਸਾਮਰਾਜੀਆਂ ਤੇ
ਉਹਨਾਂ ਦੇ ਯਾਰਾਂ
ਪੱਤਲ-ਚੱਟ ਸਰਦਾਰਾਂ
ਦੇ ਮੂੰਹ ਤੇ ਥੁੱਕਦੀ



ਤੇ ਨੇਜ਼ਾ ਬਣਕੇ
ਉਹਨਾਂ ਦੀਆਂ
ਹਿੱਕਾਂ ਵਿਚ ਠੁੱਕਦੀ

ਕਵਿਤਾ!
ਇਕ ਅਵਸਥਾ ਜੋ
ਮਨੁੱਖਤਾ ਨੂੰ
ਜਦੋਂ ਪਰਵਾਨ
ਨਾ ਹੁੰਦੀ
ਉਸਦੇ
ਟੁੱਟਣ ਦਾ ਨਾਂ
ਵਿਚ ਰੋਹਾਂ ਤੇ
ਲੋਕ ਰੋਹਾਂ ਦੇ
ਫੁੱਟਣ ਦਾ ਨਾਂ
ਹਨੇਰੀਆਂ
ਗੁਫਾਵਾਂ ਵਿਚੋਂ
ਨਿਕਲ ਕੇ ਧਾਏ
ਅੰਬਰਾਂ ਵਿਚ
ਢੁੱਕਣ ਦਾ ਨਾਂ
ਤੇ ਪੁਲਾੜਾਂ ਦੇ
ਅਨੰਤ ਭੇਤਾਂ ਨੂੰ ਹੈ
ਅੱਖਰਾਂ ਦੀ ਮੁੱਠੀ ਵਿਚ
ਘੁੱਟਣ ਦਾ ਨਾਂ

ਕਵਿਤਾ!
ਬੁੱਸੇ ਹੋਏ
ਕਰਮ ਦੇ ਪਾਣੀ
ਦੇ ਨਿਖੁੱਟਣ ਦਾ ਨਾਂ
ਕਵਿਤਾ!
ਹੰਗਾਲੇ ਸਾਗਰ
ਵਿਚੋਂ ਕੱਢੀ ਹੋਈ
ਅੰਮ੍ਰਿਤ ਦੀ ਗਾਗਰ

ਰਾਖਸ਼ਾਂ ਹੱਥੋਂ
ਖੋਹਣ ਦਾ ਨਾਂ
ਕਵਿਤਾ!
ਅਨਾਦਿ ਅੰਮ੍ਰਿਤ ਦੀ
ਰਾਖੀ ਲਈ
ਸਦੀਵੀਂ ਤਾਂਡਵ
ਦੁਨੀਆਂ ਦੇ
ਕੁਰਛੇਤਰ ਅੰਦਰ
ਨਿਰੰਤਰ ਹੁੰਦੇ
ਆ ਰਹੇ
ਮਹਾਂਭਾਰਤ ਦਾ
ਪਿਆਰਾ ਪਾਂਡਵ
ਕਵਿਤਾ!
ਸ਼ੁੱਭ ਅਮਲਾਂ ਲਈ
ਸ਼ੁੱਭ ਕਰਮਣ ਲਈ
ਯੁੱਧਾਂ ਲਈ
ਸਮਰਾਂ ਲਈ
ਸੰਗਰਾਮਾਂ ਲਈ
ਰਹੀ ਖਲੋਂਦੀ

ਕਵਿਤਾ!
ਕਦੇ ਨਾ
ਜਾਏ ਪਲੋਸੀ
ਜੇ ਗਈ ਪਲੋਸੀ
ਹੋ ਗਈ ਹੋਛੀ
ਕਵਿਤਾ ਜ਼ਮੀਰਾਂ ਦਾ
ਕਰਜ਼ ਮੋੜਨਾ
ਰਣ ਦੇ ਅੰਦਰ

ਕਵਿਤਾ!
ਤਾਂ ਤੋੜਨੇ
ਬੰਧਣ ਤੇ

ਗੀਤ ਰਚਾਉਂਦਿਆਂ
ਯੁੱਧਾਂ ਤੋਂ ਸੰਗਣ ਨੂੰ
ਹੈ ਚਾੜ੍ਹਨਾ ਰੰਗਣ
ਤੇ ਫਿਰ ਉੱਠਣਾ
ਉਖਾੜ ਦੇਣ ਲਈ
ਜਾਬਰਾਂ ਦੇ
ਪੈਰਾਂ ਦਾ ਜੰਮਣ
ਜੋ ਫਿਰ ਨਾ ਖੰਗਣ
ਤੀਰਾਂ ਦੀਆਂ
ਸੇਜਾਂ ਉੱਪਰ
ਪਏ ਪਿਤਾਮੇ
ਧਰਤੀ ਵਿਚੋਂ
ਖੁੱਭੇ ਤੀਰਾਂ ਦੇ
ਨਿਕਲੇ ਹੋਏ
ਪਾਣੀ ਮੰਗਣ

ਕਵਿਤਾ!
ਸੂਰਜ ਦੇ
ਸੇਕ ਦੀ
ਧਰਤੀ ਤੇ
ਪਹੁੰਚਣ ਦੀ
ਲੈਅ ਜਿਹੀ ਹੈ
ਅੰਬਰਾਂ ਵਿਚ
ਫੈਲਦੀਆਂ
ਕਿਰਨਾਂ ਦੀ
ਸਦੀਵੀ ਜੈ
ਜਿਹੀ ਹੈ
ਦੁਨੀਆਂ ਦੀ
ਸਭ ਤੋਂ ਪਿਆਰੀ
ਸ਼ੈਅ ਜਿਹੀ ਹੈ। •

ਪਿੰਡ ਤੇ ਡਾਕ. ਕੋਟਲੀ ਖਾਸ,
ਬਾਸਤਾ ਭੰਗਾਲਾ, ਹੁਸ਼ਿਆਰਪੁਰ

ਵਤਨੋਂ ਦੂਰ

## ਵਿਸ਼ਵੀਕਰਣ

- ਹਰਕੰਵਲਜੀਤ ਸਾਹਿਲ

ਵਿਸ਼ਵੀਕਰਣ ਤਾਂ ਹੋ ਚੁੱਕਾ
ਢੇਰ ਫਿਰ ਪਹਿਲਾਂ
ਸੱਚ ਦਾ।
ਵਿਸ਼ਵੀਕਰਣ ਹੀ ਨਹੀਂ
ਬ੍ਰਹਿਮੰਡੀਕਰਣ।

ਕਣ ਕਣ ਵਿਚ ਲਹਿਰਾਵੇ ਸੱਚ!
ਛਿਣ ਛਿਣ ਪਿਆਰ ਮਹਿਕਾਵੇ ਸੱਚ!!

ਤੇ ਹੁਣ ਤੁਸੀਂ
ਵਿਸ਼ਵੀਕਰਣ ਕਾਹਦਾ ਕਰੋਗੇ?
ਕੀ ਕਣ ਕਣ ਵਿਚ
ਛਿਣ ਛਿਣ ਵਿਚ ਵੀ ਕੂੜ ਭਰੋਗੇ!
ਤੇ ਮੁਨਾਫ਼ੇ ਆਪਣੀਆਂ ਜੇਬਾਂ 'ਚ ਧਰੋਗੇ!!

2.

ਵਿਸ਼ਵੀਕਰਣ ਕਾਹਦਾ?
ਵਿਸ਼ਵੀਕਰਣ ਤਾਂ ਹੋ ਚੁੱਕਾ ਹੈ
ਕੁਦਰਤ ਦੇ ਵਿਚ ਵਿਚਰ ਰਹੇ
ਪਾਣੀਆਂ ਦੇ ਸੁਭਾਵਾਂ ਦਾ
ਹਰ ਤੁਪਕਾ, ਹਰ ਵਾਸ਼ਪ
ਹਰ ਦਰਿਆ
ਅਪੜੇ ਅੰਤ ਨੂੰ ਇੱਕੋ ਸਾਗਰ
ਆਉਂਦਾ ਆਉਂਦਾ ਰਸਤੇ ਰਸਤੇ
ਹਰਿਆਵੇ ਜੀਅ ਬਨਸਪਤੀ
ਤੇ ਮਿਟਾਵੇ ਪਿਆਸ
ਬਿਨ ਵਿਤਕਰੇ ਤੋਂ
ਕੀ ਇਹ ਵਿਸ਼ਵਵਿਆਪੀ ਵਰਤਾਰਾ ਨਹੀਂ।

ਪਰ ਪਾਣੀਆਂ ਨੂੰ ਮਾਰ ਕੇ ਬੰਨ੍ਹ
ਪੂਰਨੇ ਸਿਰਫ਼ ਕੁਝ ਇਕਨਾ ਦੇ ਹਿੱਤ!
ਤੇ ਕਰ ਬੋਤਲੀਂ ਕੈਦ
ਵੇਚਣਾ ਮੁਨਾਫ਼ਿਆਂ ਲਈ
ਕੀ ਵਿਸ਼ਵੀਕਰਣ ਹੈ?

3.

ਵਿਸ਼ਵੀਕਰਣ ਕਾਹਦਾ?
ਵਿਸ਼ਵੀਕਰਣ ਤਾਂ ਹੋ ਚੁੱਕਾ
ਗਿਆਨ ਦਾ
ਸੁੱਚਾ ਸਮੁੱਚਾ ਸੁੱਘੜ ਗਿਆਨ
ਵਾਂਗ ਕਿਸੇ ਪਾਣੀ ਨਿਸ਼ਕਾਮ
ਉੱਚੇ ਟਿੱਲਿਓਂ ਰਿਹਾ ਹੈ ਵਗਦਾ
ਨੀਵਾਨਾਂ ਵੱਲ
ਆਦਿ ਜੁਗਾਦਿ ਤੋਂ ਅਟੱਲ
ਕਿਸੇ ਖ਼ੁਦਾਈ ਮਸਤ ਤੋਰ
ਇਕਸਾਰ ਝਰਨੇ ਦੇ ਵਾਂਗ।

ਪਰ ਹਰ ਵਿਕਸਿਤ ਲਾਗੂ-ਗਿਆਨ
'ਤੇ ਜਥੇਬੰਦੀਆਂ ਤੇ ਰੁਝਾਨ
ਵੇਚ ਉਤਪਾਦਨ ਗਿਣਨੀ ਭਾਨ
ਕੀ ਵਿਸ਼ਵੀਕਰਣ ਹੈ?

4.

ਵਿਸ਼ਵੀਕਰਣ ਤਾਂ ਹੋਇਆ ਪਿਆ ਹੈ
ਕੁਦਰਤ 'ਚ
ਫੁੱਲ ਦੇਵੇ ਖ਼ੁਸ਼ਬੂ, ਹਰ ਥਾਂ ਸੁਹਾਵਾ ਹੀ ਲੱਗੇ
ਹਰਿਆਵਲ ਹਰ ਥਾਂ ਅੱਖ ਨੂੰ,
ਸੁਖਦ ਹੀ ਲੱਗੇ।

ਪਰ ਇਹ ਪੇਟੈਂਟ ਮਾਰੀ ਦੇ ਦੈਂਤ
ਕਰਨੀ ਕੁਦਰਤ ਹਰ ਥਾਂ ਕੈਦ
ਅਤੇ ਰਾਖਵੀਂ
ਕੁਝ ਇਕਨਾਂ ਲਈ
ਮੁਨਾਫ਼ਿਆਂ ਖ਼ਾਤਿਰ
ਕੀ ਵਿਸ਼ਵੀਕਰਣ ਹੈ? ●

*136 Doner free Place S. Calgary- A.B T2B 2KB, Canada*



## ਨਜ਼ਮ

- ਹਰਿਭਜਨ ਸਿੰਘ ਰੈਣੂ

### ਪਹਾੜ 'ਤੇ ਪੌੜੀਆਂ

ਕੋਈ ਨਹੀਂ ਜਾਣਦਾ
ਪਹਾੜ ਦੀਆਂ ਜੜ੍ਹਾਂ ਤੋਂ
ਸੱਪ-ਵਲ ਖਾਂਦੀਆਂ
ਅਸਮਾਨ 'ਚ ਲੋਪ ਹੁੰਦੀਆਂ
ਅਮੁੱਕ ਪੌੜੀਆਂ
ਕੌਣ ਬਣਾਉਂਦਾ ਰਿਹਾ .......

ਆਖਦੇ ਨੇ
"ਕਿਸੇ ਨੂੰ ਚਿਤ-ਚੇਤਾ ਫੁਰਿਆ
ਉੱਥੇ ਦੂਰ
ਲੋਕ-ਕਲਿਆਣ ਹਿਤ
ਤਪੱਸਿਆ ਕਰਦੇ ਰਹੇ
ਉਸਦੇ ਸਿਰਜਨਹਾਰ
ਮਿਲਣ ਤਾਂਘ ਤਾਂਘੀ
ਉਹ ਪੌੜੀ-ਪੌੜੀ ਬਣਾਉਂਦਾ ਗਿਆ
ਸਿਖ਼ਰ ਚੜ੍ਹਦਾ ਗਿਆ।

ਹੌਲੀ-ਹੌਲੀ
ਸ਼ਰਧਾ ਜਾਗੀ,
ਉੱਚੇ-ਸੁੱਚੇ ਪੂਜਾ-ਧਾਮ ਦੀਆਂ
ਪੁਰਾਣੀਆਂ, ਟੁੱਟੀਆਂ ਭੱਜੀਆਂ
ਕਾਈ-ਕਲਖਾਈਆਂ
ਪੌੜੀਆਂ
ਮੜ੍ਹੀਆਂ ਜਾਣ ਲੱਗੀਆਂ
ਸੰਗਮਰਮਰ ਚਾਂਦੀ ਸੋਨੇ ਨਾਲ

ਇਕ ਦਿਨ
ਪਾਵਨ ਪੌੜੀਆਂ ਗਿਰਦ
ਪੈ ਗਈਆਂ
ਹਥਿਆਰਬੰਦ ਛਾਉਣੀਆਂ
ਜਿਹਨਾਂ 'ਤੇ ਝੁੱਲਦੇ
ਵੱਖ-ਵੱਖ ਰੰਗਾਂ ਦੇ ਝੰਡੇ ਤੇ ਨਿਸ਼ਾਨ
ਤੇ
ਹਰ ਛਾਉਣੀ ਦਾ ਸਰਦਾਰ
ਕਹਿ ਰਿਹਾ ਸੀ
ਮੈਂ ਹਾਂ ਪੀੜ੍ਹੀਆਂ ਤੋਂ
ਇਥੋਂ ਦਾ ਮੁੱਖ ਵਾਰਸ ਸੇਵਾਦਾਰ।

ਸਾਰੇ ਪੁਰਖੇ
ਧੁੱਪ-ਮੀਂਹ, ਪਾਲਾ, ਝੱਖੜ
ਭੁੱਖਾਂ ਜਰ ਜਰ
ਸੁਗਮ-ਮਾਰਗ ਕੀਤੇ ਤਿਆਰ
ਧੰਨ ਉਸਦੀ ਕੁਰਬਾਨੀ
ਧੰਨ ਮਨੁੱਖੀ ਪਿਆਰ
ਮੇਰੀ ਵਿਰਾਸਤ ਹੈ
ਉਸਦਾ ਪ੍ਰਸਾਦਿ ਤੇ ਸਤਿਕਾਰ।

ਮੈਂ ਉਡੀਕੀ ਜਾਵਾਂ
ਪੌੜੀਆਂ ਘੜਨ ਵਾਲਾ
ਅਜੇ ਤੀਕ ਨਹੀਂ ਪਰਤਿਆ।

ਸ਼ਾਇਦ
ਕਿਸੇ ਹੋਰ ਉੱਚੇ ਪਹਾੜ 'ਤੇ
ਪੌੜੀਆਂ ਬਣਾ ਰਿਹਾ ਹੋਵੇ। ●

# ਜਿਉਂਦਾ ਹੈ ਮੇਰਾ ਪੁੱਤ

- ਅਤਰਜੀਤ

ਵਹੁਟੀ ਦਾ ਹੌਸਲਾ ਵੇਖ ਕੇ ਮੱਖਣ ਸਿੰਘ ਦਾ ਦਿਲ ਹੁਣ ਟਿਕਾਣੇ ਆ ਗਿਆ ਸੀ। ਇਕ ਸਾਲ ਦੇ ਵਿਚ ਤਿੰਨ ਸਾਥੀਆਂ ਨੇ ਸਾਥੋਂ ਸਦਾ ਲਈ ਵਿਦਾਇਗੀ ਲੈ ਲਈ। ਸੁਰਜੀਤ ਮੁਲਾਜ਼ਮ ਫਰੰਟ 'ਤੇ ਆਗੂ ਸਫ਼ਾਂ 'ਚੋਂ ਸੀ ਤੇ ਬਹੁਤ ਹੀ ਵਧੀਆ ਅਧਿਆਪਕ ਸੀ। ਹੁਣ ਜਥੇਬੰਦੀ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਉਹ ਕਿਸਾਨ ਮੋਰਚੇ 'ਤੇ ਕੁੱਲ ਵਕਤੀ ਆਗੂ ਸੀ, ਜੋ ਹੁਣ ਦੋ ਹੋਰ ਸਾਥੀਆਂ ਨਾਲ ਪੁਲਿਸ ਜਬਰ ਦਾ ਸ਼ਿਕਾਰ ਹੋਇਆ ਸੀ। ਪੁਲਿਸ ਨੇ ਕਿਸਾਨਾਂ ਮਜ਼ਦੂਰਾਂ ਦੇ ਇਕੱਠ 'ਤੇ ਗੋਲੀ ਚਲਾ ਦਿੱਤੀ ਸੀ ਅਤੇ ਪਲਾਂ ਵਿਚ ਹੀ ਤਿੰਨ ਸਾਥੀ ਲੋਕਾਂ ਤੋਂ ਖੋਹ ਲਏ ਸਨ। ਕਿਸੇ ਲਹਿਰ ਲਈ ਇਹ ਕੋਈ ਘੱਟ ਨੁਕਸਾਨ ਵਾਲੀ ਗੱਲ ਨਹੀਂ ਸੀ। ਅਜੇ ਕੁਝ ਸਾਲ ਪਹਿਲਾਂ ਹੀ ਤਾਂ ਚਾਰ ਜਿਗਰੀ ਦੋਸਤ ਅਤੇ ਜਥੇਬੰਦੀ ਦੇ ਘੁਲਾਟੀਏ ਸੜਕ ਹਾਦਸਿਆਂ ਦੀ ਭੇਟ ਚੜ੍ਹ ਗਏ ਸਨ। ਸੜਕਾਂ ਮੌਤ ਦਾ ਸਾਮਾਨ ਲੱਕ ਨਾਲ ਬੰਨ੍ਹੀ ਲੋਕਾਂ ਨੂੰ ਭੱਖ ਕਰ੍ਨ ਲਈ ਹਾਬੜੀਆਂ ਫਿਰਦੀਆਂ ਹਨ। ਕਿਸੇ ਸਰਕਾਰ ਦਾ ਇਸ ਪਾਸੇ ਕੋਈ ਧਿਆਨ ਨਹੀਂ ਜਾਂਦਾ। ਹਰ ਪਾਸੇ ਲੋਕ ਇਕ ਖ਼ਾਸ ਕਿਸਮ ਦੀ ਭੱਜ-ਦੌੜ ਦੇ ਦੌਰ 'ਚੋਂ ਲੰਘ ਰਹੇ ਹਨ ਤੇ ਹਰ ਰੋਜ਼ ਹੀ ਅਨੇਕਾਂ ਲੋਕ ਸੜਕਾਂ ਦੇ ਭਿਆਨਕ ਜੁਬਾੜ੍ਹਿਆਂ 'ਚ ਜਾ ਪੈਂਦੇ ਨੇ। ਸੰਘਰਸ਼ਾਂ ਦੀ ਕਰੀਮ ਹੀ ਤਾਂ ਸਨ ਇਹ ਪੰਜੇ ਜਣੇ। ਪੰਜਾਂ ਨੂੰ ਹੀ ਜਿਵੇਂ ਸੰਘਰਸ਼ਾਂ ਦੀ ਗੁੜ੍ਹਤੀ ਦੇ ਕੇ ਹੀ ਜਨਮ ਦਿੱਤਾ ਹੋਵੇ ਪੰਜਾਂ ਦੀਆਂ ਮਾਵਾਂ ਨੇ। ਚਾਰ ਤੇ ਤਿੰਨ ਸੱਤ। ਕੋਈ ਘੱਟ ਐ ਗਿਣਤੀ? ਖ਼ਾਸ ਕਰਕੇ ਉਦੋਂ ਜਦੋਂ ਲੋਕਾਂ ਨੂੰ ਘੁਲਾਟੀਏ ਸਾਥੀਆਂ ਦੀ ਬੇਹੱਦ ਜ਼ਰੂਰਤ ਸੀ ਅਤੇ ਹੁਣ ਜਦੋਂ ਲੋਕ ਘੋਲਾਂ ਦੀ ਰੁੱਤ ਆਈ ਸੀ।

ਕਿਸਾਨੀ ਪਰਿਵਾਰ ਦੇ ਜੰਮ ਪਲਾਂ ਦਾ ਇਹੋ ਜਿਹੀਆਂ ਗੱਲਾਂ ਨਾਲ ਪਹਿਲਾਂ ਕਦੇ ਵਾਹ ਹੀ ਨਹੀਂ ਸੀ ਪਿਆ ਪਰ ਇਹ ਤਾਂ ਜਦੋਂ ਤੋਂ ਅਧਿਆਪਕ ਯੂਨੀਅਨ ਵਿਚ ਕੰਮ ਕਰਨ ਲੱਗੇ ਸਨ ਤਾਂ ਜਿਵੇਂ ਜ਼ਿੰਦਗੀ ਦੇ ਅਰਥ ਸਮਝ ਆਉਣ ਲੱਗੇ ਸਨ। ਹੁਣ ਤਾਂ ਜਿਵੇਂ ਜੀਵਨ ਦੇ ਅਰਥ ਹੀ ਬਦਲ ਗਏ ਸਨ। ਗੱਲ ਤਾਂ ਨਾਵਲਾਂ ਤੋਂ ਚੱਲੀ ਸੀ। ਸੁਰਜੀਤ ਬਹੁਤ ਕਿਤਾਬਾਂ ਪੜ੍ਹਦਾ ਸੀ ਤੇ ਇਹ ਕਿਤਾਬਾਂ ਹੀ ਲੋਕਾਂ ਦੀ ਜ਼ਿੰਦਗੀ ਨਾਲ ਜੋੜਨ ਦਾ ਸਬੱਬ ਬਣੀਆਂ ਸਨ। ਭਾਵੇਂ ਕਿਸੇ ਨਾਵਲ ਦੀ ਕਹਾਣੀ ਹੀ ਹੁੰਦੀ ਜਿਸ ਵਿਚ ਨਾਇਕ ਕਿਵੇਂ ਸੰਘਰਸ਼ ਕਰਦਾ ਵਿਖਾਇਆ ਜਾਂਦਾ ਹੈ ਤੇ ਇਹ ਦੁੱਖ ਅਤੇ ਤਸੀਹੇ ਕਿਵੇਂ ਸਹਿੰਦਾ ਹੈ। ਸਾਰਾ ਕੁਝ ਕਾਲਪਨਿਕ ਜਿਹਾ ਹੋ ਕੇ ਸੱਚ ਲੱਗਦਾ ਹੈ ਤੇ ਜੀਅ ਕਰਦਾ ਹੈ ਕਿ ਆਪਾਂ ਵੀ ਇਵੇਂ ਹੀ ਕਰੀਏ। ਭਾਵੇਂ ਕੋਈ ਸਿਧਾਂਤਕ ਕਿਤਾਬ ਹੁੰਦੀ ਜਿਸਨੂੰ ਸਮਝਣ ਲਈ ਖਾਸਾ ਜ਼ੋਰ ਲਾਉਣਾ ਪੈਂਦਾ ਸੀ। ਕਿਤਾਬਾਂ ਲੋਕਾਂ ਬਾਰੇ ਸੋਚਣ ਲਾਉਂਦੀਆਂ ਸਨ ਤੇ ਇਸ ਤਰ੍ਹਾਂ ਸੋਚਦਿਆਂ ਇਉਂ ਹੀ ਤਾਂ ਜਾਪਣ ਲੱਗ ਪੈਂਦਾ ਸੀ ਜਿਵੇਂ ਜਨ-ਸਾਧਾਰਨ ਤਾਂ ਬੱਸ ਨੇਰ੍ਹਾ ਢੋਣ ਨੂੰ ਹੀ ਜੰਮੇ ਨੇ। ਔਖਾਂ ਝੱਲੀ ਜਾਣਗੇ ਪਰ ਕੀ ਮਜ਼ਾਲ ਐ ਬਈ ਆਪਣੀਆਂ ਔਖਾਂ ਬਾਰੇ ਸੋਚ ਜਾਣ ਬਈ ਇਨ੍ਹਾਂ ਔਖਾਂ ਦਾ ਕੀ ਕਾਰਨ ਹੈ? ਇਹ ਕੰਮ ਹੀ ਤਾਂ ਇਨ੍ਹਾਂ ਚੇਤੰਨ ਲੋਕਾਂ ਨੇ ਆਪਣੇ ਹਿੱਸੇ ਦਾ ਕਾਰਜ ਸਮਝ ਕੇ ਨੌਕਰੀਆਂ ਨੂੰ ਲੱਤ ਮਾਰ ਕੇ ਔਖਾ ਰਾਹ ਅਪਣਾਇਆ ਸੀ ਤੇ ਇਨ੍ਹਾਂ 'ਚੋਂ ਤਿੰਨ ਪੁਲਿਸ ਤਸ਼ੱਦਦ ਦਾ ਸ਼ਿਕਾਰ ਹੋ ਗਏ ਸਨ।

ਇਹ ਸਾਰਾ ਕੁਝ ਮੱਖਣ ਸਿੰਘ ਨੂੰ ਪ੍ਰੇਸ਼ਾਨ ਕਰਨ ਲਈ ਕਾਫ਼ੀ ਸੀ। ਉਸਦਾ ਇਕੋ ਇਕ ਪੁੱਤ ਸੁਰਜੀਤ ਸੰਘਰਸ਼ ਦੀ ਭੇਟ ਚੜ੍ਹ ਗਿਆ ਸੀ ਤੇ ਉਸ ਦੇ ਕੋਲ ਹੁਣ ਰਹਿ ਗਿਆ ਇਕ ਵਿਚਾਰ ਕਿ ਉਹ ਇਕ ਸ਼ਹੀਦ ਦਾ ਪਿਉ ਹੈ ਜਿਸਨੇ ਲੋਕਾਂ ਦੇ ਲੇਖੇ ਆਪਣੀ ਜਿੰਦ ਲਾਈ ਹੈ। ਨੂੰਹ ਤੇ ਦੋ ਪੋਤੀਆਂ। ਬਲੂਰ ਜਿਹੀਆਂ ਜਿਨ੍ਹਾਂ ਨੇ ਜੱਗ ਦਾ ਅਜੇ ਕੁਝ ਵੀ ਤਾਂ ਨਹੀਂ ਵੇਖਿਆ। ਇਹ ਕਾਫ਼ੀ ਨਹੀਂ ਇਸ ਤੋਂ ਵੱਡੀ ਗੱਲ ਚਾਹੀਦੀ ਹੈ, ਮੱਖਣ ਸਿੰਘ ਨੂੰ ਇਕ ਬਾਪ ਨੂੰ। ਬੁੱਢੇ ਵਾਰੇ ਮੱਖਣ ਸਿੰਘ ਨੂੰ ਆਪਣੇ ਭਵਿੱਖ ਦੀ ਡੰਗੋਰੀ ਖੁੱਸ ਜਾਣ ਦਾ ਫ਼ਿਕਰ ਹੈ। ਹਾਂ, ਹਾਂ ਕੀ ਰਹਿ ਗਿਆ ਹੈ ਉਸ ਕੋਲ ਜੇ ਵੇਖਿਆ ਜਾਵੇ ਤਾਂ? ਸਿਰਫ਼ ਇਕ ਸ਼ਹੀਦ ਦਾ ਬਾਪ ਅਖਵਾ ਲੈਣਾ .... ਇਹ ਕੁਝ ਕਾਫ਼ੀ ਨਹੀਂ ਬਿਲਕੁਲ ਵੀ। ਸੁਰਜੀਤ ਸਿੰਘ ਦੀ ਮਾਂ ਵੀ ਤਾਂ ਜਿਵੇਂ ਕੰਧਾਂ ਕੌਲਿਆਂ ਵਿਚ ਵੱਜਦੀ ਫਿਰਦੀ ਹੈ। ਆਪਣੇ ਪੁੱਤ ਨੂੰ ਭਾਲਦੀ ਕਮਲੀ ਹੋਈ ਪਈ ਹੈ।

ਕਦੇ ਇਉਂ ਲੱਗਦਾ ਹੈ ਮੱਖਣ ਸਿੰਘ ਨੂੰ ਕਿ ਸੁਰਜੀਤ ਸਾਡੇ ਤੋਂ ਵਿਛੜ ਕੇ ਕਿਧਰੇ ਵੀ ਨਹੀਂ ਗਿਆ। ਉਹ ਆਪਣੇ ਚਹੁੰਆਂ ਸਾਥੀਆਂ ਨਾਲ ਕਾਹਲੀ-ਕਾਹਲੀ ਆਏਗਾ ਤੇ ਆਉਂਦਾ ਹੀ ਆਖੇਗਾ – 'ਮਾਂ ਬਣਾਈ ਕੇਰਾਂ ਛੇਤੀ ਦੇਣੇ ਚਾਰ ਕੁ ਕੱਪ ਚਾਹ। ਜਾਂ ਗੁਰਨਾਮ ਕੁਰ ਨੂੰ ਕਹੇਗਾ – 'ਮਖਿਆ ਜੀ ਥੋੜ੍ਹਾ ਕਸ਼ਟ ਕਰਿਉ ਸ੍ਰੀਮਤੀ ਜੀਉ ਆਹ ਸਾਡੇ ਪਿਆਰੇ ਸਾਥੀਆਂ ਵਾਸਤੇ ਚਾਰ ਕੁ ਰੋਟੀਆਂ ਹੀ ਲਾਹ ਦਿਉ ਜੀ।' ਮੱਖਣ ਸਿੰਘ ਨੂੰ ਵੀ ਇਉਂ ਹੀ ਲੱਗਦਾ ਰਹਿੰਦਾ ਹੈ ਕਿ ਉਹ ਹੁਣੇ ਹੀ ਇਧਰੋਂ-ਉਧਰੋਂ ਆਏਗਾ ਤੇ ਆਉਂਦੇ ਸਾਰ ਕੋਈ ਕਿਤਾਬ ਮੇਜ਼ 'ਤੇ ਠਾਹ ਕਰਕੇ ਰੱਖੇਗਾ ਤੇ ਪਾਣੀ ਮੰਗੇਗਾ। ਹਰ ਤਿੱਥ ਤਿਉਹਾਰ ਮੌਕੇ ਉਹ ਯਾਦ ਆਉਂਦਾ ਹੈ। ਕਦੇ ਕਿਤਾਬ ਪੜ੍ਹਦਾ ਤੇ ਕਦੇ ਕੁਝ ਲਿਖਦਾ ਦਿਖਾਈ ਦਿੰਦਾ ਰਹਿੰਦਾ ਹੈ। ਨਹੀਂ ਹੁਣ ਉਹ ਕਦੇ ਨਹੀਂ ਆਖੇਗਾ ਇਹ ਬੋਲ। ਨਹੀਂ ਸੁਣਨ ਨੂੰ ਮਿਲਣੇ ਉਸਦੇ ਬੋਲੇ ਇਹ ਬੋਲ। ਉਹ ਕਿਸੇ ਅਜਿਹੀ ਥਾਂ ਤਾਂ ਗਿਆ ਹੀ ਨਹੀਂ ਜਿੱਥੋਂ ਬੰਦਾ ਗਿਆ ਵਾਪਸ ਆ ਜਾਵੇ।

ਪੰਜ ਸਾਲ ਬੀਤ ਗਏ ਨੇ ਪਰ ਲੱਗਦੈ ਜਿਵੇਂ ਇਹ ਕੱਲ੍ਹ ਦੀਆਂ ਗੱਲਾਂ ਹੋਣ। ਕਿਸਾਨੀ ਮਸਲਿਆਂ 'ਤੇ ਕਿਸਾਨ ਜਥੇਬੰਦੀਆਂ ਦਾ ਸੰਘਰਸ਼ ਚਲ ਰਿਹਾ ਸੀ ਕਿ ਆੜ੍ਹਤੀਆਂ ਤੇ ਬੈਂਕਾਂ ਨੇ ਗਰੀਬੀ ਦੇ ਮਾਰੇ ਅਤੇ ਤੰਗੀਆਂ ਦੇ ਨਪੀੜੇ ਕਿਸਾਨਾਂ 'ਤੇ ਹਮਲਾ ਬੋਲ ਦਿੱਤਾ ਸੀ ਕੁਰਕੀਆਂ ਦਾ। ਇਸ ਕਰਜ਼ੇ ਦੇ ਦੈਂਤ ਨੇ ਕਿੰਨੇ ਹੀ ਕਿਸਾਨ ਅਤੇ ਮਜ਼ਦੂਰ ਨਿਗਲ ਲਏ ਸਨ। ਕਿੰਨੇ ਗਲਾਂ 'ਚ ਰੱਸਾ ਪਾ ਕੇ ਆਤਮਘਾਤ ਕਰ ਗਏ ਸਨ। ਕੋਈ ਸਪਰੇਅ ਪੀ ਕੇ ਜਾਂ ਸਲਫਾਸ ਖਾ ਕੇ ਆਪਣੀ ਜੀਵਨ ਲੀਲ੍ਹਾ ਦਾ ਖ਼ਾਤਮਾ ਕਰ ਗਿਆ ਸੀ ਪਰ ਸਰਕਾਰ ਦੇ ਕੰਨਾਂ 'ਤੇ ਤਾਂ ਜੂੰ ਵੀ ਨਹੀਂ ਸੀ ਸਰਕ ਰਹੀ। ਇਸੇ ਕਰਕੇ ਕਿਸਾਨਾਂ ਨੇ ਸਰਕਾਰ ਦੇ ਕੰਨ ਖਿੱਚਣ ਦਾ ਬਿਗਲ ਵਜਾਇਆ ਹੋਇਆ ਸੀ। ਸੁਰਜੀਤ ਇਸ ਗੱਲੋਂ ਚੇਤੰਨ ਸੀ ਕਿ ਇਹ ਜੋ ਹਵਾ ਕੁਝ ਅਜਿਹੀ ਵਗਣ ਲੱਗੀ ਸੀ ਜਿਸਦੇ ਅੱਗੇ ਕੁਝ ਉਪਾਅ ਕਰਕੇ ਰੋਕਾਂ ਲਾਉਣ ਦੀ ਠੱਲ੍ਹ ਲਾਉਣ ਦੀ ਜ਼ਰੂਰਤ ਸੀ। ਮੁਲਾਜ਼ਮ, ਮਜ਼ਦੂਰ, ਕਿਸਾਨ, ਵਿਦਿਆਰਥੀ, ਨੌਜਵਾਨ ਸਭਾ ਇਕ ਦੂਜੇ ਦੀ ਬਾਂਹ ਫੜਦੇ ਸਨ ਤੇ ਸਾਂਝੇ ਸੰਘਰਸ਼ਾਂ ਦੇ ਰਾਹ ਪੈਂਦੇ ਸਨ। ਇਸ ਘੋਲ ਵਿਚ ਕੋਈ ਪਿੱਛੇ ਰਹਿਣ ਦੀ ਤਾਂ ਸੋਚ ਵੀ ਨਹੀਂ ਸੀ ਸਕਦਾ। ਇਸੇ ਸੰਘਰਸ਼ ਦੀ ਭੇਂਟ ਚੜ੍ਹ ਗਿਆ ਸੀ ਉਸਦਾ ਹੀਰਾ, ਸੁਰਜੀਤ। ਇਸ ਤਰ੍ਹਾਂ ਮੱਖਣ ਸਿੰਘ ਨੂੰ ਕਦੇ-ਕਦੇ ਬਹੁਤ ਹੀ ਜ਼ਿਆਦਾ ਫ਼ਖਰ ਹੋਣ ਲੱਗਦਾ ਹੈ ਕਿ ਉਸਦੇ ਇਸ ਹੋਣਹਾਰ ਬੱਚੇ ਨੇ ਕਿੰਨੇ ਸਾਰੇ ਲੋਕਾਂ ਵਿਚ ਉਸਦੀ ਪੜਤ ਬਣਾਈ ਸੀ।

ਮੱਖਣ ਸਿੰਘ ਖ਼ੁਦ ਅੰਮ੍ਰਿਤਧਾਰੀ ਸਿੱਖ ਹੈ ਤੇ ਉਹ ਆਪਣੇ ਆਪ ਨੂੰ ਇਹ ਕਹਿ ਕੇ ਦਿਲਬਰੀ ਦਿੰਦਾ ਹੈ – 'ਮਨਾ ਦਸਵੇਂ ਗੁਰੂ ਨੇ ਤਾਂ ਆਪਣਾ ਸਰਵੰਸ ਹੀ ਲੋਕਾਂ ਦੇ ਲੇਖੇ ਲਾ ਦਿੰਦਾ ਸੀ। ਤੂੰ ਕੀਹਦਾ ਪਾਣੀਹਾਰ ਹੈ?" ਉਹ ਇਸ ਕਰਕੇ ਵੀ ਲੱਕ ਬੰਨ੍ਹ ਲੈਂਦਾ ਹੈ ਕਿ ਉਸਦੀ ਨੂੰਹ ਗੁਰਨਾਮ ਕੌਰ ਆਪਣੀਆਂ ਦੋਹਾਂ ਧੀਆਂ ਨੂੰ ਉਸਦੇ ਬਾਪੂ ਦੀਆਂ ਕਹਾਣੀਆਂ ਸੁਣਾ-ਸੁਣਾ ਕੇ ਦਿਲ ਹੌਲਾ ਨਹੀਂ ਹੋਣ ਦਿੰਦੀ। ਇਸ ਦਾ ਮੱਖਣ ਸਿੰਘ ਨੂੰ ਡਾਢਾ ਸਕੂਨ ਰਹਿੰਦਾ ਹੈ।

ਹਰ ਸਾਲ ਪੰਜਾਂ ਜਣਿਆਂ ਨਾਲ ਬਰਸੀਆਂ ਮਨਾਈਆਂ ਜਾਂਦੀਆਂ ਨੇ। ਹਰ ਸਾਲ ਉਨ੍ਹਾਂ ਦੇ

ਅਧੂਰੇ ਸੁਪਨਿਆਂ ਨੂੰ ਪੂਰਾ ਕਰਨ ਦੀਆਂ ਗੱਲਾਂ ਦੁਹਰਾਈਆਂ ਜਾਂਦੀਆਂ ਹਨ। ਜਿਸਨੇ ਲੋਕ ਘੋਲਾਂ ਲਈ ਕੁਝ ਕੀਤਾ ਹੋਵੇ ਉਹ ਯੁਗਾਂ ਤੱਕ ਜਿਉਂਦਾ ਰਹਿੰਦਾ ਹੈ ਆਪਣੇ ਠੋਸ ਵਿਚਾਰਾਂ ਕਰਕੇ। ਭਗਤ ਸਿੰਘ ਨੇ ਫਾਂਸੀ ਦੀ ਸਜ਼ਾ ਹੋ ਜਾਣ ਪਿੱਛੋਂ ਕਾਲ ਕੋਠੜੀ 'ਚੋਂ ਆਖੀ ਸੀ ਇਹ ਗੱਲ "ਉਹ ਹੁਣ ਵਿਚਾਰ ਬਣ ਗਿਆ ਹੈ ਅਤੇ ਵਿਚਾਰ ਕਦੇ ਵੀ ਮਰਦਾ ਨਹੀਂ ਹੁੰਦਾ।" ਮੱਖਣ ਸਿੰਘ ਹਰੇਕ ਬਰਸੀ ਮੌਕੇ ਸ਼ਰਧਾਂਜਲੀ ਸਮਾਗਮ ਖ਼ਤਮ ਹੋਣ 'ਤੇ ਬੁਲਾਰਿਆਂ ਦੇ ਆਖੇ ਬੋਲ ਆਪਣੇ ਨਾਲ ਆਪਣੇ ਜ਼ਿਹਨ ਵਿਚ ਟੰਗ ਕੇ ਲਿਆਉਂਦਾ ਹੈ ਤੇ ਕਈ ਦਿਨਾਂ ਤੱਕ ਇਹ ਵਿਚਾਰ ਉਸਦਾ ਪਿੱਛਾ ਕਰਦੇ ਰਹਿੰਦੇ ਨੇ ਤੇ ਫਿਰ ਜਿਵੇਂ ਜ਼ਿੰਦਗੀ ਆਮ ਵਾਂਗ ਤੁਰਨ ਲੱਗਦੀ ਹੈ ਜਾਂ ਰਿੜ੍ਹਨ ਲੱਗ ਪੈਂਦੀ ਹੈ।

ਮੱਖਣ ਸਿੰਘ ਲਈ ਇਹ ਵਿਚਾਰ ਕਾਫ਼ੀ ਹੱਦ ਤੱਕ ਸ਼ਕਤੀ ਦਿੰਦਾ ਹੈ - "ਠੀਕ ਐ ਸੁਰਜੀਤ ਅੱਜ ਸਰੀਰਕ ਤੌਰ 'ਤੇ ਬੇਸ਼ੱਕ ਸਾਡੇ ਵਿਚਕਾਰ ਨਹੀਂ ਹੈ ਪਰ ਜੋ ਕੁਝ ਉਹ ਆਪਣੇ ਕਿਰਤੀ ਸਮਾਜ ਨੂੰ ਦੇ ਗਿਆ, ਉਸਦੀ ਦੇਣ ਹਮੇਸ਼ਾ ਸਾਡੇ ਅੰਗ-ਸੰਗ ਰਹੇਗੀ। ਮੈਨੂੰ ਵੀ ਇਸ ਗੱਲ ਦਾ ਮਾਣ ਹੈ ਕਿ ਉਹ ਮੇਰਾ ਪੁੱਤ ਸੀ। ਤੇ ਹੁਣ ਬਹੂ ਨੇ ਵੀ ਤਾਂ ਜਿਵੇਂ ਮੇਰੇ ਦੁੱਖ ਨੂੰ ਪਤਲਾ ਕਰ ਦਿੱਤਾ ਹੈ ਇਹ ਕਹਿ ਕੇ ਉਹ ਸੁਰਜੀਤ ਦੇ ਰਾਹ 'ਤੇ ਤੁਰੇਗੀ।"

ਕਿਹੜਾ ਮਾਈ ਦਾ ਲਾਲ ਹੋਊਗਾ ਜੋ ਆਪਣੀ ਜਵਾਨ ਜ਼ਹਾਨ ਨੂੰਹ ਧੀ ਨੂੰ ਓਪਰਿਆਂ ਬੰਦਿਆਂ ਦੇ ਨਾਲ ਤੋਰ ਸਕਦੈ। ਕੁੜੀਆਂ ਨੂੰ ਤਾਂ ਅਗਲੇ ਦੇਹਲੀ ਤੋ ਪਾਰ ਨ੍ਹੀ ਜਾਣ ਦਿੰਦੇ।

"ਏ ਕੁੜੀਏ ਚੱਲ ਅੰਦਰ ਚੰਗੇ ਘਰਾਂ ਦੀਆਂ ਕੁੜੀਆਂ ਨੀ ਇਉਂ ਕਰਦੀਆਂ ਹੁੰਦੀਆਂ।" ਜਿਵੇਂ ਮਾੜੇ ਘਰਾਂ ਦੀਆਂ ਕੁੜੀਆਂ ਦੇ ਹਿੱਸੇ ਵਿਚ ਹੀ ਬਾਹਰ ਜਾਣਾ ਲਿਖਿਆ ਗਿਆ ਹੋਵੇ। ਸੁਰਜੀਤ ਤਾਂ ਆਪ ਹੀ ਬਹੂ ਨੂੰ ਹਰੇਕ ਵੱਡੇ-ਛੋਟੇ ਪ੍ਰੋਗਰਾਮ 'ਤੇ ਨਾਲ ਲਿਜਾਣ ਲੱਗ ਪਿਆ ਸੀ। ਕਦੇ-ਕਦਾਈਂ ਮੱਖਣ ਸਿੰਘ ਵੀ ਚਲਾ ਜਾਂਦਾ ਸੀ ਕਿਸੇ ਧਰਨੇ ਮੁਜ਼ਾਹਰੇ 'ਤੇ, ਜਿਥੇ ਬਥੇਰੀਆਂ ਕੁੜੀਆਂ ਪ੍ਰੋਗਰਾਮਾਂ ਵਿਚ ਸ਼ਾਮਿਲ ਹੁੰਦੀਆਂ ਸਨ। ਧਰਨੇ ਮੁਜ਼ਾਹਰੇ ਵਿਚ ਮੁੱਕੇ ਉਲਾਰ-ਉਲਾਰ ਕੇ ਨਾਹਰੇ ਲਾਉਂਦੀਆਂ ਨੂੰ ਵੇਖਕੇ ਸਕੂਨ ਮਿਲਦਾ ਸੀ ਉਸਨੂੰ।

'ਮੁੰਡਾ ਕਾਹਦਾ ਸੀ ਕਮਾਲ ਈ ਤਾਂ ਸੀ ਬੱਸ। ਅੜੱਕਵਾਂ ਬੋਲ ਤਾਂ ਜਿਵੇਂ ਜਾਣਦਾ ਹੀ ਨਹੀਂ ਸੀ। ਜਦੋਂ ਗੱਲ ਕਰਦਾ ਤਾਂ ਮੂੰਹੋਂ ਇਕ ਤਰ੍ਹਾਂ ਫੁੱਲ ਹੀ ਤਾਂ ਕਿਰਦੇ ਸਨ। ਉਸਦੀ ਜਿਵੇਂ ਹਰ ਹਰਕਤ ਹੀ ਮਨ ਨੂੰ ਮੋਹ ਲੈਣ ਵਾਲੀ ਸੀ। ਚਿਹਰੇ 'ਤੇ ਹਮੇਸ਼ਾ ਹੀ ਅਜਿਹਾ ਪ੍ਰਭਾਵ ਰਹਿੰਦਾ ਜਿਵੇਂ ਹੁਣੇ ਹੱਸਿਗਾ। ਤੇ ਜਿਵੇਂ ਬਹੁਤ ਹੀ ਵੱਡੀ ਉਮਰ ਦਾ ਕੋਈ ਬਜ਼ੁਰਗ ਹੋਵੇ, ਇਉਂ ਵਰਤਾਉ ਕਰਦਾ ਹਰ ਕਿਸੇ ਨਾਲ। ਉਸਨੂੰ ਮਿਲਣ ਜਾਂ ਰਾਇ ਮਸ਼ਵਰਾ ਕਰਨ ਕੋਈ ਨਾ ਕੋਈ ਆਇਆ ਹੀ ਰਹਿੰਦਾ ਸੀ। ਅਗਲੇ ਨੂੰ ਬਹੁਤ ਹੀ ਸਹਿਜ ਨਾਲ ਦਲੀਲਾਂ ਦੇ ਕੇ ਸਮਝਾਉਂਦਾ ਸੀ ਸੁਰਜੀਤ। ਬਹੁਤ ਦਿਲ ਵਧਦਾ ਸੀ ਮੱਖਣ ਸਿੰਘ ਦਾ, ਜਦੋਂ ਉਹਦੇ ਨਾਲ ਆਏ ਮੁੰਡੇ ਉਹਦੇ ਗੋਡੀ ਹੱਥ ਲਾਉਂਦੇ ਸਨ। ਅੱਜ ਕੱਲ੍ਹ ਤਾਂ ਬਜ਼ੁਰਗਾਂ ਨੂੰ ਵਾਧੂ ਦਾ ਕੂੜਾ ਕਬਾੜ ਹੀ ਸਮਝਦੇ ਐ ਬੱਚੇ। ਰੋਜ਼ ਵੇਖਦੇ ਹੀ ਹਾਂ। ਮੱਖਣ ਸਿੰਘ ਆਪਣੀ ਔਲਾਦ ਦੇ ਵਾਰੇ-ਵਾਰੇ ਜਾਂਦਾ।

ਗਲੀ ਗੁਆਂਢ ਵਿਚ ਹੋਰ ਲੋਕ ਵੀ ਸਨ ਜੋ ਆਪਣੇ-ਆਪਣੇ ਕਾਰੋਬਾਰ ਵਿਚ ਗਲ਼-ਗਲ਼ ਤੱਕ ਧਸੇ ਜਾਪਦੇ ਸਨ। ਪੈਸੇ ਪਿੱਛੇ ਮਾਰੋ ਮਾਰ ਕਰਦੇ ਭੱਜੇ ਫਿਰਦੇ ਦਿਸਦੇ ਹਨ। ਕੋਈ ਬੈਂਕਾਂ ਦੇ ਕਰਜ਼ਿਆਂ ਪਿੱਛੇ ਦੌੜਦਾ ਦਿੱਸਦਾ ਹੈ ਅਤੇ ਕੋਈ ਤਨਖਾਹ ਦੇ ਨਾਲ ਵਾਧੂ ਕਮਾਈ ਦੇ ਚੱਕਰ ਵਿਚ ਉਲਝਿਆ ਹੋਇਆ। ਇਕ ਮਸ਼ੀਨ ਦੀ ਤਰ੍ਹਾਂ ਗਿੜਦਾ ਦਿਖਾਈ ਦਿੰਦਾ ਹੈ ਹਰ ਕੋਈ। ਕੋਈ ਮੁਲਾਜ਼ਮ ਸੇਵਾ ਮੁਕਤ ਹੁੰਦੈ ਤਾਂ ਉਹ ਪੀਲੀ ਜਾਂ ਨੀਲੀ ਬੰਨ੍ਹ ਕੇ ਗੁਰਦੁਆਰੇ ਵੱਲ ਮੂੰਹ ਕਰ ਲੈਂਦੇ। ਉਹ ਆਪ ਵੀ ਤਾਂ ਹਰ ਰੋਜ਼



ਗੁਰਦੁਆਰੇ ਜਾਂਦਾ ਰਿਹੈ। ਇਹ ਲੋਕ ਤਾਂ ਗੁਰਦੁਆਰੇ ਜਾ ਕੇ ਵੀ ਨਵੇਂ ਖਰੀਦੇ ਪਲਾਟਾਂ ਦੇ ਭਾਵਾਂ ਦੀਆਂ ਗੱਲਾਂ ਕਰਦੇ ਹੀ ਮੁੜਦੇ ਨੇ ਹੱਥਾਂ ਵਿਚ ਕੜਾਹ ਲੈ ਕੇ। ਇਸ ਸਾਲ ਗਲੀ ਦੇ ਤਿੰਨ ਤਾਂ ਪੁਲਿਸ ਵਾਲੇ ਹੀ ਰਿਟਾਇਰ ਹੋਏ ਸੀ ਤੇ ਤਿੰਨੇ ਹੀ ਹੁਣ ਦਾੜ੍ਹੀਆਂ ਵਧਾ ਕੇ ਗੁਰਦੁਆਰੇ ਤੇ ਅਨਿੰਨ ਸੇਵਕ ਹੋਣ ਦਾ ਡਰਾਮਾ ਕਰ ਰਹੇ ਸਨ। ਮੱਖਣ ਸਿੰਘ ਖ਼ੁਦ ਦੇਖਦਾ ਹੀ ਸੀ ਹੇਠਾਂ ਤੋਂ ਉਨ੍ਹਾਂ ਦੀਆਂ ਦਾੜ੍ਹੀਆਂ ਨਿਰੀਆਂ ਜੁਲਾਹੇ ਦਾ ਕੁੱਚ ਹੀ ਤਾਂ ਲੱਗਦੀਆਂ ਹਨ। ਹਰ ਦੂਜੇ ਚੌਥੇ ਕਿਸੇ ਨਾ ਕਿਸੇ ਦੇ ਘਰ ਆਖੰਡ ਪਾਠ ਵਾਸਤੇ ਸਪੀਕਰ ਵੱਜਦਾ ਰਹਿੰਦਾ ਸੀ ਤੇ ਕਿਸੇ ਗਲੀ ਵਿਚ ਮੂਰਤੀਆਂ ਰੱਖ ਕੇ ਭਜਨ ਦੇ ਨਾਂ ਥੱਲੇ ਗੰਦੇ ਗੀਤਾਂ ਦੀਆਂ ਤਰਜ਼ਾਂ 'ਤੇ ਗਾਉਂਦੀ ਤੇ ਨੱਚਦੀ ਮੁੰਡੀਹਰ ਤੇ ਉਪਰ ਵੱਲ ਬਾਹਾਂ ਉਲਾਰ-ਉਲਾਰ ਕੇ ਤਾੜੀਆਂ ਵਜਾਉਂਦੀਆਂ ਔਰਤਾਂ। ਹੁਣ ਭਜਨ ਵੀ ਭੰਗੜੇ ਤੋਂ ਬਗੈਰ ਨਹੀਂ ਹੋ ਸਕਦੇ। ਕੰਨ ਪਾੜਦੀਆਂ ਆਵਾਜ਼ਾਂ। ਨੀਂਦ ਨੇ ਕਾਹਦਾ ਆਉਣਾ ਸੀ।

ਵੇਖਿਆ ਨੀ ਥਾਣੇਦਾਰ ਜਵਾਲਾ ਸਿੰਘ? ਫੜੀ ਹੋਈ ਭੁੱਕੀ ਦਾ ਟਰੱਕ ਵੇਚਦਾ ਇਕ ਵਾਰ ਆਪ ਹੀ ਫੜਿਆ ਗਿਆ ਸੀ। ਹੌਲਦਾਰ ਮੰਗਲਾ ਰਾਮ ਨੇ ਪੰਜ ਕਿਲੋ ਅਫੀਮ ਕਿਧਰੇ ਭਸਮ ਹੀ ਕਰ ਦਿੱਤੀ ਸੀ। ਮੁਕੱਦਮੇ ਵਿਚ ਕਿੰਨੇ ਵਾਰ ਉਲਝਿਆ। ਉਲਝਿਆ ਤਾਂ ਜੇ ਉਪਰਲਿਆਂ ਵੱਲ ਨਾ ਝਾਕਿਆ। 'ਕੱਲੇ ਨੇ ਹੀ ਜੱਫਾ ਮਾਰਨਾ ਚਾਹਿਆ ਸੀ ਨਾ। ਅਜੇ ਕੱਲ੍ਹ ਦੀਆਂ ਗੱਲਾਂ ਨੇ ਜਦੋਂ ਇਨ੍ਹਾਂ ਸਿਪਾਹਟਿਆਂ ਕੋਲ ਸਾਈਕਲ ਵੀ ਨਹੀਂ ਸੀ ਹੁੰਦੇ ਤੇ ਹੁਣ ਕਾਰਾਂ ਕੋਠੀਆਂ ਦੇ ਮਾਲਕ ਬਣੇ ਫਿਰਦੇ ਨੇ। ਰਿਸ਼ਵਤਾਂ ਲੈ ਕੇ ਬਣਾਈਆਂ ਨੇ ਕੋਠੀਆਂ ਤੇ ਲੈ ਕੇ ਦਿੱਤੀਆਂ ਨੇ ਮੁੰਡਿਆਂ ਨੂੰ ਕਾਰਾਂ। ਕੀ ਬਣੀ ਜਾਂਦੈ ਮੁਲਕ ਦਾ। ਇਹ ਕਿਹੋ ਜੀ ਵਾਅ ਵਗ ਪਈ ਜ਼ਮਾਨੇ 'ਤੇ? ਸਭ ਚੋਰ ਉਚੱਕੇ ਗੱਦੀਆਂ ਦੇ ਮਾਲਕ ਬਣ ਗਏ ਨੇ ਫਿਰ ਇਹੋ ਕੁਝ ਹੀ ਤਾਂ ਹੋਣਾ ਹੋਇਆ। ਮੇਰਿਆ ਮਨਾ ਇਹ ਗੱਲਾਂ ਕੋਈ ਅੱਜ ਦੀਆਂ ਹੀ ਤਾਂ ਨਹੀਂ। ਇਹ ਅੰਧੀ ਰਈਅਤ ਤਾਂ ਹਰ ਯੁਗ ਦਾ ਵਰਤਾਰਾ ਰਹੀ ਹੈ। ਬਾਬਾ ਨਾਨਕ ਵੀ ਤਾਂ ਇਹੋ ਕਹਿੰਦਾ ਰਿਹਾ ਤੇ ਅੱਜ ਉਸਦਾ ਨਾਂ ਲੈਣ ਵਾਲੇ ਇਹੋ ਕੁਝ ਕਰੀ ਜਾਂਦੇ ਐ। ਫ਼ਰਕ ਤਾਂ ਕੋਈ ਨਹੀਂ ਪਿਆ।

ਦੇਖਿਆ ਨਹੀਂ ਜੇਲ੍ਹ ਵਾਲਾ ਪੁਲਸੀਆ। ਕੈਦੀਆਂ ਤੋਂ ਮਾੜੇ ਮੋਟੇ ਕਸੂਰ ਬਦਲੇ ਈ ਦਸ-ਦਸ ਹਜ਼ਾਰ ਵਟੋਰ ਲੈਂਦੇ ਤੇ ਕਮੀਜ਼ ਦੇ ਹੇਠ ਦੀ ਕਿਰਪਾਨ ਜ਼ਰੂਰ ਪਾ ਕੇ ਰੱਖੂ। ਨਾਲੇ ਤਾਂ ਵਿਚਾਰੇ ਕੈਦੀ ਤੋਂ ਮੋਬਾਇਲ ਖੋਹ ਲਿਆ ਨਾਲੇ ਘਰੋਂ ਦਸ ਹਜ਼ਾਰ ਰੁਪਿਆ ਮੰਗਵਾ ਲਿਆ ਡਰਾਵਾ ਦੇ ਕੇ ਬਈ ਜੇ ਨਾ ਲਿਆ ਕੇ ਦਿੱਤੇ ਤਾਂ ਕੱਲ੍ਹ ਨੂੰ ਗੁਰੂ ਨਾਨਕ ਦੇਵ ਜੀ ਦੇ ਪੁਰਬ ਦੀ ਖੁਸ਼ੀ ਵਿਚ ਮੁਆਫ਼ ਹੋਣ ਵਾਲੀ ਸਜ਼ਾ ਮੁਆਫ਼ ਨਹੀਂ ਹੋਣ ਦੇਣੀ। ਕੱਲ੍ਹ ਨੂੰ ਵੱਡੇ ਸਾਹਿਬ ਕੋਲ ਸ਼ਿਕਾਇਤ ਕੀਤੀ ਜਾਊ ਬਈ ਇਹ ਬੰਦਾ ਕੈਦੀਆਂ ਨੂੰ ਨਸ਼ੇ ਵੇਚਦੈ ਘਰੋਂ ਮੰਗਵਾ ਕੇ। ਨਾਲੇ ਉਹ ਵੱਡਾ ਸਿੱਖ ਆਪ ਹੀ ਸਪਲਾਈ ਕਰਦਾ ਸੁਣਿਐ ਨਸ਼ੇ ਕੈਦੀਆਂ ਨੂੰ। ਛਾਪਾ ਮਾਰਨ ਵੇਲੇ ਕੋਈ ਚੀਜ਼ ਕਿਤੋਂ ਲੈਣ ਥੋੜ੍ਹਾ ਈ ਜਾਣੀ ਐ। ਕੋਲੋਂ ਹੀ ਸਭ ਕੁਝ ਹੋ ਜਾਣਾ ਸੀ। ਹਿੱਸਾ ਤਾਂ ਵੱਡੇ ਛੋਟੇ ਸਾਰੇ ਅਫ਼ਸਰਾਂ ਨੂੰ ਹੀ ਜਾਂਦਾ ਹੋਊ। ਇੱਥੇ ਆ ਕੇ ਮੱਖਣ ਸਿੰਘ ਦਾ ਦਿਮਾਗ ਚਕਰਾ ਜਿਹਾ ਜਾਂਦਾ। ਮੁੰਡੇ ਠੀਕ ਹੀ ਤਾਂ ਕਹਿੰਦੇ ਨੇ ਕਿ ਖਰਬੂਜਿਅ ਦਾ ਖੇਤ ਹੀ ਗਲ ਗਿਆ ਹੈ। ਸਾਰੇ ਰੁੱਖ ਨੂੰ ਈ ਜੇ ਉੱਲੀ ਲੱਗ ਜਾਵੇ ਤਾਂ ਟਾਹਣੀਆਂ ਛਾਂਗਣ ਨਾਲ ਤਾਂ ਨੀ ਬਿਮਾਰੀ ਦੂਰ ਹੋਣ ਲੱਗੀ।

"ਅਖੇ ਸੌ ਮਣ ਚੂਹਾ ਖਾ ਕੇ ਬਿੱਲੀ ਹੱਜ ਨੂੰ ਚੱਲੀ। ਹੈ ਨਾ ਉਹੀ ਗੱਲ ਹੋਈ ਪਈ ਇਹਨਾਂ ਲੋਕਾਂ ਦੀ।" ਤੇ ਹੁਣ ਇਹ ਸਾਰੇ ਈ ਕਿਵੇਂ ਕੀਰਤਨੀ ਜੱਥਿਆਂ ਦੇ ਮਗਰ ਫਿਰਦੇ ਨੇ ਥਾਂ-ਥਾਂ ਨਿਰੀ ਭੇਡ ਚਾਲ। ਭਲਾ ਕੀਹਨੂੰ ਨੀ ਪਤਾ ਬਈ ਇਥੇ ਹਰ ਇਕ ਨੇ ਮਰਨੈ। ਕੀ ਗੁਰੂਆਂ ਨੇ ਇਹੀ ਸਿੱਖਿਆ ਦਿੱਤੀ ਸੀ। ਆਪਣੇ ਸਿੱਖਾਂ ਨੂੰ ਬਈ ਕੜਾਹ ਤੋਂ ਵੱਧ ਸਿੱਖੀ ਦੇ ਅਰਥ ਨਾ ਰਹਿਣ ਦੇਇਉ। ਬਈ ਜਦੋਂ

ਗੁਰਦੁਆਰੇ ਵਿਚ ਅਰਦਾਸ ਹੋਣ ਲੱਗੇ ਜੇ ਘਰੋਂ ਨਿਕਲੋ ਤੇ ਕੜਾਹ ਲੈ ਕੇ ਆਪਣਿਆਂ ਵਿਚ ਹੀ ਆ ਕੇ ਕਿਣਕਾ-ਕਿਣਕਾ ਦੇ ਕੇ ਭਰਮ ਪਾਲੋ ਬਈ ਹੁਣ ਧਰਮਰਾਜ ਨੇ ਥੋਡੇ ਵਾਸਤੇ ਦਰਗਾਹ ਵਿਚ ਕਮਰਾ ਬੁੱਕ ਕਰਤਾ। ਗੁਰੂ ਗ੍ਰੰਥ ਨੇ ਇਹ ਤਾਂ ਕਿਤੇ ਨੀ ਕਿਹਾ ਬਈ ਗੁਰੂ ਮਾਨਿਉ ਦੇ ਨਾਂ 'ਤੇ ਅਯਾਸ਼ੀਆਂ ਕਰੋ। ਮਾਰ ਹਵਾਈ ਜਹਾਜ਼ ਵਰਗੀਆਂ ਕਾਰਾਂ 'ਤੇ ਚੜ੍ਹਦੇ ਦੇਖੋ ਬਾਬਿਆਂ ਨੂੰ। ਬਾਬਾ ਨਾਨਕ ਕਿਹੜੀਆਂ ਕਾਰਾਂ 'ਤੇ ਚੜ੍ਹ ਕੇ ਲੋਕਾਂ ਨੂੰ ਉਪਦੇਸ਼ ਦੇਣ ਜਾਂਦਾ ਹੁੰਦਾ ਸੀ। ਇਤਿਹਾਸ ਤਾਂ ਖ਼ਤਮ ਈ ਕਰਤਾ ਇਨ੍ਹਾਂ ਕਾਰ ਸੇਵਾ ਵਾਲਿਆਂ ਨੇ। ਲਾ ਦਿਉ ਇਕੋ ਤਰ੍ਹਾਂ ਦੇ ਪੱਥਰ ਹਰੇਕ ਇਤਿਹਾਸਕ ਥਾਂ 'ਤੇ ਕਰ ਦਿਉ ਸਿੱਖੀ ਦਾ ਪ੍ਰਚਾਰ। ਯੋਧਿਆਂ ਦੇ ਇਤਿਹਾਸ ਦਾ ਕੀ ਕਰ ਕੇ ਰੱਖਤਾ ਇਨ੍ਹਾਂ ਮਸੰਦਾਂ ਨੇ? ਕੌਣ ਆਖੇ ਰਾਣੀਏ ਅੱਗਾ ਢੱਕ। ਮੱਖਣ ਸਿੰਘ ਆਪ ਗੁਰਸਿੱਖ ਹੀ ਨਹੀਂ ਚੰਗਾ ਪਾਠੀ ਵੀ ਹੈ।

ਮੱਖਣ ਸਿੰਘ ਦੀ ਤਾਂ ਸਾਰੀ ਉਮਰ ਦਾਨ ਪੁੰਨ ਕਰਦਿਆਂ ਹੀ ਗੁਜ਼ਰੀ ਸੀ। ਬੰਦੇ ਦੀ ਆਤਮਾ ਤਾਂ ਸ਼ਾਂਤੀ ਵਿਚ ਰਹਿੰਦੀ ਐ ਦਾਨ ਪੁੰਨ ਕਰਨ ਨਾਲ। ਪਰ ਇਸ ਦਾ ਉਸਨੂੰ ਕੀ ਫਲ ਮਿਲਿਆ ਸੀ। ਗੋਲੀ ਉਸਦੇ ਪੁੱਤ ਵੱਲ ਹੀ ਕਿਉਂ ਆਈ ਸੀ ਸਿੱਧੀ? ਹੋਰ ਵੀ ਤਾਂ ਕਿੰਨੇ ਲੋਕ ਖੜ੍ਹੇ ਸੀ। ਫਿਰ ਉਹ ਆਪਣੇ ਹੀ ਵਿਚਾਰ ਨੂੰ ਕੱਟਕੇ ਆਪਣੇ 'ਤੇ ਲਾਹਣਤ ਪਾਉਂਦਾ ਹੈ- "ਬੰਦਿਆਂ ਉਹ ਵੀ ਤਾਂ ਕਿਸੇ ਦੇ ਪੁੱਤ ਹੀ ਸੀਗੇ। ਤੇਰੇ ਸ਼ੇਰ ਦੇ ਸਾਥੀ। ਤੂੰ ਇਹ ਕੀ ਸੋਚਿਆ।" ਉਹ ਮਨ ਨੂੰ ਦਿਲਬਰੀ ਦਿੰਦਾ ਹੈ। ਮੁੰਡੇ ਠੀਕ ਕਹਿੰਦੇ ਹੁੰਦੇ ਸੀ - "ਬਈ ਜੇ ਬੰਦਾ ਹੱਕ ਸੱਚ ਦੀ ਜਾਂਚ ਸਿੱਖ ਲਵੇ ਤਾਂ ਉਸ ਨੂੰ ਆਤਮਿਕ ਸ਼ਾਂਤੀ ਤਾਂ ਆਪੇ ਹੀ ਮਿਲਣ ਲੱਗ ਪੈਂਦੀ ਐ। ਪਰ ਇਹ ਬੰਦ! ਇਹੋ ਜੇ ਬੰਦਿਆਂ ਨੂੰ ਅਸਲ ਵਿਚ ਸ਼ਾਂਤੀ ਕਿਤੇ ਵੀ ਨਹੀਂ ਮਿਲਦੀ। ਤਾਂ ਹੀ ਤਾਂ ਵਿਚਾਰੇ ਦੌੜਦੇ ਨੇ ਕੀਰਤਨੀਆਂ ਤੇ ਗਾਂਵਾਂ, ਕਾਂਵਾਂ ਤੇ ਕਬੂਤਰਾਂ ਮਗਰ। ਖਵਾਊ ਕਾਵਾਂ ਕਬੂਤਰਾਂ ਨੂੰ ਰੋਟੀਆਂ ਚੂਰ-ਚੂਰ ਕੇ ਤੇ ਗਾਂਵਾਂ ਨੂੰ ਆਟੇ ਦੇ ਪੇੜੇ ਜਾਂ ਰਾਤ ਦੀਆਂ ਬਚੀਆਂ ਰੋਟੀਆਂ।"

ਕੱਲ੍ਹ ਵੇਖਿਆ ਸੀ ਨਾ ਉਹ ਪੁਲਸ ਵਾਲਾ। ਆਪਣੀ ਘਰਵਾਲੀ ਨੂੰ ਗੁਰਦੁਆਰਿਉਂ ਆਉਂਦਾ ਹੀ ਧਿਹ-ਧਿਹ ਕੁੱਟਣ ਡਹਿ ਪਿਆ ਸੀ। ਮਹੰਤ ਨੇ ਕਥਾ ਵਿਚ ਔਰਤਾਂ ਬਾਰੇ ਗੁਰੂ ਨਾਨਕ ਦੇ ਵਿਚਾਰ ਦੱਸੇ ਸੀ ਕਿ ਕਿਵੇਂ ਗੁਰੂ ਜੀ ਨੇ ਔਰਤ ਦੀ ਵਡਿਆਈ ਕੀਤੀ ਸੀ ਤੇ ਆਪ ਮੁੰਡੇ ਦੀ ਖ਼ਾਤਰ ਪਿਛਲੇ ਸਾਲ ਘਰਵਾਲੀ ਨੂੰ ਡਾਕਟਰਾਂ ਕੋਲ ਲਈ ਫਿਰਦਾ ਰਿਹਾ। ਫਸ ਤਾਂ ਗਿਆ ਸੀ ਪਰ ਪੁਲਿਸ ਵਾਲਿਆਂ ਨੂੰ ਪੈਸੇ ਦੇਕੇ ਬਚ ਗਿਆ। ਉਹ ਵੇਖ ਤਾਂ ਸਾਡਾ ਹੀ ਗਿਰਾਈਂ ਡੀ. ਐਸ. ਪੀ. ਦੇ ਅਹੁੱਦੇ ਤੋਂ ਰਿਟਾਇਰ ਹੋ ਕੇ ਕਚਹਿਰੀਆਂ ਵਿਚ ਅਰਜ਼ੀ ਨਵੀਸੀ ਦਾ ਕੰਮ ਤੋਰ ਲਿਆ। ਵਾਹ ਵੱਡਿਆ ਅਫ਼ਸਰਾ। ਕਿੱਡੀ ਸ਼ਾਨ ਵਾਲਾ ਕਿੱਤਾ ਚੁਣਿਐ। ਉਇ ਬੱਸ ਪੈਸਾ ਆਵੇ ਕਿਤੋਂ ਆਵੇ। ਸਾਲਾ ਭੇਡ ਨਾਲੋਂ ਵੀ ਥੱਲੇ ਜਾ ਡਿੱਗਿਆ, ਭੌਂਜਿਐ ਰੂੜੀਆਂ ਬੰਨੀ। ਮੈਂ ਕਿਹੜਾ ਭੁੱਲਿਆਂ ਉਹਦੀਆਂ ਕਰਤੂਤਾਂ। ਭਰਾਵਾਂ ਨੂੰ ਵੀ ਖਾ ਗਿਆ, ਕੰਜਰ। ਉਹ ਰੁਲਗੇ ਵਿਚਾਰੇ ਖੇਤਾਂ ਦੀਆਂ ਵੱਟਾਂ ਤੇ। ਮੱਖਣ ਸਿੰਘ ਦੇ ਪਤਾ ਨਹੀਂ ਕੀ-ਕੀ ਚਿੱਤ ਵਿਚ ਆਈ ਗਿਆ। ਇਹੋ ਲੋਕ ਸੁਰਜੀਤ ਨੂੰ ਕਾਮਰੇਡ ਕਾਮਰੇਡ ਕਹਿਕੇ ਕਹਿਣਗੇ ਕਿ ਉਹ ਗੁਰਦੁਆਰੇ ਨੀ ਜਾਂਦਾ। ਕੀ ਜਾਣੇ ਕੋਈ ਹੁਣ ਤਾਂ ਮੇਰਾ ਵੀ ਜੀਅ ਨਹੀਂ ਕਰਦਾ। ਮੈਂ ਤਾਂ ਗੁਰੂ ਘਰ ਜਾਏ ਬਗੈਰ ਚਾਹ ਨਹੀਂ ਸੀ ਪੀਂਦਾ। ਹੁਣ ਵੱਢੀ ਰੂਹ ਨੀ ਕਰਦੀ। ਮੈਨੂੰ ਤਾਂ ਮਾਣ ਐ ਆਪਣੀ ਔਲਾਦ 'ਤੇ। ਮੱਖਣ ਸਿੰਘ ਕਲਪਨਾ ਦੇ ਰਥ 'ਤੇ ਸਵਾਰ ਬਹੁਤ ਦੂਰ ਚਲਾ ਜਾਂਦਾ ਹੈ। ਆਪਣੇ ਆਪਨੂੰ ਦਿਲਬਰੀ ਦੇ ਲੈਂਦਾ ਹੈ - "ਸੁਰਜੀਤ ਤਾਂ ਵਹੁਟੀ ਦੇ ਸਾਹ ਵਿਚ ਸਾਹ ਲੈਂਦਾ ਸੀ। ਦੋਵੇਂ ਜਣੇ ਜਦੋਂ ਧਰਨੇ ਤੋਂ ਆਉਂਦੇ ਤਾਂ ਰਸੋਈ 'ਚ ਐ ਈ ਤਾਂ ਲੱਗਦਾ ਸੀ ਜਿਵੇਂ ਆਪਸ ਵਿਚ ਖਹਿਬੜਦੇ ਹੋਣ। ਪਰ ਜਦੋਂ ਮੱਖਣ ਸਿੰਘ ਨੇ ਜਾ ਕੇ ਵੇਖਿਆ ਤਾਂ ਉਹ ਖ਼ੁਸ਼ੀ ਵਿਚ ਭੱਲਾ ਹੋ ਕੇ ਹੀ ਵਾਪਸ ਆਇਆ ਸੀ।



"ਓ ਮਹਾਰਾਜ ਜੀ ਤੁਸੀਂ ਕਰੋ ਆਰਾਮ ਸ੍ਰੀਮਤੀ ਗੁਰਨਾਮ ਕੌਰ ਜੀ। ਅਸੀਂ ਤੁਹਾਡੀ ਖ਼ਾਤਰਦਾਰੀ ਵਿਚ ਆਪਣੇ ਚਰਨ ਵਿਛਾਉਂਦੇ ਆਂ। ਅੱਜ ਅਸੀਂ ਤੁਹਾਨੂੰ ਰੋਟੀ ਪਕਾ ਕੇ ਖਵਾਵਾਂਗੇ ਜੀ।"

"ਅੱਛਾ ਸਾਡੀ ਖ਼ਾਤਰਦਾਰੀ ਵਿਚ ਚਰਨ ਵਿਛਾਉਂਦੇ ਓ ਜੀ। ਵਾਹ!"

"ਓ, ਸੱਚ ਭੁੱਲ ਹੋ ਗਈ ਜੀ ਅਸੀਂ ਵਿਛਾਉਂਦੇ ਆਂ ਆਪਣੇ ਦੋਵੇਂ ਨੈਣ।" ਉਹ ਦੋਵੇਂ ਹੱਥ ਜੋੜ ਕੇ ਅਰਦਾਸ ਕਰਨ ਦੀ ਅਦਾ ਕਰਦਾ। "ਗਲਤੀ ਦੀ ਸੋਧ ਲਈ ਮੁਆਫ਼ੀ।" ਸੁਰਜੀਤ ਸੀ ਵੀ ਬਹੁਤ ਮਖੌਲੀਆ। ਉਹ ਦੂਜਿਆਂ ਨੂੰ ਹਸਾਈ ਜਾਂਦਾ ਪਰ ਆਪ ਨਹੀਂ ਸੀ ਹੱਸਦਾ। ਪੂਰਾ ਗੰਭੀਰ। ਕੀ ਮਜ਼ਾਲ ਐ ਬਈ ਅੱਖਾਂ ਵਿਚ ਈ ਹਾਸੀ ਦਾ ਕੋਈ ਨਿਸ਼ਾਨ ਆ ਜਾਵੇ।

"ਮੁਆਫ਼ੀ ਉਹ ਵੀ ਗਲਤੀ ਸੋਧਣ ਦੀ। ਗਲਤੀ ਕਰਨ ਦੀ ਨਹੀਂ। ਗਲਤੀ ਸੋਧੀ ਹੀ ਕਿਉਂ ਜਾਵੇ ਭਲਾ। ਗਲਤੀ ਨੂੰ ਤਾਂ ਢੱਕਿਆ ਜਾਂਦੈ।" ਗੁਰਨਾਮ ਕੌਰ ਦੀ ਗੱਲ 'ਤੇ ਉਹ ਬੱਸ ਹੱਸਦਾ ਰਹਿੰਦਾ ਤੇ ਲੜਕੀ ਨਾਲ ਸਾਰਾ ਕੰਮ ਕਰਵਾਉਂਦਾ। ਭਾਂਡੇ ਵੀ ਧਵਾਉਂਦਾ, ਉਸ ਦਿਨ ਤਾਂ ਹੱਦ ਈ ਕਰ ਤੀ ਸੀ ਮੁੰਡੇ ਨੇ। ਮੱਖਣ ਸਿੰਘ ਦੀ ਆਪਣੀ ਵੀ ਹਾਸੀ ਨਿਕਲ ਗਈ।

ਇਕ ਦਿਨ ਸੁਰਜੀਤ ਹੱਸ-ਹੱਸ ਦੂਹਰਾ ਹੋਈ ਜਾਵੇ ਤੇ ਦੱਸੇ ਕੁਝ ਨਾ। ਜਦੋਂ ਉਸ ਦੀ ਹਾਸੀ ਬੰਦ ਹੋਈ ਤਾਂ ਬਹੂ ਨੂੰ ਕਹਿੰਦਾ - "ਮੈਂ ਗੁਸਲਖਾਨੇ ਵਿਚ ਆਪਣੇ ਲੀੜੇ ਧੋਈ ਜਾਂਦਾ ਸੀ ਤਾਂ ਆਪਣੇ ਗੁਆਂਢੀ ਆਹ ਗੁਰਮੁਖ ਸਿਉਂ ਦੀ ਕੁੜੀ ਆ ਗਈ। ਕਹਿੰਦੀ ਅੰਕਲ, ਆਂਟੀ ਨ੍ਹੀ ਧੋਂਦੀ ਹੁੰਦੀ ਥੋਡੇ ਲੀੜੇ? ਆਪ ਈ ਧੋਈ ਜਾਨੇ ਓ।"

"ਮੈਂ ਵੀ ਅੱਗੋਂ ਜਾਣ ਕੇ ਹੀ ਆਖ ਦਿੱਤਾ -"ਭਾਈ ਅੱਜਕੱਲ੍ਹ ਦੀਆਂ ਪੜ੍ਹੀਆਂ-ਲਿਖੀਆਂ ਖ਼ਬਰੇ ਆਪਣੇ ਆਪ ਨੂੰ ਕੀ ਸਮਝਦੀਆਂ ਨੇ। ਕੀ ਮਜਾਲ ਐ ਬਈ ਜੇ ਆਪਣੇ ਪਤੀ ਪਰਮੇਸ਼ਰ ਦਾ ਭੋਰਾ ਵੀ ਖ਼ਿਆਲ ਰੱਖਣ। ਕਲਜੁਗ ਐ ਬੇਟੇ। ਘੋਰ ਕਲਜੁਗ।" ਵਿਚਾਰੀ ਭੋਲਾ ਜਿਹਾ ਮੂੰਹ ਬਣਾ ਕੇ ਮੇਰੇ ਮੂੰਹ ਵੰਨੀ ਦੇਖੀ ਜਾਵੇ। ਗੱਲਾਂ ਯਾਦ ਕਰ-ਕਰ ਕੇ ਮੱਖਣ ਸਿੰਘ ਨੂੰ ਹੋਰ ਵੀ ਸਕੂਨ ਤੇ ਹੌਂਸਲਾ ਮਿਲਦਾ। ਵਾਹ ਉਇ ਸ਼ੇਰਾ! ਔਲਾਦ ਹੋਵੇ ਤਾਂ ਇਹੋ ਜੀ।

ਗੁਰਨਾਮ ਕੌਰ ਵਿਆਹੀ ਆਈ ਸੀ ਜਦੋਂ ਸੁਰਜੀਤ ਨੇ ਨਹਾ ਕੇ ਬਾਹਰ ਆਉਣਾ ਤੇ ਉਸਦਾ ਕੱਛਾ ਧੋਣ ਲਈ ਬਾਰ ਵਿਚ ਖੜ੍ਹੀ ਹੋਣਾ ਤੇ ਜਦੋਂ ਵਹੁਟੀ ਨੇ ਦੇਖਣਾ ਕਿ ਉਸਨੇ ਤਾਂ ਆਪਣੇ ਕੱਲ੍ਹ ਵਾਲੇ ਕੱਪੜੇ ਵੀ ਧੋ ਦਿੱਤੇ ਨੇ ਤਾਂ ਆਖਣਾ - "ਦੇਖੋ ਜੀ ਤੁਸੀਂ ਐ ਨਾ ਕਰਿਆ ਕਰੋ। ਇਹ ਕੰਮ ਤਾਂ ਮੇਰਾ ਐ। ਤੁਹਾਡੇ ਕੱਪੜੇ ਮੈਂ ਧੋਇਆ ਕਰੂੰ।"

"ਕਿਸੇ ਗ੍ਰੰਥ ਵਿਚ ਲਿਖਿਐ ਬਈ ਮਰਦ ਆਪਣੇ ਕੱਪੜੇ ਆਪ ਨਾ ਧੋਵੇ? ਗੁਰਨਾਮ ਇਹ ਗੱਲ ਭੁੱਲ ਕੇ ਵੀ ਨਾ ਸੋਚੀਂ ਬਈ ਤੂੰ ਮੇਰੇ ਨਾਲੋਂ ਕਿਸੇ ਗੱਲੋਂ ਘੱਟ ਐ। ਸਾਡੇ ਬਾਬੇ ਸਾਨੂੰ ਇਹੋ ਸਿੱਖ ਮੱਤ ਦਿੰਦੇ ਐ।"

"ਉਹ ਕਿਹੜੇ ਬਾਬੇ ਐ ਜੀ? ਕਦੇ ਸਾਨੂੰ ਵੀ ਦਰਸ਼ਨ ਕਰਵਾ ਲਿਆਉ।" ਸੁਰਜੀਤ ਕੌਰ ਪਹਿਲਾਂ-ਪਹਿਲਾਂ ਭੋਲੀ ਸੀ ਪਰ ਫੇਰ ਤਾਂ ਉਸਨੂੰ ਪਤਾ ਲੱਗ ਗਿਆ ਸੀ ਕਿ ਉਹ ਆਪਣੇ ਆਗੂਆਂ ਨੂੰ ਬਾਬੇ ਕਹਿੰਦਾ ਹੁੰਦਾ ਸੀ। ਫਿਰ ਕਹਿਣ ਲੱਗ ਪਿਆ ਸੀ ਸਾਡੇ ਆਗੂ। ਜਿਵੇਂ ਜਿਵੇਂ ਮੱਖਣ ਸਿੰਘ ਆਪਣੇ ਪੁੱਤ ਦੀਆਂ ਗੱਲਾਂ ਯਾਦ ਕਰਦਾ ਜਾਂਦਾ ਉਸਦੀ ਛਾਤੀ ਮਾਣ ਨਾਲ ਚੌੜੀ ਹੁੰਦੀ ਜਾਂਦੀ। ਗੁਰਨਾਮ ਹੁਣ ਵਿਧਵਾ ਸੀ। ਭਰ ਜੋਬਨ ਮੁਟਿਆਰ। ਕੀ ਉਮਰ ਸੀ ਭਲਾ ਕੁੜੀ ਦੀ ਜਦ ਉਸਦੇ ਪੱਲੇ ਰੰਡੇਪਾ ਪੈ ਗਿਆ। ਦੋ ਕੁੜੀਆਂ। ਉਹਦੀ ਕਲਪਨਾ ਉਸਨੂੰ ਕਿਤੇ ਦੀ ਕਿਤੇ ਲੈ ਜਾਂਦੀ ਹੈ। ਅਜੇ ਤਾਂ ਪੁੱਤ ਤੇਰੀ ਸਾਰੀ ਉਮਰ ਪਈ ਐ ਖਾਣ ਹੰਢਾਉਣ ਵਾਲੀ। ਪਹਾੜ ਜਿੰਨੀ ਇਹ ਉਮਰ ਕੱਟਣੀ ਕਿਹੜਾ

ਸੌਖੀ ਐ। ਤੇਰੇ ਜਿੱਡੀਆਂ ਤਾਂ ਅਜੇ ਕੁਆਰੀਆਂ ਹੀ ਫਿਰਦੀਆਂ ਨੇ। ਮਨ ਵਿਚ ਸੋਚਦਾ ਮੱਖਣ ਸਿੰਘ ਸਮਝਦਾ ਹੈ ਸਾਰੀ ਗੱਲ। ਪਰ ਹੁਣ ਤਾਂ ਉਹ ਨੂੰਹ ਰਾਣੀ ਦੇ ਬੋਲਾਂ 'ਚੋਂ ਹੀ ਪੁੱਤ ਦੇ ਬੋਲ ਪਛਾਣਨ ਦਾ ਯਤਨ ਕਰਦਾ ਹੈ। ਗੁਰਨਾਮ ਕੌਰ ਦੇ ਬੋਲ ਵੀ ਤਾਂ ਉਹਦੇ ਲਈ ਕੋਈ ਘੱਟ ਮੁੱਲਵਾਨ ਨਹੀਂ ਹਨ। ਗੁਰਨਾਮ ਕੌਰ ਨੇ ਕਿਹਾ ਸੀ - "ਬਾਪੂ ਜੀ ਮੈਂ ਸੁਰਜੀਤ ਦੀ ਨਿਸ਼ਾਨੀ ਇਨ੍ਹਾਂ ਕੁੜੀਆਂ ਨੂੰ ਪਾਲੂੰਗੀ ਵੀ ਤੇ ਉਸੇ ਦੇ ਰਾਹ ਹੀ ਤੋਰੂੰਗੀ ਵੀ ਤੇ ਆਪ ਵੀ ਉਸੇ ਰਾਹ ਤੁਰੂੰਗੀ। ਇਹ ਦੋਵੇਂ ਸੁਰਜੀਤ ਦੇ ਛਿੰਦੇ ਪੁੱਤ ਹੀ ਨੇ। ਮੇਰੀ ਕੋਈ ਚਿੰਤਾ ਨਾ ਕਰਿਉ ਭੋਰੇ ਭਰ ਦੀ ਵੀ।" ਮੱਖਣ ਸਿੰਘ ਦਾ ਤਾਂ ਜਿਵੇਂ ਸਾਰਾ ਬੋਝ ਹੀ ਕਾਫੂਰ ਹੋ ਗਿਆ ਸੀ ਸੁਣਕੇ।

ਮੱਖਣ ਸਿੰਘ ਨੂੰ ਆਪਣੇ ਬੇਟੇ 'ਤੇ ਕਿਸੇ ਇਕ ਗੱਲ ਕਰਕੇ ਮਾਣ ਨਹੀਂ। ਉਸਦੇ ਕੋਲ ਬਹੁਤ ਸਾਰੇ ਕਾਰਨ ਨੇ ਆਪਣੇ ਪੁੱਤ ਉੱਪਰ ਫ਼ਖਰ ਕਰਨ ਦੇ। ਧਰਮਾਂ ਬਾਰੇ ਉਹ ਬੜਾ ਸਪੱਸ਼ਟ ਸੀ। ਇਕ ਦਿਨ ਉਸ ਨੇ ਮੁੰਡੇ ਨੂੰ ਛੇੜ ਲਿਆ ਸੀ- "ਕਾਕਾ ਤੂੰ ਗੁਰੂ ਘਰ ਨੂੰ ਐ ਨਾ ਨਿੰਦਿਆ ਕਰ।" ਅਸਲ ਵਿਚ ਸੁਰਜੀਤ ਸਿੰਘ ਤੋਂ ਪਹਿਲਾਂ ਗੱਲ ਹੀ ਠੀਕ ਢੰਗ ਨਾਲ ਨਹੀਂ ਸੀ ਆਖੀ ਗਈ। ਹੁਣ ਤਾਂ ਉਸਨੇ ਉਸਦੀ ਤਸੱਲੀ ਹੀ ਤਾਂ ਕਰਾ ਦਿੱਤੀ ਸੀ।

"ਬਾਪੂ ਜੀ ਮੈਨੂੰ ਤੁਸੀਂ ਕਦੇ ਗੁਰੂ ਘਰ ਦੇ ਖਿਲਾਫ਼ ਬੋਲਦੇ ਨੂੰ ਸੁਣਿਆ? ਦੇਖੋ ਧਰਮ ਸਭ ਬੰਦਿਆਂ ਦਾ ਆਪਣਾ-ਆਪਣਾ ਮਸਲੈ। ਕੋਈ ਕਿਸੇ ਧਰਮ ਨੂੰ ਮੰਨਦੈ ਤੇ ਕੋਈ ਕਿਸੇ ਨੂੰ। ਵੇਖੋ ਆਹ ਵਿਚਾਰੇ ਮਜ਼੍ਹਬੀ ਰਾਮਦਾਸੀਏ ਸਿੱਖਾਂ ਨੂੰ ਗੁਰਦੁਆਰੇ ਵਾਲੇ ਨੇੜੇ ਨੀ ਆਉਣ ਦਿੰਦੇ ਰਹੇ ਤੇ ਉਹ ਡੇਰਿਆਂ 'ਚ ਜਾਣ ਲੱਗ ਪਏ। ਜਿਹੜੇ ਨਹੀਂ ਜਾਂਦੇ ਉਹ ਗਲੀ 'ਚ ਹੀ ਮਾਤਾ ਰਾਣੀ ਦਾ ਥਾਨ ਬਣਾ ਕੇ ਗੁਰਦੁਆਰਾ ਬਣਾਈ ਬੈਠੇ ਐ। ਉਨ੍ਹ ਦਾ ਗੁਰੂ ਹੀ ਥਾਨ ਐ।" ਤੇ ਮੱਖਣ ਸਿੰਘ ਚੁੱਪ ਕਰ ਗਿਆ ਸੀ। ਉਸਨੂੰ ਯਾਦ ਸੀ ਜਦੋਂ ਹਰਿਜਨ ਗੁਰਦੁਆਰੇ ਵੀ ਨਹੀਂ ਸੀ ਜਾ ਸਕਦੇ ਹੁੰਦੇ। ਬਾਹਰ ਹੀ ਰੋਕ ਲਿਆ ਜਾਂਦਾ ਸੀ ਜੇ ਕੜਾਹ ਲੈਣ ਵਗ ਵੀ ਜਾਂਦੇ ਤਾਂ। ਮਜ਼੍ਹਬੀਆਂ ਦੇ ਤਾਂ ਸੱਚਮੁੱਚ ਹੀ ਕੱਚੇ ਚਬੂਤਰਾ 'ਤੇ ਮਿੱਟੀ ਦੀ ਮਾਤਾ ਰਾਣੀ ਬਣਾਈ ਹੁੰਦੀ ਜਿਸ ਉੱਤੇ ਇੱਕ ਲੰਮੀ ਸਾਰੀ ਸੋਟੀ ਗੱਡ ਕੇ ਇਕ ਟਾਕੀ ਬੰਨ੍ਹੀ ਹੁੰਦੀ ਜਿੱਥੇ ਔਰਤਾਂ ਕੱਚ ਪਿੱਲਾ ਜਿਹਾ ਕਣਕ ਦੇ ਦਲੀਏ ਦਾ ਮੱਥਾ ਟੇਕਦੀਆਂ। ਬਹੁਤੇ ਲੋਕ ਗੁਰਦੁਆਰੇ ਵਾਲਿਆਂ ਦੇ ਦੁਰਕਾਰੇ ਸਰਸੇ ਜਾਂ ਹੋਰ ਊਟ-ਪਟਾਂਗ ਥਾਵਾਂ 'ਤੇ ਜਾਣ ਲੱਗ ਪਏ। ਬਹੁਤਿਆਂ ਨੇ ਆਪਣੇ ਅੱਡ ਗੁਰਦੁਆਰੇ ਬਣਾ ਲਏ ਸੀ।

"ਉਹ ਵੀ ਤਾਂ ਮਾਨਸਿਕ ਸ਼ਾਂਤੀ ਭਾਲਦੇ ਐ ਕਿਤੋਂ। ਜੇ ਗੁਰਦੁਆਰੇ 'ਚੋਂ ਨਹੀਂ ਤਾਂ ਸਰਸੇ ਤੋਂ ਸਹੀ। ਹੁਣ ਇਹ ਵੱਡੇ 'ਗੁਰੂ ਮਾਨਿਉ ਗ੍ਰੰਥ' ਦੇ ਠੇਕੇਦਾਰ ਬਣਦੇ ਫਿਰਦੇ ਨੇ। ਤੇ ਹੁਣ ਇਹ ਖਾਲਸੇ ਕਹਾਉਣ ਵਾਲੇ ਸਾਡੇ ਲੋਕਾਂ ਨੂੰ ਡਰਾ-ਡਰਾ ਕੇ ਸਿਰੋਪਾ ਬਖਸ਼ਣ ਲੱਗੇ ਹੋਏ ਨੇ ਕੀ ਫ਼ਰਕ ਐ ਫਿਰ ਔਰੰਗੇ ਨਾਲੋਂ। ਗੱਲ ਤਾਂ ਸਾਰੀ ਵੋਟਾਂ ਦੀ ਐ। ਪਾਰਟੀਆਂ ਦੀ ਕੁੱਕੜ ਖੇਹੀ ਵਿਚ ਮਾਰਿਆ ਜਾ ਰਿਹੈ ਆਮ ਆਦਮੀ। ਦਿਹਾੜੀਦਾਰ ਜਾਂ ਸਾਧਾਰਨ ਗਰੀਬ ਕਿਸਾਨ। ਕਹਿੰਦੇ ਐ ਕਰ ਦਿਉ ਬਾਈਕਾਟ ਇਨ੍ਹਾਂ ਦਾ। ਕਿਉਂਕਿ ਇਹ ਸਰਸੇ ਜਾਂਦੇ ਐ ਇਸ ਲਈ ਇਨ੍ਹਾਂ ਦੀ ਧੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਬੈਠਣ ਦਾ ਹੱਕ ਨਹੀਂ ਰੱਖਦੀ। ਕਿਸੇ ਬਜ਼ੁਰਗ ਦਾ ਭੋਗ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਨਹੀਂ ਪਾਇਆ ਜਾ ਸਕਦਾ ਕਿਉਂਕਿ ਉਨ੍ਹਾਂ ਨੇ ਸਿਰੋਪਾ ਨਹੀਂ ਲਿਆ। ਜੇ ਇਨ੍ਹਾਂ ਛੋਟੀ ਕੌਮ ਦੇ ਲੋਕਾਂ ਨੇ ਪਹਿਲਾਂ ਨਾਲੋਂ ਦਸ ਰੁਪਏ ਦਿਹਾੜੀ ਵੱਧ ਮੰਗ ਲਈ, ਕਰ ਦਿਉ ਬਾਈਕਾਟ ਇਨ੍ਹਾਂ ਦਾ। ਸਦੀਆਂ ਤੋਂ ਇਸ ਪਿੰਡ ਵਿਚ ਕਿਰਤ ਕਮਾਈ ਕਰਕੇ ਖਾਂਦੇ ਇਹ ਲੋਕ ਹੁਣ ਤੁਹਾਡੇ ਖੇਤਾਂ ਵਿਚ ਜੰਗਲ ਪਾਣੀ ਵੀ ਨਹੀਂ ਜਾ ਸਕਦੇ ਤੇ ਨਾ ਹੀ ਆਪਣੇ ਮਾਲ ਡੰਗਰ ਵਾਸਤੇ ਕੱਖ ਪੱਠਾ ਲਿਆ ਸਕਦੇ ਨੇ। ਕੋਈ ਪੁੱਛਣ



ਵਾਲਾ ਨਹੀਂ ਨਾ। ਸੁਰਜੀਤ ਬਹੁਤ ਸਖ਼ਤ ਸੀ ਇਹੋ ਜਿਹੀਆਂ ਗੱਲਾਂ ਨੂੰ। ਉਹ ਤਾਂ ਸਿੱਧਾ ਹੋ ਜਾਂਦਾ ਸੀ ਵੱਡੇ ਗੁਰੂ ਵਾਲਿਆਂ ਨੂੰ "ਤੁਸੀਂ ਕਿੱਥੋਂ ਆ ਗਏ ਗੁਰੂ ਦੇ ਵੱਡੇ ਵਾਰਿਸ? ਅਸਲ ਵਾਰਸ ਤਾਂ ਇਹ ਲੋਕ ਕੰਮੀ ਕਮੀਨ। ਤੁਸੀਂ ਤਾਂ ਸਗੋਂ ਕਬਜ਼ੀ ਕਰ ਲਿਆ ਸਿੱਖੀ 'ਤੇ। ਮੱਖਣ ਸਿੰਘ ਨੂੰ ਸਭ ਕੁਝ ਯਾਦ ਆ ਰਿਹਾ ਹੈ। ਇਕ ਦਿਨ ਸੁਰਜੀਤ ਨੇ ਉਸਨੂੰ ਵੀ ਤਾਂ ਕੁਝ ਇਸ ਤਰ੍ਹਾਂ ਦਾ ਹੀ ਕਿਹਾ ਸੀ - "ਸਾਡੇ ਕੋਲੋਂ ਖੋਹ ਲਏ ਨੇ ਸਾਡੇ ਗੁਰੂ ਭਾਗੋਆਂ ਨੇ ਬਾਪੂ ਜੀ। ਗੁਰੂਆਂ ਨੇ ਤਾਂ ਕਿਰਤੀਆਂ ਕੰਮੀਆਂ ਦੀ ਬਾਂਹ ਫੜੀ ਸੀ ਤੇ ਇਹ ਕਿਰਤ ਦੇ ਧੱਕੇ ਲੋਕ ਨੇ ਜੋ ਸਿੱਖ ਹੋਣ ਦੀਆਂ ਫੜ੍ਹਾਂ ਮਾਰਦੇ ਨਹੀਂ ਥੱਕਦੇ ਮਲਕ ਭਾਗੋ ਦੀ ਉਲਾਦ।"

ਬੜਾ ਸੂਰਮਾ ਪੁੱਤ ਸੀ ਬਈ ਸੁਰਜੀਤ। ਪਿੱਛੇ ਜਿਹੇ ਇਕ ਕਿਸਾਨ ਦੀ ਜ਼ਮੀਨ ਦੀ ਕੁਰਕੀ ਵੇਲੇ ਵੀ ਬਹੁਤ ਕੁਝ ਹੋਇਆ ਸੀ। ਉਦੋਂ ਸਾਰਾ ਘੋਲ ਹੀ ਉਸਦੀ ਅਗਵਾਈ ਵਿਚ ਲੜਿਆ ਗਿਆ ਸੀ। ਪੁਲਿਸ ਅਫ਼ਸਰ ਉਸ ਉਪਰ ਖਾਰ੍ਹੀਆਂ ਖਾਂਦੇ ਸਨ ਤੇ ਉਸਨੂੰ ਸਬਕ ਸਿਖਾਉਣ 'ਤੇ ਤੁਲੇ ਹੋਏ ਸਨ। ਉਸਨੇ ਵੀ ਸਹੁੰ ਖਾਧੀ ਹੋਈ ਸੀ ਕਿ ਲੋਕ ਘੋਲਾਂ ਨੂੰ ਪਿੱਠ ਨਹੀਂ ਦਿਖਾਉਣੀ। ਡੀ. ਐਸ.ਪੀ. ਵੜੈਚ ਖ਼ੁਦ ਆਇਆ ਸੀ ਸੁਰਜੀਤ ਨੂੰ ਸਬਕ ਸਿਖਾਉਣ। ਉਸਨੇ ਸੁਰਜੀਤ ਦੇ ਗਲਵੇਂ 'ਚ ਹੱਥ ਪਾ ਲਿਆ ਸੀ ਤਾਂ ਸੁਰਜੀਤ ਨੇ ਘੁਮਾ ਕੇ ਇਕ ਥੱਪੜ ਉਸ ਵੱਡੇ ਨਾਢੂ ਖਾਂ ਡੀ. ਐਸ. ਪੀ. ਵੜੈਚ ਦੀ ਪੁੜਪੁੜੀ 'ਤੇ ਜੜ ਦਿੱਤਾ ਸੀ। ਤਿੰਨ ਚਾਰ ਪੁਲਿਸ ਵਾਲਿਆਂ ਨੇ ਸੁਰਜੀਤ ਨੂੰ ਕਾਬੂ ਕਰ ਲਿਆ ਸੀ। ਕਿਸੇ ਨੇ ਉਸਦੀਆਂ ਬਾਹਾਂ ਫੜੀਆਂ ਹੋਈਆਂ ਸਨ ਤੇ ਕਿਸੇ ਨੇ ਲੱਤਾਂ। ਡੀ. ਐਸ. ਪੀ. ਨੇ ਆਪ ਡਾਂਗ ਫੜ ਕੇ ਸੁਰਜੀਤ ਦੀ ਦੋ ਥਾਵਾਂ ਤੋਂ ਲੱਤ ਭੰਨੀ ਸੀ। ਕਮਾਲ ਹੀ ਤਾਂ ਹੋ ਗਈ ਧੀ ਜਦੋਂ ਸੁਰਜੀਤ ਨੇ ਹੰਕਾਰੇ ਪੁਲਸੀਏ ਨੂੰ ਵੰਗਾਰਿਆ ਸੀ - "ਲੋਕਾਂ ਦੇ ਦੁਸ਼ਮਣਾ ਕੋਈ ਕਸਰ ਨਾ ਰਹਿ ਜਾਏ ਜੇ ਅਜੇ ਤੈਨੂੰ ਕਸਰ ਜਾਪਦੀ ਹੈ ਤਾਂ ਹੋਰ ਚਾਅ ਲਾਹ ਲੈ, ਬੁੱਚੜਾ ਕਸਾਈਆ।" ਲੋਕਾਂ ਨੇ ਉਥੇ ਹੀ ਚੱਕਾ ਜਾਮ ਕਰ ਦਿੱਤਾ ਸੀ। ਅਖ਼ੀਰ ਐਸ. ਐਸ. ਪੀ. ਨੂੰ ਆਪ ਆ ਕੇ ਕਿਸਾਨਾਂ ਨਾਲ ਸਮਝੌਤਾ ਕਰਨਾ ਪਿਆ ਸੀ।

"ਪੁੱਤ ਸੁਰਜ਼ੀਤ ਇਕ ਵਾਰ ਫੇਰ ਆ ਕੇ ਇਹੋ ਜਿਹੀਆਂ ਗੱਲਾਂ ਈ ਕਰ ਜਾ ਸ਼ੇਰਾ ਮੇਰੇ ਨਾਲ।" ਮੱਖਣ ਸਿੰਘ ਆਪਣੇ ਆਪ ਨਾਲ ਗੱਲਾਂ ਕਰਦਾ-ਕਰਦਾ ਮਾਣ ਵੀ ਮਹਿਸੂਸ ਕਰਦਾ ਹੈ ਤੇ ਕਦੇ ਝੂਰਨ ਵੀ ਲੱਗ ਜਾਂਦਾ ਹੈ। ਕਈ ਵਾਰ ਉਸਨੂੰ ਭੁਚੱਕੇ ਵੀ ਪੈਂਦੇ ਨੇ ਕਿ ਸੁਰਜੀਤ ਬਾਹਰੋਂ ਆਇਆ ਹੈ ਤੇ ਉਸਨੂੰ ਕਈ ਤਰ੍ਹਾਂ ਦੀਆਂ ਗੱਲਾਂ ਕਰ-ਕਰ ਛੇੜ ਰਿਹਾ ਹੈ।

ਸੁਰਜੀਤ ਬਹੁਤ ਹੀ ਅਣਜਕਾ ਸੀ। ਬੋਲਣ ਵੇਲੇ ਆਪਣੇ ਬਿਗਾਨੇ ਦਾ ਲਿਹਾਜ਼ ਨਹੀਂ ਸੀ ਕਰਦਾ, ਜਾਤ-ਪਾਤ ਦਾ ਕੱਟੜ ਵੈਰੀ। ਉਹ ਕਈ ਵਾਰ ਮੱਖਣ ਸਿੰਘ ਨਾਲ ਗੱਲ ਕਰਦਾ- "ਜੱਟੀਆਂ ਪਸ਼ੂਆਂ ਦੇ ਮੂੰਹ ਵਿਚ ਹੱਥ ਦੇ ਕੇ ਤਾਂ ਆਟਾ ਚਟਾ ਸਕਦੀਆਂ ਹਨ। ਪਰ ਇਹ ਲੋਕ ਸਾਡੇ ਉਨ੍ਹਾਂ ਦੇ ਭਾਂਡੇ ਨੂੰ ਹੱਥ ਨਹੀਂ ਲਾ ਸਕਦੇ। ਇਨ੍ਹਾਂ ਨੂੰ ਆਪਣਾ ਭਾਂਡਾ ਲਿਜਾਣਾ ਪੈਂਦਾ ਹੈ ਅੱਜ ਵੀ? ਕੁੱਤਾ ਜੋ ਜੱਟਾਂ ਦੇ ਘਰਾਂ ਦੀ ਰਾਖਾ ਹੁੰਦੈ, ਚੌਕੇ ਵਿਚ ਜਾ ਸਕਦੈ ਪਰ ਬੰਦੇ ਦੀ ਕਿਉਂ ਉਨ੍ਹਾਂ ਦੇ ਭਾਂਡੇ ਨੂੰ ਭਿੱਟ ਚੜ੍ਹ ਜਾਂਦੀ ਹੈ?" ਮੱਖਣ ਸਿੰਘ ਨੂੰ ਕਈ ਵਾਰ ਔਖ ਜਿਹੀ ਜ਼ਰੂਰ ਹੁੰਦੀ ਸੀ। ਮੱਖਣ ਸਿੰਘ ਨੇ ਕਹਿਣਾ- "ਨਾ ਸੁਰਜੀਤ ਐ ਨਾ ਬੋਲਿਆ ਕਰ। ਇਹਦਾ ਕੋਈ ਲਾਭ ਤਾਂ ਹੁੰਦਾ ਨਹੀਂ।"

"ਤੂੰ ਨਹੀਂ ਜੱਟ ਕਿ ਤੂੰ ਕੋਈ ਹੋਰ ਐ?" ਕੋਈ ਮਚਲਿਆ ਜੱਟ ਉਸ 'ਤੇ ਆਪਣਾ ਵਿਅੰਗ ਕੱਸਦਾ- "ਨਾ ਤੂੰ ਕੀ ਐਂ? ਪੜ੍ਹਕੇ ਚਾਰ ਜਮਾਤਾਂ ਹੋਰ ਈ ਕੁਝ ਬਣਿਆ ਫਿਰਦੈ ਹੈ?"

"ਮੈਂ ਗੁਰੂ ਦਾ ਸਿੱਖ ਤੇ ਤੁਸੀਂ ਦੱਸੋ ਬਈ ਤੁਸੀਂ ਕੀ ਓ?" ਇਨ੍ਹਾਂ ਗੱਲਾਂ ਦਾ ਮੱਖਣ ਸਿੰਘ ਨੂੰ ਪਤਾ ਲੱਗ ਜਾਣਾ ਤਾਂ ਉਸਨੇ ਸੁਰਜੀਤ ਨਾਲ ਔਖਾ ਹੋਣਾ।

"ਸੁਰਜੀਤ ਮੈਂ ਤੈਨੂੰ ਕੈ ਵਾਰੀ ਕਿਹੈ ਬਈ ਤੂੰ ਇਸ ਜੜੀ ਨਾਲ ਨਾ ਬਹਿਸਿਆ ਕਰ।"

"ਦੇਖ ਬਾਪੂ ਤੂੰ ਤਾਂ ਬਾਣੀ ਦਾ ਭਜਨੀਕ ਐ। ਰੋਜ਼ ਗੁਰੂ ਘਰ ਵੀ ਜਾਂਦਾ ਰਿਹੈ। ਤੂੰ ਤਾਂ ਕਦੇ ਛੋਟੀ ਵੱਡੀ ਜਾਤ ਮੰਨੀ ਨੀ। ਕੋਈ ਰਿੜਕਣੇ 'ਚੋਂ ਲੱਸੀ ਲੈ ਕੇ ਜਾਈ ਜਾਵੇ ਤੇ ਕੋਈ ਚੁੱਲ੍ਹੇ ਆ ਚੜ੍ਹੇ। ਆਪਣੇ ਟੱਬਰ ਨੂੰ ਕਦੇ ਕੋਈ ਫ਼ਰਕ ਨਹੀਂ ਪਿਆ। ਇਹ ਐ ਸਿੱਖੀ। ਨਾਲੇ ਸਿੱਖੀ ਅੰਮ੍ਰਿਤ ਨਾਲ ਈ ਤਾਂ ਨੀ ਸ਼ੁਰੂ ਹੁੰਦੀ। ਪਹਿਲੇ ਨੌਂ ਗੁਰੂ ਕੀ ਸੀ? ਕੀ ਉਨ੍ਹਾਂ ਦੇ ਵੇਲੇ ਕੋਈ ਸਿੱਖ ਨਹੀਂ ਸੀ? ਮੈਂ ਕਿਵੇਂ ਮੰਨਾਂ ਬਈ ਇਹ ਸਿੱਖੀ ਦੇ ਦਾਅਵੇਦਾਰ ਨੇ। ਇਹ ਦਸਵੇਂ ਗੁਰੂ ਦੀ ਜ਼ੁਲਮ ਜਬਰ ਨਾਲ ਟਕਰਾਉਣ ਵਾਲੀ ਫੌਜ ਨਹੀਂ ਇਹ ਪੰਥ ਵਾਲੇ।"

"ਚੱਲ ਆਪਾਂ ਕਾਹਨੂੰ ਬੁਰ ਪੈਣੈ ਕਿਸੇ ਨਾਲ।" ਮੱਖਣ ਸਿੰਘ ਨੇ ਸੋਚਣਾ- ਮੁੰਡਾ ਨਵਾਂ ਖ਼ੂਨ ਐ, ਨਾ ਜਾਣੇ ਕਿਸੇ ਨਾਲ ਉੱਚਾ-ਨੀਵਾਂ ਹੋ ਜੇ ਤੇ ਪਿੱਛੋਂ ਐਵੇਂ ਵਾਧਾ ਘਾਟਾ ਹੁੰਦਾ ਫਿਰੇ। ਅਨਪੜ੍ਹਤਾ ਬਾਹਲੀ ਐ ਦਲੀਲ ਘੱਟ ਐ। ਇੱਥੇ ਤਾਂ ਸਾਧਾਂ ਦੇ ਸੱਤਰ ਸਾਲ ਪੁਰਾਣੇ ਕਛਹਿਰਿਆਂ ਦੀ ਪੂਜਾ ਹੋਈ ਜਾਂਦੀ ਐ। ਕੀ ਲੋੜ ਪਈ ਐ ਐਵੇਂ ਜਾਭਾਂ ਦਾ ਭੇੜ ਈ ਐ, ਗੱਲ ਕਿਸੇ ਨੇ ਸਮਝਣੀ ਤਾਂ ਹੈ ਨੀ ਅਊ ਅਊ ਵੱਧ ਕਰਨੀ ਐ। ਜੇ ਕਿਸੇ ਨੇ ਮੰਨਣਾ ਹੀ ਨੀ ਤਾਂ ਜਾਭਾਂ ਦਾ ਪੁੜਪੁੜੀ ਪਾਠ ਕਰਨ ਦਾ ਕੀ ਰੋਜ?"

ਪਰ ਸੁਰਜੀਤ ਤਾਂ ਧੰਨ ਈ ਸੀ। ਧੱਕਾ ਹੋਇਆ ਨੀ ਸੀ ਜਰਦਾ ਕਿਸੇ ਵੀ ਗਰੀਬ ਗੁਰਬੇ 'ਤੇ। ਮੱਖਣ ਸਿੰਘ ਨੂੰ ਬਹੁਤ ਕੁਝ ਯਾਦ ਆ ਰਿਹਾ ਹੈ। ਜਦੋਂ ਮੰਡਲੀਆਂ ਭੋਰਨ ਦੀ ਗੱਲ ਨੂੰ ਲੈ ਕੇ ਪਿੰਡ ਦੇ ਘਸੀ ਪਿਟੀ ਜਿਹੀ ਜ਼ੈਲਦਾਰੀ ਵਾਲੇ ਦਿਲਬਾਗ ਸਿੰਘ ਨੇ ਬਚਨੇ ਰਾਮਦਾਸੀਏ ਨੂੰ ਚਮਾਰ ਚਮਾਰ ਕਹਿ ਕੇ ਸੱਥ ਵਿਚ ਕੁੱਟਿਆ ਸੀ। ਜਦੋਂ ਵਿਚੋਂ ਗੱਲ ਨਿਕਲੀ ਸੀ ਕਿ ਪਿੰਡ ਦਾ ਢੱਠਾ ਮੰਡਲੀਆਂ ਨਾਲ ਖਹਿ ਗਿਆ ਸੀ। ਉਸ ਵੇਲੇ ਵੀ ਤਾਂ ਸੁਰਜੀਤ ਹੀ ਮੂਹਰੇ ਹੋਇਆ ਸੀ- "ਉਇ ਅਵਾਰਾ ਗਾਂਈਆਂ ਤਾਂ ਹੋਈਆਂ ਥੋੜੀਆਂ ਮਾਵਾਂ, ਤੇ ਢੱਠੇ ਹੋਏ ਪਿਉ। ਜੇ ਇਕ ਗਰੀਬ ਥੋੜੇ ਖੇਤ 'ਚ ਵੜ ਗਿਆ ਤਾਂ ਖੇਤ ਭਿੱਟਿਆ ਗਿਆ।" ਸੁਰਜੀਤ ਆਪ ਹੀ ਵਿਹੜਿਆ ਵਿਚ ਗਿਆ ਸੀ ਤੇ ਉਸਨੇ ਵਿਹੜੇ ਵਾਲਿਆਂ ਨੂੰ 'ਕੱਠੇ ਹੋ ਕੇ ਟਾਕਰਾ ਕਰਨ ਲਈ ਬਹੁਤ ਜ਼ੋਰ ਲਾਇਆ ਸੀ ਪਰ ਕੋਈ ਨਾ ਉੱਠਿਆ। ਉੱਠਿਆ ਤਾਂ ਬਚਨਾ ਆਪ। ਸ਼ਾਇਦ ਇਹ ਵੀ ਸੁਰਜੀਤ ਦੀਆਂ ਗੱਲਾਂ ਦਾ ਹੀ ਅਸਰ ਹੋਵੇ ਜੋ ਬਚਨੇ ਨੇ ਕਬੂਲ ਕਰ ਲਿਆ ਹੋਵੇ।

ਉਸਨੇ ਵੀ ਐਨ ਉਸੇ ਦਿਨ ਬਦਲਾ ਲਿਆ ਸੀ ਦਿਲਬਾਗ ਸਿੰਘ ਤੋਂ। "ਬਚਨਿਆ ਜੋੜਾ ਬਣਾਇਆ ਨ੍ਹੀ ਅਜੇ ਤਾਂਈ ਕੈ ਦਿਨ ਹੋ ਗਏ ਮੇਚ ਦਿੱਤੇ ਨੂੰ?" ਸਰਦਾਰ ਦਿਲਬਾਗ ਸਿੰਘ ਨੇ ਰੋਹਬ ਝਾੜਿਆ ਸੀ।

"ਸਾਈ ਫੜਾ ਕੇ ਗਿਆ ਸੀ ਜਿਹੜਾ ਤੜੀ ਦਿੰਨੈ ਜਾਹ ਨਹੀਂ ਬਣਦਾ ਮੇਰੇ ਕੋਲੋਂ।" ਬਚਨੇ ਨੇ ਅਣਖ ਵਿਖਾਈ ਸੀ। ਸਰਦਾਰ ਥੋੜਾ ਭੈਂਕਰਿਆ ਸੀ ਤਾਂ ਬਚਨੇ ਨੇ ਰੰਬੀ ਚੁੱਕ ਲਈ ਸੀ। ਸਰਦਾਰ ਬੰਦੂਕ ਲੈਣ ਗਿਆ ਸੀ ਤਾਂ ਬਚਨਾ ਸੁਰਜੀਤ ਕੋਲ ਆ ਗਿਆ ਤੇ ਸੁਰਜੀਤ ਉਸ ਦੇ ਅੱਡੇ 'ਤੇ ਆ ਖੜ੍ਹਾ ਸੀ ਰਾਖਾ ਬਣ ਕੇ। ਉਸ ਵੇਲੇ ਸੁਰਜੀਤ ਦੇ ਮਨ ਵਿਚ ਇਹ ਜ਼ਰੂਰ ਆ ਰਹੀ ਸੀ ਕਿੰਨਾ ਚੰਗਾ ਹੁੰਦਾ ਜੇ ਇਹ ਸਾਰੇ ਹੀ ਗਰੀਬ ਵਿਹੜੇ ਵਾਲੇ ਲੋਕ ਬਚਨੇ ਦੀ ਮੱਦਦ ਕਰਦੇ। ਫਿਰ ਵੇਖਦੇ ਕਿਵੇਂ ਇਹ ਲੋਕ ਜਗੀਰਦਾਰੀ ਦੀ ਫੋਕੀ ਧੌਂਸ ਦੇ ਹੇਠੋਂ ਨਿਕਲਦੇ।

ਪਿੰਡ 'ਚੋਂ ਕੁਝ ਹੈਅ-ਭੈਅ ਵਾਲੇ ਬੰਦੇ ਤਾਂ ਜੋੜ ਲਏ ਸਨ ਸੁਰਜੀਤ ਨੇ ਬਚਨੇ ਦੀ ਇਮਦਾਦ ਵਾਸਤੇ। ਪਰ ਦਿਲਬਾਗ ਸਿੰਘ ਦੇ ਕਾਮੇ ਹੀ ਬਚਨੇ ਦੇ ਵਿਰੁੱਧ ਭੁਗਤੇ ਸਨ। ਉਨ੍ਹਾਂ ਦੇ ਆਪਣੇ ਹੀ ਘਰਾਂ



ਦੇ ਬੰਦੇ ਪੀਲਾ ਤੇ ਦਾਰਾ। ਦਾਬਾ ਹੀ ਐਨਾ ਸੀ ਸਰਦਾਰ ਦਾ। ਵਿਹੜੇ ਵਾਲਿਆਂ 'ਚੋਂ ਕੋਈ ਨਹੀਂ ਸੀ ਉੱਠਿਆ।

ਦਿਲਬਾਗ ਸਿੰਘ ਨੇ ਜੱਟਾਂ ਨੂੰ ਭੜਕਾਉਣ ਦੀ ਕੋਸ਼ਿਸ਼ ਕੀਤੀ ਸੀ ਪਰ ਸੁਰਜੀਤ ਦੀਆਂ ਗੱਲਾਂ ਨੇ ਠੰਡਾ ਛਿੜਕ ਕੇ ਜੱਟਾਂ ਤੇ ਹਰੀਜਨ ਦਾ ਪਾੜਾ ਨਹੀਂ ਸੀ ਪੈਣ ਦਿੱਤਾ। "ਜੇ ਗਰੀਬ ਗੁਰਬਾ ਖੇਤਾਂ ਦੇ ਵੱਟਾਂ 'ਚੋਂ ਟਾਟ ਟਾਟ, ਬੱਲੀ ਬੱਲੀ ਚੁਗ ਕੇ ਜੂਨ ਗੁਜ਼ਾਰਾ ਕਰਦਾ ਐ ਤਾਂ ਇਹ ਕਿਹੜੀ ਜੱਗੋਂ ਤੇਰਵੀਂ ਹੋ ਗਈ। ਆਖੇ ਸਾਡੇ ਖੇਤ 'ਚ ਕਿਉਂ ਵੜੇ। ਹੋਰ ਫਿਰ ਇਹ੍ ਜਾਣ ਤਾਂ ਕਿੱਥੇ ਜਾਣ? ਮੁਆਫ਼ੀ ਮੰਗਵਾਈ ਸੀ ਸਰਦਾਰ ਤੋਂ ਜਦੋਂ ਪਿੰਡ ਦੇ ਹੋਰ ਨੌਜਵਾਨ ਵੀ ਨਾਲ ਜੋੜ ਲਏ ਸੀ ਸੁਰਜੀਤ ਨੇ। ਉਦੋਂ ਸੁਰਜੀਤ ਨੇ ਭੱਜ ਨੱਠ ਕਰਕੇ ਪਿੰਡ ਵਿਚ ਨੌਜਵਾਨਾਂ ਦੀ ਸਭਾ ਹੀ ਬਣਾ ਦਿੱਤੀ ਸੀ ਤੇ ਪਿੰਡ ਵਿਚ ਕੁਝ ਕਿਤਾਬਾਂ ਲਿਆ ਕੇ ਲਾਇਬ੍ਰੇਰੀ ਖੋਲ੍ਹ ਦਿੱਤੀ ਸੀ। ਫੇਰ ਦੇਖਾ ਦੇਖੀ ਕੁਝ ਕੁ ਮਜ਼ਬੀ ਰਾਮਦਾਸੀਆ ਦੇ ਮੁੰਡੇ ਜੁੜ ਗਏ ਸਨ ਉਹਦੇ ਨਾਲ। ਉਹ ਮਜ਼ਬੀ ਸਿੱਖਾਂ ਦੀ ਧਰਮਸ਼ਾਲਾ ਵਿਚ ਉਨ੍ਹਾਂ ਨੂੰ ਗੁਰਮੁਖੀ ਪੜ੍ਹਾਉਣ ਵੀ ਲੱਗ ਪਿਆ ਸੀ।

ਸੁਰਜੀਤ ਦੀ ਮਾਂ ਵੀ ਤਾਂ ਦਾਨੀ ਤੀਵੀਂ ਸੀ। ਜੇ ਬਚਨੇ ਦੀ ਘਰ ਵਾਲੀ ਨੇ ਮਿੱਟੀ ਗਾਰੇ ਦਾ ਕਰਨ ਆਉਣਾ ਤਾਂ ਕਈ ਵਾਰ ਨਾਲ ਕੋਈ ਕੁੜੀ ਆ ਜਾਂਦੀ। ਤੇਜ ਕੁਰ ਨੇ ਕੋਈ ਫ਼ਰਕ ਈ ਨਾ ਰੱਖਣਾ ਤੇ ਰਸੋਈ 'ਚ ਬਿਠਾ ਕੇ ਖਵਾਉਣਾ ਪਿਆਉਣਾ ਕੁੜੀਆਂ ਨੂੰ। "ਖਾ ਲੈ ਪੁੱਤ ਨੀ, ਖਬਰੈ ਥੋਡਾ ਦਿੱਤਾ ਈ ਖਾਨੇ ਆਂ। ਥੋਡਾ ਈ ਪੁੰਨ ਲੱਗਿਆ ਸਾਨੂੰ। ਸੁੱਖ ਨਾਲ ਕਿਸੇ ਚੀਜ਼ ਦੀ ਤੋਟ ਨੀ ਰੱਖੀ ਮਹਾਰਾਜ ਨੇ। "ਕਾੜ੍ਹਨੀ, 'ਚੋਂ ਦੁੱਧ ਪਾਉਂਦੀ ਤੇਜ ਕੌਰ ਨੇ ਕਈ ਵਾਰ ਇਹ ਗੱਲ ਦੁਹਰਾਈ ਸੀ। ਉਹ ਕਈ ਵਾਰ ਦਿਹਾੜਨਾ ਨੂੰ ਕਹਿ ਦਿੰਦੀ ਸੀ- "ਪੁੱਤ ਨੀ ਆਪੇ ਈ ਲਾਹ ਲੋ ਤੌੜੀ ਹਾਰੇ 'ਚੋਂ। ਹਾਅ ਪੀਪੀ 'ਚ ਸ਼ੱਕਰ ਪਈ ਐ ਜੇ ਮਿੱਠਾ ਪਾਉਣੈ ਤਾਂ ... ਪੀ ਲਉ ਰੱਜ ਕੇ ਮੇਰੀਆਂ ਧੀਆਂ।" ਮੱਖਣ ਸਿੰਘ ਅੱਜ ਸੋਚਦਾ ਹੈ ਕਿ ਤੇਜ ਕੌਰ ਤਾਂ ਆਪ ਵੀ ਦੇਵਤਾ ਲੋਕ ਸੀ ਤੇ ਸੁਰਜੀਤ ਬਹੁਤਾ ਆਪਣੀ ਮਾਂ 'ਤੇ ਗਿਆ। ਫਿਰ ਤਾਂ ਮੱਖਣ ਸਿੰਘ ਨੇ ਵੀ ਦਲੇਰੀ ਫੜਕੇ ਕਹਿ ਦਿੱਤਾ ਸੀ- "ਬਚਨਿਆ ਐ ਨਾ ਸਮਝੀ ਬਈ ਪਿੰਡ 'ਚ ਤੇਰਾ ਕੋਈ ਨਹੀਂ। ਤੂੰ ਰਵਿਦਾਸ ਮਹਾਰਾਜ ਦੀ ਵੰਸ਼ 'ਚੋਂ ਐਂ ਭਾਈ। ਇਹ ਸਾਰੇ ਭਾਗੋ ਤੇ ਬਾਹਮਣ ਕੱਠੇ ਹੋਏ ਵੇ ਨੇ। ਮੈਂ ਜੇ ਮਾਰ ਮਾਰ ਕੇ ਖੂੰਡੇ ਪੁੜੀ ਪੂੰ ਨਾ ਪਾ 'ਤੀ ਤਾਂ ਮੈਨੂੰ ਵੀ ਮਾਂ ਨੇ ਨੀ ਜੰਮਿਆ। ਨਾਲ ਆਂ ਅਸੀਂ ਤੇਰੇ।"

ਬਚਨਾ ਹੱਥ ਜੋੜੀ ਸ਼ੁਕਰਾਨੇ ਵਿਚ ਖੜ੍ਹਾ ਰਿਹਾ ਸੀ ਇਕ ਬੁੱਤ ਬਣਿਆ। ਸੁਰਜੀਤ ਬੋਲਿਆ ਸੀ, ਤਾਇਆ ਤੂੰ ਕਿਸੇ ਨਾਢੂ ਖਾਂ ਦੀ ਟੈ ਨਾ ਮੰਨੀ। ਗੁਰੂ ਤੇਰੇ ਨਾਲ ਐ। ਉਹ ਅਣਖ ਵਾਲਿਆਂ ਦੇ ਨਾਲ ਈ ਖੜ੍ਹਦੇ। ਦਿਲਬਾਗ ਸਿੰਘ ਮਿਲਿਆ ਸੀ ਸੁਰਜੀਤ ਨੂੰ ਰਾਹ ਜਾਂਦਾ। ਬੱਕਰੀ ਬਣਿਆ ਹੋਇਆ ਸੀ- 'ਸ਼ੇਰਾ ਇਹ ਕਮੀਨ ਲੋਕ ਈ ਜੇ ਸਾਡੇ ਮੂਹਰੇ ਐ ਬੋਲਣ ਲੱਗੇ।

"ਚਾਚਾ ਜੀ ਐਹੋ ਜੀ ਕੀ ਗੱਲ ਹੋ ਗਈ ਜੋ ਜੱਗੋਂ ਸੀਰ ਈ ਮੁਕਾਉਣ ਦੀਆਂ ਗੱਲਾਂ ਕਰਨ ਲੱਗ ਪਏ" ਸੁਰਜੀਤ ਪੇ ਤਾਂ ਆਪਣਾ ਜੱਗ 'ਤੇ ਕੀ ਰਹਿ ਗਿਆ? ਦੇਖ ਪੁੱਤਰਾ ਅੱਜ ਜਦੋਂ ਮੈਂ ਸੱਥ 'ਚੋਂ ਦੀ ਲੰਘ ਰਿਹਾ ਸੀ ਤਾਂ ਬਚਨੇ ਦੀ ਕੁੜੀ ਗੋਹੇ ਦਾ ਟੋਕਰਾ ਚੁੱਕੀ ਜਾਂਦੀ ਸੀ ਤਾਂ ਉਸਨੇ ਮੇਰੇ ਬੰਨੀ ਦੇਖ ਕੇ ਥੁੱਕਿਆ। ਇਹ ਚੰਗੀ ਗੱਲ ਤਾਂ ਨੀ।"

"ਮਾੜੀ ਗੱਲ ਐ ਚਾਚਾ ਜੀ। ਪਰ ਜੇ ਗੋਹੇ ਦੇ ਮੁਸ਼ਕ ਕਰਕੇ ਈ ਕੁੜੀ ਦੇ ਮੂੰਹ ਵਿਚ ਥੁੱਕ ਆ ਗਿਆ ਹੋਇਆ ਤਾਂ ਇਸ ਵਿਚ ਕੁੜੀ ਦਾ ਕੋਈ ਕਸੂਰ ਨਾ ਹੋਇਆ।"

ਮਹੀਨਾ ਵੀ ਨਹੀਂ ਬੀਤਿਆ ਹੋਣਾ ਕਿ ਲੋਕਾਂ ਉੱਪਰ ਨਵੀਂ ਬਿਪਤਾ ਦਾ ਪਹਾੜ ਟੁੱਟ ਪਿਆ।

ਮੱਖਣ ਸਿੰਘ ਦਾ ਤਦ ਤੱਕ ਰਾਜਨੀਤੀ ਵਿਚ ਕੋਈ ਬਹੁਤਾ ਵਾਹ ਨਹੀਂ ਸੀ ਬੱਸ ਸੁਰਜੀਤ ਦੀਅ ਗੱਲਾਂ ਦਾ ਅਸਰ ਜ਼ਰੂਰ ਹੋ ਜਾਂਦਾ ਸੀ ਉਸਦੇ ਦਿਲ ਤੇ। ਉਹ ਵਾਹਿਗੁਰੂ ਅੱਗੇ ਅਰਦਾਸ ਕਰਦਾ- "ਸੱਚਿਆ ਪਾਤਸ਼ਾਹ ਕਰ ਮਿਹਨ। ਇਨ੍ਹਾਂ ਰਾਜਿਆਂ ਨੂੰ ਮੱਤ ਦਿਹ ਦਾਤਿਆ" - ਫਿਰ ਆਪ ਹੀ ਆਪਣੇ ਖ਼ਿਆਲ ਦਾ ਉੱਤਰ ਦਿੰਦਾ "ਇਹ ਨ੍ਹੀ ਟਿਕਣ ਦਿੰਦੇ ਪਰਜਾ ਨੂੰ। ਕਿਸੇ ਨੂੰ ਸੁੱਖ ਦਾ ਸਾਹ ਨਾ ਆ ਜਾਏ ਸਰਕਾਰਾਂ ਵੀ ਤਾਂ ਐ ਈ ਸੋਚੀ ਖੜ੍ਹੀਆਂ ਨੇ। ਤੇਰੇ ਈ ਰੱਖਣ ਦੇ ਆਂ ਸਤਿਗੁਰੂ।"

ਪਿੰਡ ਬੰਗੜ ਚੱਠਾ ਸਿੰਘ ਵਾਲਾ ਦੇ ਦੋ ਗਰੀਬ ਕਿਸਾਨਾਂ ਦੀ ਦੋ-ਦੋ ਚਾਰ-ਚਾਰ ਕਿੱਲੇ ਜ਼ਮੀਨ ਕੁਰਕ ਕੀਤੀ ਜਾਣੀ ਸੀ ਤਾਂ ਕਿਸਾਨ ਜਥੇਬੰਦੀਆਂ ਮੈਦਾਨ ਵਿਚ ਉਤਰ ਆਈਆਂ। ਮੱਖਣ ਸਿੰਘ ਸਿਮਰਨਾ ਫੇਰਦਾ ਤੇ ਨਿਤਨੇਮ ਦਾ ਜਾਪ ਕਰਦਾ, ਅਰਦਾਸਾਂ ਕਰਦਾ ਉਧਰ ਅਹੁਲਿਆ ਸੀ ਪਰ ਇਸ ਮਾਮਲੇ ਵਿਚ ਉਸਦੀ ਕੋਈ ਅਰਦਾਸ ਅਸਰ ਕਰਦੀ ਨਾ ਦਿੱਸੀ ਤਾਂ ਉਹ ਗੁਰੂ ਨੂੰ ਹੀ ਉਲ੍ਹਾਮਿਆਂ 'ਤੇ ਉਤਰ ਆਇਆ।

"ਸੱਚੇ ਪਾਤਸ਼ਾਹ ਇਹ ਕੀ ਕਰਵਾਈ ਜਾਨੈ ਤੂੰ? ਤੂੰ ਤਾਂ ਲਿਖਿਆ ਸੀ ਬਈ ਜੇ ਕੋਈ ਗਰੀਬਾਂ ਦੀ ਦਾਹੜੀ ਖਿੱਚੂ ਤਾਂ ਪਾਰਬ੍ਰਹਮ ਉਸਨੂੰ ਅਗਨ ਵਿਚ ਸਾੜੂ। ਇਹ ਪਾਪੀ ਤਾਂ ਸਗੋਂ ਦਿਨ ਰਾਤ ਵਧ ਫੁੱਲ ਰਹੇ ਨੇ। ਸਿਰਫ਼ ਦੋ ਕਿੱਲੇ ਜਿਸ ਉਪਰ ਉਹ ਗਰੀਬ ਜੱਟ ਆਪਣੇ ਟੱਬਰ ਨਾਲ ਜੂਨ ਗੁਜ਼ਾਰਾ ਕਰਦਾ ਸੀ ਉਹ ਵੀ ਨਹੀਂ ਰਹਿਣ ਦੇਣੀ ਉਹਦੇ ਕੋਲ। ਸੱਚੇ ਪਾਤਸ਼ਾਹ ਇਹ ਤੇਰਾ ਕਾਨੂੰਨ ਐ ਕਿ ਰਾਜਿਆਂ ਦਾ? ਹੁਣ ਜੱਟਾ ਦੇ ਦੋ ਕਿੱਲੇ ਜ਼ਮੀਨ ਖੋਹ ਲਈ ਜਾਵੇਗੀ ਤੇ ਸਾਡੇ ਆਜ਼ਾਦ ਭਾਰਤ ਦਾ ਇਹ ਕਾਨੂੰਨ ਉਸਨੂੰ ਸੜਕਾਂ 'ਤੇ ਭੁੱਖੇ ਮਰਨ ਦਾ ਜਮਹੂਰੀ ਹੱਕ ਦੇ ਦੇਵੇਗਾ। ਉਸਨੂੰ ਪੂਰਨ ਆਜ਼ਾਦੀ ਹੋਵੇਗੀ ਕਿ ਉਹ ਬੇਸ਼ੱਕ ਸਲਫਾਸ ਖਾਕੇ ਮਰੇ ਜਾਂ ਫਾਹਾ ਲੈਕੇ ਉਸਦੀ ਮਰਜ਼ੀ। ਉਹ ਬੜੀ ਮੌਜ ਨਾਲ ਸਪਰੇਅ ਵੀ ਪੀ ਸਕਦੈ। ਖੇਤ ਵਾਲੀ ਕਿੱਕਰ ਦੇ ਕਿਸੇ ਟਾਹਣੇ ਨਾਲ ਰੱਸਾ ਲਮਕਾ ਕੇ ਵੀ ਗਲ ਵਿਚ ਪਾ ਸਕਦੈ। ਆਪਣੇ ਟੱਬਰ ਨੂੰ ਵੀ ਨਾਲ ਹੀ ਪਿਆ ਸਕਦੈ ਸਪਰੇਅ। ਖਵਾ ਸਕਦੈ ਸਲਫਾਸ ਬੱਚਿਆਂ ਨੂੰ ਵੀ। ਉਸਨੂੰ ਪੂਰਨ ਆਜ਼ਾਦੀ ਬਖਸ਼ੀ ਐ ਸਾਡੇ ਸੰਵਿਧਾਨ ਨੇ। ਉਹ ਜੋ ਮਰਜ਼ੀ ਰਾਹ ਚੁਣ ਸਕਦੈ। ਕਿਸੇ ਹੋਰ ਜੱਟ ਦਾ ਦਿਹਾੜੀਆ ਵੀ ਬਣ ਸਕਦੈ ਜੇ ਸਿਰ ਵਿਚ ਜੱਟ ਵਾਲਾ ਕਿੱਲਾ ਨਾ ਹੋਵੇ। ਸੁਰਜੀਤ ਨੇ ਹੀ ਜਿਵੇਂ ਮੱਖਣ ਸਿੰਘ ਲਈ ਕੋਈ ਨਵੇਂ ਅਧਿਆਇ ਖੋਲ੍ਹੇ ਸਨ ਜੋ ਉਹਦੇ ਲਈ ਇਕ ਤਰ੍ਹਾਂ ਦੇ ਸਕੂਲ ਸਾਬਤ ਹੋ ਰਹੇ ਸਨ।

ਹੁਣ ਤੁਸੀਂ ਦੱਸੋ ਬਈ ਸੁਰਜੀਤ ਨੇ ਜੋ ਫਸਲ ਘਰਦਿਆਂ ਲਈ ਬੀਜ਼ ਦਿੱਤੀ ਸੀ ਉਹ ਗੁਰਨਾਮ ਕੌਰ ਨੇ ਹੀ ਤਾਂ ਵੱਢਣੀ ਸੀ, ਕਿ ਕੋਈ ਹੋਰ ਵੱਢਦਾ? ਜਾਂ ਫਿਰ ਇਹ ਮੱਖਣ ਸਿੰਘ ਦੇ ਹਿੱਸੇ ਵਿਚ ਆਈ ਸੀ। ਹਾਂ ਫਿਰ ਮੱਖਣ ਸਿੰਘ ਵੱਢ ਹੀ ਤਾਂ ਰਿਹਾ ਸੀ ਇਹ ਫਸਲ। ਉਦੋਂ ਤਾਂ ਸੁਰਜੀਤ ਤੇ ਗੁਰਨਾਮ ਕੌਰ ਦੋਵੇਂ ਹੀ ਘਰ ਬਾਰ ਛੱਡ ਕੇ ਪਿੰਡਾਂ ਨੂੰ ਨਿਕਲ ਪਏ ਸਨ। ਦੋਹਾਂ ਨੇ ਹੀ ਨੌਕਰੀਆਂ ਤੋਂ ਛੁੱਟੀ ਕਰ ਲਈ ਸੀ। ਲੀਡਰਾਂ ਦੇ ਨਾਲ ਹੀ ਪਿੰਡਾਂ ਵਿਚ ਮੀਟਿੰਗਾਂ ਕਰਵਾਉਂਦੇ ਫਿਰਦੇ ਸਨ। ਫਿਰ ਸੁਰਜੀਤ ਨੌਕਰੀ ਨੂੰ ਵੀ ਲੱਤ ਮਾਰ ਕੇ ਕੁੱਲ ਵਕਤੀ ਹੋ ਗਿਆ ਸੀ। ਉਸਨੇ ਚੋਣ ਹੀ ਕਿਸਾਨੀ ਫਰੰਟ ਦੀ ਕੀਤੀ ਸੀ ਜਾਂ ਜਥੇਬੰਦੀ ਦਾ ਹੀ ਉਹ ਹੁਕਮ ਹੋ ਸਕਦੈ ਪਰ ਮੱਖਣ ਸਿੰਘ ਨੇ ਕਦੇ ਇਸ ਬਾਰੇ ਜਾਣਨਾ ਹੀ ਨਹੀਂ ਸੀ ਚਾਹਿਆ।

ਹੁਣ ਇਹ ਜੱਟ ਆਪਣੀ ਤਾਕਤ ਦਾ ਆਖ਼ਰੀ ਕਤਰਾ ਜੋੜ ਕੇ ਆਪਣੇ ਆਪ ਦੀ ਸਲਾਮਤੀ ਵਾਸਤੇ ਅੱਗੇ ਆ ਰਹੇ ਸਨ ਤੇ ਸਰਕਾਰ ਇਨ੍ਹਾਂ ਲਈ ਤੋਹਫਾ ਲਿਆਈ ਸੀ ਦੰਗਾ ਰੋਕੂ ਗੱਡੀਆਂ ਤੇ ਪਾਣੀ ਦੀਆਂ ਤੋਪਾਂ। ਕਾਲੀਆਂ ਵਰਦੀਆਂ ਵਾਲੇ ਕਮਾਂਡੋ ਤੇ ਅਸਾਲਟ ਰਾਈਫਲਾਂ ਨਾਲ ਪੁਲਸੀਆ



ਦੀਆਂ ਹੇੜ੍ਹਾਂ ਜੋ ਹੁਣ ਇਨ੍ਹਾਂ ਨੂੰ ਸਬਕ ਸਿਖਾਉਣਗੀਆਂ। ਕਿਵੇਂ ਦੇਸ਼ ਵਿਚ ਅਮਨ ਬਣਾ ਕੇ ਰੱਖਣਾ ਹੈ। ਪੁਲਿਸ ਵਾਲੇ ਹੁਣ ਇਨ੍ਹਾਂ ਨੂੰ ਸਮਝਾਉਣਗੇ ਸਦੀਆਂ ਤੋਂ ਕੀਤੀ ਮਿਹਨਤ ਦਾ ਸਬਕ। ਉਸ ਮਿਹਨਤ ਦਾ ਮੁੱਲ ਮੋੜਨਗੇ ਜੋ ਉਸਦੇ ਪਿਉ ਦਾਦਿਆਂ ਤੇ ਉਨ੍ਹਾਂ ਦੇ ਪਿਉ ਦਾਦਿਆਂ ਤੋਂ ਲੈ ਕੇ ਕਰਦੇ ਆਏ ਨੇ ਸਾਲ ਦਰ ਸਾਲ ਪੀੜ੍ਹੀਆਂ ਦੀਆਂ ਪੀੜ੍ਹੀਆਂ। ਖ਼ਾਸ ਕਰਕੇ ਹੁਣ ਜਦੋਂ ਕਿ ਦੇਸ਼ ਤਰੱਕੀ ਦੇ ਰਾਹ ਤੁਰਨ ਲੱਗਿਆ ਸੀ। ਆਜ਼ਾਦੀ ਤੋਂ ਸੱਠ ਸਾਲ ਬਾਅਦ। ਦੇਸ਼ ਬਹੁਤ ਤਰੱਕੀ ਕਰ ਰਿਹੈ। ਕੋਈ ਅੰਤ ਨੀ। ਇਹ ਤਰੱਕੀ ਨਿਰੰਤਰ ਜਾਰੀ ਰਹਿਣੀ ਚਾਹੀਦੀ ਐ -ਬੰਦੇ ਦਾ ਕੀ ਐ? ਇਸ ਨੇ ਅੱਜ ਨਹੀਂ ਤਾਂ ਕੱਲ੍ਹ ਮਰਨਾ ਈ ਐ। ਜਿੰਨੀ ਛੇਤੀਂ ਇਹ ਜੂਨੀ ਕੱਟੀ ਜਾਵੇ ਉੱਨਾ ਹੀ ਚੰਗਾ.... ਸੰਤਾਂ ਦੇ ਦੀਵਾਨਾਂ 'ਚ ਆਂਹੀ ਕੁਝ ਤਾਂ ਸੁਣਦੇ ਆ ਰਹੇ ਨੇ ਲੋਕ ... ਸੰਤਾਂ ਨੇ ਈ ਤਾਂ ਗੁਰੂਆਂ ਦੀ ਥਾਂ ਲੈ ਲਈ ਐ।"

ਪੇਂਡੂ ਮਜ਼ਦੂਰਾਂ ਨਾਲ ਸੰਬੰਧਿਤ ਜਥੇਬੰਦੀਆਂ ਵੀ ਆਈਆਂ ਸਨ, ਹਮਾਇਤ ਵਿਚ। ਇਹ ਪਹਿਲੀ ਵਾਰ ਸੀ ਕਿ ਜੱਟ ਤੇ ਹਰੀਜਨ ਦੇ ਪਾੜੇ ਪਾਉਣ ਵਾਲੀ ਰਾਜਨੀਤੀ ਦਾ ਭੋਗ ਪੈਣ ਲੱਗਿਆ ਸੀ। ਲੋਕਾਂ ਨੇ ਕਿਸਾਨ ਦੀ ਜ਼ਮੀਨ 'ਤੇ ਝੰਡੇ ਗੱਡ ਦਿੱਤੇ ਸਨ। ਮੱਖਣ ਸਿੰਘ ਆਪ ਵੀ ਤਾਂ ਪਿੱਛੇ ਨਹੀਂ ਸੀ ਰਹਿ ਸਕਿਆ। ਗਿਆ ਸੀ ਉਹ ਵੀ ਇਕੱਠ ਵਿਚ। ਪੁਲਿਸ ਆਪਣੀ ਤਾਕਤ ਨਾਲ ਸ਼ਾਹੂਕਾਰ ਦਾ ਜ਼ਮੀਨ ਉੱਪਰ ਕਬਜ਼ਾ ਕਰਵਾਉਣਾ ਚਾਹੁੰਦੀ ਸੀ ਜਿਸ ਕਰਕੇ ਦੰਗਾ ਰੋਕੂ ਗੱਡੀਆਂ ਨੂੰ ਮੂਹਰੇ ਲਾ ਕੇ ਹਮਲਾ ਕਰ ਦਿੱਤਾ ਸੀ। ਲੋਕ ਆਪਣੀ ਥਾਂ ਤੋਂ ਨਹੀਂ ਸੀ ਹਿੱਲੇ, ਬੈਠੇ ਜਾਂ ਖੜ੍ਹੇ ਥਾਂ 'ਤੇ ਹੀ ਜੰਮੇ ਰਹੇ ਸਨ। ਪੁਲਿਸ ਬੰਦੂਕਾਂ ਤਾਣੀ ਅੱਗੇ ਵਧ ਆਈ ਸੀ। ਲੋਕਾਂ ਵਿਚ ਥੋੜ੍ਹੀ ਹਿਲ-ਜੁਲ ਹੋਈ ਸੀ ਤੇ ਕਈ ਜਣੇ ਥੋੜ੍ਹਾ ਇਧਰ-ਉਧਰ ਵੀ ਹੋ ਗਏ ਸਨ ਪਰ ਗੁਰਨਾਮ ਕੌਰ ਤਾਂ ਸੁਰਜੀਤ ਤੋਂ ਵੀ ਅੱਗੇ ਖੜ੍ਹੀ ਸੀ। ਕਿਸਾਨ ਆਗੂ ਭੰਗਾ ਸਿੰਘ ਨੇ ਸਪੀਕਰ ਤੋਂ ਐਲਾਨ ਕਰ ਦਿੱਤਾ- "ਸਾਥੀਓ, ਤੁਸੀਂ ਕਿਸੇ ਤਰ੍ਹਾਂ ਦੀ ਵੀ ਭੜਕਾਹਟ ਵਿਚ ਨਹੀਂ ਆਉਣਾ। ਕਤਾਰਾਂ ਬਣਾ ਕੇ ਖੜ੍ਹੇ ਹੋ ਜਾਓ। ਕਿਸੇ ਪਾਸੇ ਨਹੀਂ ਜਾਣਾ, ਨਾ ਭੱਜਣਾ ਹੈ। ਅਸੀਂ ਪੁਲਸੀ ਅਫ਼ਸਰਾਂ ਨੂੰ ਦੱਸ ਦੇਣਾ ਚਾਹੁੰਦੇ ਹਾਂ ਕਿ ਲੋਕਾਂ ਨੂੰ ਅਮਨ ਕਾਇਮ ਕਰਨਾ ਆਉਂਦੈ। ਅਮਨ ਅਮਨ ਵਿਚ ਫ਼ਰਕ ਹੁੰਦੈ। ਫਿਰ ਉਹ ਪੁਲਸੀਆਂ ਨੂੰ ਸੰਬੋਧਿਤ ਹੋਇਆ ਸੀ-"ਲੋਕਾਂ ਨੂੰ ਤੁਹਾਡੇ ਅਮਨ ਦੇ ਅਰਥ ਸਮਝ ਆ ਗਏ ਨੇ, ਇਹ ਨਹੀਂ ਬਈ ਇਨ੍ਹਾਂ ਨੂੰ ਸਮਝ ਨਹੀਂ।" ਫਿਰ ਉਸਨੇ ਲੋਕਾਂ ਵੱਲ ਮੂੰਹ ਕੀਤਾ ਸੀ, "ਹਾਂ ਬਈ ਸਾਥੀਓ! ਆਪਣੇ ਵਾਲੇ ਪਾਸਿਉਂ ਕਿਸੇ ਕਿਸਮ ਦੀ ਪਹਿਲ ਨਹੀਂ ਕੀਤੀ ਜਾਣੀ ਚਾਹੀਦੀ। ਵੇਖਦੇ ਆਂ ਕਿ ਇਹ ਅਫ਼ਸਰ ਕਿਹੋ ਜਿਹਾ ਅਮਨ ਕਾਇਮ ਕਰਦੇ ਨੇ।"

ਲੋਕਾਂ ਦੇ ਦਿਲ ਜਿਵੇਂ ਬੁੜਕ-ਬੁੜਕ ਕੇ ਬਾਹਰ ਨੂੰ ਆ ਰਹੇ ਸਨ। ਜੋਸ਼, ਸਹਿਮ ਤੇ ਭਿਆਨਕ ਕਿਸਮ ਦਾ ਤਣਾਅ ਕਿ ਪਤਾ ਨਹੀਂ ਕੀ ਹੋਣ ਵਾਲਾ ਸੀ। ਖ਼ਾਸ ਕਿਸਮ ਦੇ ਹਊਏ ਜਿਹੇ ਦਾ ਅਜੀਬ ਜਿਹਾ ਪ੍ਰਭਾਵ ਸਭ ਪਾਸੇ ਤਾਰੀ ਸੀ। ਮਰਨਾ ਕੋਈ ਸੌਖਾ ਤਾਂ ਨ੍ਹੀ ਹੁੰਦਾ। ਸਾਹਮਣੇ ਮੌਤ ਹੀ ਤਾਂ ਖੜ੍ਹੀ ਦਿਸਦੀ ਸੀ ਇਕ ਤਰ੍ਹਾਂ। ਲੋਕਾਂ ਨੇ ਕਤਾਰਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਤਾਂ ਕਈ ਕੁੜੀਆਂ ਨੂੰ ਨਾਲ ਲੈ ਕੇ ਗੁਰਨਾਮ ਕੌਰ ਵੀ ਕਿਸਾਨ ਔਰਤਾਂ ਵਾਲੇ ਪਾਸੇ ਅੱਗੇ ਆ ਗਈ। ਪੁਲਿਸ ਵਾਲੇ ਹੌਲੀ-ਹੌਲੀ ਅੱਗੇ ਵੱਲ ਵਧਦੇ ਆ ਰਹੇ ਸਨ।

ਪੁਲਿਸ ਦੀ ਦੰਗਾ ਰੋਕੂ ਨਹੀਂ ਦੰਗਾ ਕਰੂ ਗੱਡੀ, ਕਿਉਂਕਿ ਲੋਕ ਤਾਂ ਇਕਦਮ ਹੀ ਸ਼ਾਂਤ ਚਿਤ ਖੜ੍ਹੇ ਸਨ। ਭੀੜ ਉੱਪਰ ਚੜ੍ਹਨ ਲਈ ਜਿਵੇਂ ਤਿਆਰ ਸੀ ਤੇ ਪੰਜ ਛੀ ਜਨਾਨੀਆਂ ਗੱਡੀ ਦੇ ਮੂਹਰੇ ਪੈ ਗਈਆਂ ਸਨ। ਮੱਖਣ ਸਿੰਘ ਕੁਝ ਕਿਸਾਨਾਂ ਵਿਚ ਘਿਰਿਆ ਹੋਇਆ ਪੁਲਿਸ ਦੀ ਐਨ ਮਾਰ ਵਿਚ ਸੀ। ਇਕ ਥਾਣੇਦਾਰ ਨੇ ਆਉਂਦਿਆਂ ਈ ਉਸਦੇ ਸਿਰ ਵਿਚ ਡਾਂਗ ਜੜ ਦਿੱਤੀ ਸੀ। ਮੱਖਣ ਸਿੰਘ ਇਕ ਵਾਰ ਤਾਂ ਗੇੜਾ ਖਾ ਕੇ ਡਿੱਗ ਪਿਆ ਪਰ ਝੱਟ ਉੱਠ ਕੇ ਖੜ੍ਹਾ ਹੋ ਗਿਆ ਤੇ ਉਸਨੇ ਲਹੂ ਲੁਹਾਣ ਹਾਲਤ

ਵਿਚ ਹੀ ਨਾਹਰਾ ਗੁੰਜਾ ਦਿੱਤਾ-"ਬੋਲੇ ਸੋ ਨਿਹਾਲ।" ਦੂਜੇ ਪਾਸਿਉਂ ਜਵਾਬ ਆਇਆ ਸੀ - "ਸਤਿ ਸ੍ਰੀ ਅਕਾਲ" ਤੇ ਨੌਜਵਾਨਾਂ ਵਾਲੇ ਪਾਸਿਉਂ ਨਾਅਰਾ ਬੁਲੰਦ ਹੋਇਆ ਸੀ- "ਪੁਲਸੀ ਧਾੜਾਂ ਮੁਰਦਾਬਾਦ" ਤੇ ਫਿਰ ਜ਼ੋਰ ਸ਼ੋਰ ਨਾਲ ਮੁਰਦਾਬਾਦ ਮੁਰਦਾਬਾਦ ਵਿਚ ਜਵਾਬ ਆਇਆ ਸੀ ਇਕੱਠ ਵਲੋਂ। "ਲੋਕ ਏਕਤਾ ਜ਼ਿੰਦਾਬਾਦ!" ਜਵਾਬ ਮਿਲਿਆ ਸੀ - "ਜ਼ਿੰਦਾਬਾਦ ਜ਼ਿੰਦਾਬਾਦ" ਹੁਣ ਤਾਂ ਇਉਂ ਜਾਪ ਰਿਹਾ ਸੀ ਜਿਵੇਂ ਆਸਮਾਨ ਪਾਟ ਜਾਣਾ ਹੋਵੇ। ਇੰਨੇ ਨਾਅਰੇ ਤੇ ਜੈਕਾਰੇ ਗੂੰਜ ਰਹੇ ਸਨ ਕਿ ਰਹੇ ਰੱਬ ਦਾ ਨਾਂ। ਮੱਖਣ ਸਿੰਘ ਵਿਚ ਤਾਂ ਸੱਚਮੁੱਚ ਹੀ ਜਿਵੇਂ ਖਾਲਸੇ ਵਾਲਾ ਹੀ ਜੋਸ਼ ਠਾਠਾਂ ਮਾਰ ਰਿਹਾ ਸੀ।

ਹੁਣ ਸੁਰਜੀਤ ਅੱਗੇ ਆਇਆ ਸੀ। ਪੁਲਿਸ ਦੇ ਐਨ ਸਾਹਮਣੇ। ਡਰੰਮ ਵਾਲੇ ਢਿੱਡ ਵਾਲੇ ਝੋਟੇ ਨਾਂ ਦੇ ਐਸ.ਐਸ. ਪੀ. ਦੇ ਤਾਂ ਉਹ ਪਹਿਲਾਂ ਹੀ ਅੱਖ ਤਿਣ ਸੀ। ਕੌਣ ਕਹਿ ਸਕਦਾ ਸੀ ਕਿ ਘਟਨਾਵਾਂ ਦਾ ਚੱਕਰ ਇੰਨੀ ਜਲਦੀ ਵਾਪਰੇਗਾ?

ਮੱਖਣ ਸਿੰਘ ਤਾਂ ਪਹਿਲੀ ਵਾਰ ਇਹੋ ਜੇ ਕੱਠ 'ਚ ਆਇਆ ਹੋਣ ਕਰਕੇ ਸੋਚ ਵੀ ਨਹੀਂ ਸੀ ਸਕਿਆ ਕਿ ਇੰਨੀ ਛੇਤੀ ਐ ਸਭ ਕੁਝ ਹੋ ਜੂ। ਉਸਨੇ ਜਦੋਂ ਵੇਖਿਆ ਕਿ ਸੁਰਜੀਤ ਨਿਧੜਕ ਪੁਲਿਸ ਦੇ ਦਸਤਿਆਂ ਦੇ ਅੱਗੇ ਡਟਿਆ ਖਲੋਤਾ ਹੈ ਤਾਂ ਉਸਨੇ ਵੀ ਉਸਦੇ ਬਰਾਬਰ ਜਾਣਾ ਚਾਹਿਆ ਪਰ ਜਾ ਨਾ ਸਕਿਆ। ਗੁਰਨਾਮ ਕੌਰ ਪਹੁੰਚ ਗਈ ਸੀ। ਬੱਸ ਇਹ ਪਲ ਦੋ ਪਲ ਦਾ ਹੀ ਸੰਨ੍ਹ ਸੀ ਕਿ ਪੁਲਿਸ ਨੇ ਬਗੈਰ ਕੋਈ ਐਲਾਨ ਕੀਤੇ ਲਾਠੀਚਾਰਜ ਦਾ ਹੁਕਮ ਦੇ ਦਿੱਤਾ। ਬੱਸ ਇਸਦੀ ਦੇਰ ਸੀ ਕਿ ਲੋਕਾਂ ਵਿਚ ਇਕ ਤਰ੍ਹਾਂ ਜੋਸ਼ ਠਾਠਾਂ ਮਾਰਨ ਲੱਗਿਆ। ਕੋਈ ਕਿਸੇ ਦੇ ਕਾਬੂ ਵਿਚ ਨਹੀਂ ਸੀ ਜਿਵੇਂ। ਮੱਖਣ ਸਿੰਘ ਨੂੰ ਪਹਿਲੀ ਵਾਰ ਲੋਕ ਰਾਜ ਦੇ ਅਰਥ ਸਮਝ ਆਏ ਸਨ। ਹਾਂ ਇਹੋ ਹੀ ਤਾਂ ਲੋਕ ਰਾਜ ਸੀ ਜੋ ਸਰਕਾਰ ਤਾ ਮਾਲਾ-ਮਾਲ ਹੋਣ ਦਾ ਮੌਕਾ ਦੇਵੇ ਪਰ ਖੇਤਾਂ 'ਚ ਰੁਲਣ ਵਾਲਿਆਂ ਨਾਲ ਆਹ ਵਰਤਾਉ। ਪੁਲਿਸ ਵਾਲੇ ਲੋਕਾਂ ਨਾਲ ਜੋ ਮਰਜ਼ੀ ਸਲੂਕ ਕਰਨ ਉਹ ਕਾਨੂੰਨੀ ਤੇ ਜੋ ਅਸੀਂ ਕਰੀਏ ਉਹ ਗੈਰ-ਕਾਨੂੰਨੀ। ਮੱਖਣ ਸਿੰਘ ਦੇ ਮਨ ਵਿਚ ਬਹੁਤ ਕੁਝ ਆ ਰਿਹਾ ਸੀ। ਬਹੁਤ ਕੁਝ ਬਣ ਕੇ ਟੁੱਟ ਰਿਹਾ ਸੀ।

ਕਮਾਲ ਦੀ ਪਹੁੰਚ ਹੈ ਪੁਲਿਸ ਦੀ ਐਨ ਇਨਸਾਫ ਪਸੰਦ! ਇਸ ਨਾਲੋਂ ਵਧੀਆ ਇਨਸਾਫ਼ ਪੁਲਿਸ ਲੋਕਾਂ ਨੂੰ ਹੋਰ ਕੀ ਦੇ ਸਕਦੀ ਸੀ? ਆਖ਼ਰ ਪੁਲਿਸ 'ਆਜ਼ਾਦ ਦੇਸ਼ ਦੇ ਲੋਕ ਭਲਾਈ' ਖਾਸੇ (ਵੈਲਫੇਅਰ ਸਟੇਟ) ਦੀ ਤਰਜ਼ਮਾਨੀ ਕਰ ਰਹੀ ਸੀ। ਇਹ ਸ਼ਬਦ ਤਾਂ ਸੁਰਜੀਤ ਕਿਹਾ ਕਰਦਾ ਸੀ। ਮੱਖਣ ਸਿੰਘ ਦਾ ਧਿਆਨ ਸੁਰਜੀਤ ਦੀਆਂ ਕਹੀਆਂ ਗੱਲਾਂ ਵੱਲ ਚਲਾ ਗਿਆ।

ਆਗੂ ਵੀ ਤੇ ਆਮ ਲੋਕ ਵੀ ਮੋਟੇ ਡੰਡਿਆਂ ਵਿਚ ਪਾਏ ਝੰਡੇ ਲਹਿਰਾਉਂਦੇ ਹੋਏ ਅੱਗੇ ਵਧ ਰਹੇ ਸਨ ਤੇ ਆਕਾਸ਼ ਗੁੰਜਾਊ ਨਾਹਰਿਆਂ ਨਾਲ ਜਿਵੇਂ ਅੰਬਰ ਪਾਟਣ 'ਤੇ ਆਇਆ ਹੋਇਆ ਸੀ। 'ਇਕ ਓਰਾ ਕੁਰਕ ਨਹੀਂ ਹੋਣ ਦਿਆਂਗੇ। ਜ਼ਮੀਨ ਕਿਸਾਨ ਦੀ ਮਾਂ ਹੁੰਦੀ ਐ।"

'ਜ਼ਿੰਦਾਬਾਦ ਮੁਰਦਾਬਾਦ' ਦੇ ਰੌਲੇ ਵਿਚ ਲੋਕ ਆਪਣੇ ਆਗੂਆਂ ਦੀਆਂ ਹਦਾਇਤਾਂ ਦਾ ਪਾਲਣ ਕਰਦੇ ਇਕੋ ਥਾਂ 'ਤੇ ਖੜ੍ਹੇ ਸਨ। ਸਭ ਨੂੰ ਪਤਾ ਸੀ ਕਿ ਜਿਸ ਬੰਦੇ ਨੇ ਪੁਲਿਸ ਵਾਲਿਆਂ ਵੱਲ ਰੋੜਾ ਵਗਾਹਿਆ ਸੀ ਉਹ ਜਥੇਬੰਦੀਆਂ ਦੇ ਨਾਲ ਦਾ ਨਹੀਂ ਸੀ ਪਰ ਇਹ ਹੋ ਗਿਆ ਸੀ। ਪੁਲਿਸ ਵਾਲਿਆਂ ਵੱਲ ਡਲਾ ਚੱਲਣ ਦੀ ਦੇਰ ਸੀ ਤੇ ਪੁਲਿਸ ਵਾਲੇ ਤਾਂ ਜਿਵੇਂ ਇਸਦੀ ਉਡੀਕ ਵਿਚ ਹੀ ਸਨ, ਹਵਾਈ ਫਾਇਰ ਸ਼ੁਰੂ ਹੋ ਗਿਆ। ਮੂਵੀ ਬਣ ਰਹੀ ਸੀ ਤੇ ਪ੍ਰੈਸ ਵਾਲੇ ਫੋਟੋਆਂ ਖਿੱਚ ਰਹੇ ਸਨ ਕਿ ਅਫ਼ਸਰਾਂ ਦੇ ਹੁਕਮ 'ਤੇ ਡਾਂਗਾਂ ਮਾਰ-ਮਾਰ ਕੇ ਕੈਮਰੇ ਤੋੜ ਦਿੱਤੇ ਗਏ ।

ਕੁਝ ਦੇਰ ਤਾਂ ਲੀਡਰ ਬਚਾ ਕਰਦੇ ਰਹੇ। ਕਈਆਂ ਦੇ ਖਾਸੀਆਂ ਸੱਟਾਂ ਵੱਜ ਗਈਆਂ। ਇਕ ਵਾਰ ਲੋਕ ਪਿੱਛੇ ਹਟਣੇ ਸ਼ੁਰੂ ਹੋ ਗਏ, ਪਰ ਪੁਲਿਸ ਵਾਲੇ ਤਾਂ ਐ ਈ ਸਮਝੀ ਬੈਠੇ ਸਨ ਕਿ ਇਹ ਜੱਟ ਬੂਟ ਤਾਂ



ਬੱਸ ਖੇਤਾਂ ਵਿਚ ਕੰਮ ਕਰਨ ਵਾਲੇ ਡੰਗਰ ਢੋਰ ਹੀ ਹਨ। ਜਿੰਨਾ ਮਰਜ਼ੀ ਕੁੱਟ ਲਉ ਇਹਨਾਂ ਵਿਚਾਰੇ ਬਲਦਾਂ ਨੇ ਕਿਹੜਾ ਬੋਲਣੈਂ। ਪਰ ਪੁਲਿਸ ਦਾ ਇਹ ਭੁਲੇਖਾ ਉਦੋਂ ਦੂਰ ਹੋ ਗਿਆ ਜਦੋਂ ਸਾਡੇ ਆਗੂਆਂ 'ਚੋਂ ਕੁਝ ਜਣੇ ਅੱਗੇ ਆਏ ਸਨ। ਸੁਰਜੀਤ ਹੁਣ ਅੱਗੇ ਹੀ ਅੱਗੇ ਵਧਦਾ ਜਾ ਰਿਹਾ ਸੀ। ਉਸਦੇ ਹੱਥ ਵਿਚ ਜਥੇਬੰਦੀ ਦਾ ਝੰਡਾ ਸੀ ਤੇ ਉਹਦੇ ਪਿੱਛੇ ਹੋਰ ਵੀ ਬਹੁਤ ਸਾਰੇ ਲੋਕ ਆ ਰਹੇ ਸਨ। ਉਹ ਹੋਰ ਅੱਗੇ ਵਧੇ ਤੇ ਉਨ੍ਹਾਂ ਨੇ ਚਾਰ ਪੰਜ ਪੁਲਿਸ ਵਾਲਿਆਂ ਤੋਂ ਡਾਂਗਾਂ ਖੋਹ ਲਈਆਂ। ਸਾਡੇ ਆਗੂਆਂ ਨੇ ਕਿਸੇ ਸਿਪਾਹੀ ਦੇ ਡਾਂਗ ਨਹੀਂ ਮਾਰੀ, ਡਾਂਗਾਂ ਮੂਹਰੇ ਕਰਕੇ ਬਚਾ ਹੀ ਕਰਦੇ ਰਹੇ। ਫਿਰ ਪਤਾ ਨਹੀਂ ਇਕ ਡਾਂਗ ਗੁਰਨਾਮ ਕੌਰ ਦੇ ਹੱਥ ਵਿਚ ਵੀ ਕਿਵੇਂ ਆ ਗਈ। ਉਹਨੇ ਪਹਿਲ ਕਰਕੇ ਜੜ ਦਿੱਤੀ ਸੀ ਇਕ ਵੱਡੇ ਥਾਣੇਦਾਰ ਦੇ। ਫਿਰ ਤਾਂ ਪਤਾ ਹੀ ਨਹੀਂ ਲੱਗਿਆ ਬਈ ਕੀ ਹੋਈ ਜਾਂਦੈ। ਦੂਹਾਂ ਪਾਸਿਉਂ ਘਮਸਾਣ ਮੱਚਿਆ ਦਿਖਾਈ ਦੇ ਰਿਹਾ ਸੀ। ਕਦੇ ਪੁਲਿਸ ਉਤੋਂ ਦੀ ਪੈ ਜਾਂਦੀ ਤੇ ਕਦੇ ਲੋਕ ਪੁਲਿਸ ਨੂੰ ਵਾਹਣੀ ਪਾ ਲੈਂਦੇ। ਗੁਰਨਾਮ ਕੌਰ ਦੇ ਵੀ ਸਿਰ ਵਿਚ ਡਾਂਗ ਵੱਜੀ ਸੀ ਤੇ ਉਹ ਲਹੂ ਲੁਹਾਣ ਹੋਈ ਪਿੰਡ ਵੱਲ ਭੱਜ ਗਈ ਸੀ। ਜਦੋਂ ਲੀਡਰਾਂ ਨੇ ਬਚਾ ਲਈ ਪਿੱਛੇ ਹਟਣ ਦਾ ਐਲਾਨ ਕੀਤਾ ਸੀ। ਇਸ ਤੋਂ ਅੱਗੇ ਹੋਰ ਜ਼ਿਆਦਾ ਨੁਕਸਾਨ ਹੋਣ ਦਾ ਖ਼ਤਰਾ ਸੀ। ਲੜਦੇ ਲੜਾਉਂਦੇ ਲੋਕ ਖੇਤ ਤੋਂ ਥੋੜ੍ਹੀ ਦੂਰ ਪੈਂਦੀ ਰੇਲਵੇ ਲਾਈਨ ਕੋਲ ਆ ਗਏ ਸਨ। ਇਥੋਂ ਲੋਕਾਂ ਨੇ ਪੱਥਰਾਂ ਦਾ ਸਹਾਰਾ ਲਿਆ ਤਾਂ ਪੁਲਿਸ ਥੋੜ੍ਹਾ ਪਿੱਛੇ ਹਟੀ।

ਲੋਕਾਂ ਦੇ ਆਪਣੇ ਹੀ ਭਾਈ ਬੰਧੂਆਂ ਤੋਂ ਆਪਣੇ ਹੀ ਲੋਕਾਂ ਤੇ ਹਮਲਾ। ਹਾਂ ਉਨ੍ਹਾਂ ਨੂੰ ਸਿਖਾਇਆ ਹੀ ਇਹ ਗਿਆ ਹੁੰਦੈ ਕਿ ਜਦੋਂ ਵੀ ਲੋਕ ਆਪਣੇ ਹੱਕਾਂ ਦੀ ਗੱਲ ਕਰਨ ਦਾ ਯਤਨ ਕਰਨ। ਉਨ੍ਹਾਂ ਨਾਲ ਚੰਗੀ ਤਰ੍ਹਾਂ ਨਜਿੱਠਿਆ ਜਾਵੇ, ਪੂਰੇ ਪਿਆਰ ਸਤਿਕਾਰ ਨਾਲ ਡਾਂਗਾਂ ਨਾਲ ਸੇਵਾ ਕੀਤੀ ਜਾਵੇ। ਪੁਲਿਸ ਵਾਲੇ ਆਪਣੀ ਰੋਟੀ ਲਈ ਆਪਣੇ ਹੀ ਰੋਟੀ ਮੰਗਦੇ ਲੋਕਾਂ ਨਾਲ ਨਜਿੱਠਦੇ ਹਨ। ਨਜਿੱਠਣ ਦਾ ਢੰਗ ਬੱਸ ਇਕੋ ਹੁੰਦੈ ਡਾਂਗ ਜਾਂ ਗੋਲੀ। ਸਾਡੇ ਵੱਖ-ਵੱਖ ਜਥੇਬੰਦੀਆਂ ਦੇ ਸੂਬਾ ਪੱਧਰੀ ਆਗੂ ਐਂ ਤਾਂ ਨਹੀਂ ਸੀ ਬਈ ਉਹ ਕੋਈ ਜ਼ਾਬਤਾ ਨਹੀਂ ਸੀ ਜਾਣਦੇ, ਪਰ ਪੁਲਸੀ ਅਫ਼ਸਰਾਂ ਕੋਲ ਤਾਂ ਇਕੋ ਗੱਲ ਸੀ ਕਿ ਇਹ ਲੋਕ ਦੇਸ਼ ਦਾ ਅਮਨ ਵਿਗਾੜ ਰਹੇ ਹਨ। ਸੋ ਇਨ੍ਹਾਂ ਨੂੰ ਸਬਕ ਸਿਖਾਇਆ ਜਾਵੇ।

ਮੱਖਣ ਸਿੰਘ ਦੀਆਂ ਅੱਖਾਂ ਅੱਗੇ ਹਨ੍ਹੇਰਾ ਜਿਹਾ ਛਾ ਗਿਆ। ਉਸ ਦੀਆਂ ਅੱਖਾਂ ਅੱਗੇ ਉਹੋ ਸਾਰਾ ਸੀਨ ਹੀ ਰੂਪਮਾਨ ਹੋ ਗਿਆ ਸੀ ਜਦੋਂ ਉਸਦੇ ਵੇਖਦਿਆਂ-ਵੇਖਦਿਆਂ ਸੁਰਜੀਤ ਨੂੰ ਉਸ ਤੋਂ ਖੋਹ ਲਿਆ ਸੀ ਪੁਲਿਸ ਵਾਲਿਆਂ ਨੇ। ਇਨ੍ਹਾਂ ਨੂੰ ਕੋਈ ਪੁੱਛਣ ਵਾਲਾ ਹੋਵੇ, ਕੌਣ ਹੋਵੇ ਪੁੱਛਣ ਵਾਲਾ? ਉਹ ਮਨ ਦੇ ਘੋੜੇ ਦੁੜਾ ਰਿਹਾ ਹੈ। ਪੁੱਛਣ ਵਾਲਾ ਹੋਵੇ ਬਈ ਤੁਸੀਂ ਵੱਡੇ ਅਮਨ ਦੇ ਰਾਖਿਉ ਦੱਸੋ ਬਈ ਕੀਹਨੇ ਕੀਤੈ ਅਮਨ ਭੰਗ? ਇਹ ਤਾਂ ਸਗੋਂ ਤੁਸੀਂ ਜੋ ਗੁੰਡਿਆਂ ਨਾਲ ਮਿਲ ਕੇ ਸਾਧਾਰਨ ਲੋਕਾਂ ਨਾਲ ਧੱਕਾ ਕਰ ਤੇ ਕਰਵਾ ਰਹੇ ਹੋ। ਇਹੀ ਤਾਂ ਉਨ੍ਹਾਂ ਦੇ ਪ੍ਰਭੂ ਅੰਗਰੇਜ਼ ਸਿਖਾ ਕੇ ਗਏ ਸਨ। ਕੁੱਟੋ ਜਿੰਨਾ ਹੋ ਸਕੇ ਲੋਕਾਂ ਨੂੰ ਕੁੱਟੋ। ਇਹ ਕੁੱਟ ਤੋਂ ਹੀ ਠੀਕ ਆਉਂਦੇ ਨੇ। ਸਦੀਆਂ ਤੋਂ ਹੀ ਹਜ਼ਾਰਾਂ ਸਾਲਾਂ ਤੋਂ ਜੋ ਕਿਰਤਾਂ ਕਰ-ਕਰ ਕੇ ਦੇਸ਼ ਦੇ ਮਾਲ ਖਜ਼ਾਨਿਆਂ ਨੂੰ ਭਰ ਕੇ ਆਪ ਸਦਾ ਕੰਗਾਲ ਹੀ ਰਹੇ ਨੇ ਤੇ ਹਮੇਸ਼ਾ ਤੋਂ ਹੀ ਕੁੱਟ ਖਾਂਦੇ ਆ ਰਹੇ ਨੇ। ਉਹ ਦੇਸ਼ ਦਾ ਅਮਨ ਭੰਗ ਕਰਦੇ ਨੇ ਤੇ ਜੋ ਵਿਹਲੇ ਰਹਿ ਕੇ ਡੱਕਾ ਵੀ ਦੂਹਰਾ ਨਹੀਂ ਕਰਦੇ ਤੇ ਹੋਟਲਾਂ ਵਿਚ ਰੰਗ-ਰਲੀਆਂ ਮਨਾਉਣ ਤੋਂ ਵਿਹਲ ਨਹੀਂ ਮਿਲਦੀ, ਉਹ ਦੇਸ਼ ਦੇ ਅਮਨ ਦੇ ਰਾਖੇ। ਪੰਜਾਂ ਸਾਲਾਂ 'ਚ ਜੀਹਦੇ ਘਰ ਚੁੱਲ੍ਹਾ ਨਹੀਂ ਸੀ ਤਪਦਾ ਹੁੰਦਾ। ਪੁੱਤਾਂ ਪੋਤਿਆਂ ਦੀ ਜਾਇਦਾਦ ਬਣਾ ਕੇ ਨਿਕਲਦੈ ਚੰਡੀਗੜ੍ਹ ਦੀ ਅਸੈਂਬਲੀ 'ਚੋਂ। ਜਿੰਨਾ ਵੱਡਾ ਲੁਟੇਰਾ, ਉਨਾ ਵੱਡਾ ਲੀਡਰ। ਇਹ ਨੇ ਅਮਨ ਦੇ ਪਹਿਰੇਦਾਰ। ਵਾਹ ਮੇਰੇ ਰੱਬ ਜੀ ਤੂੰ ਬਹੁਤ ਵਧੀਆ ਨਿਆਂ ਕਰਦੈਂ। ਬਾਬਾ ਨਾਨਕ ਤਾਂ ਕਿਰਤ ਨੂੰ ਵਡਿਆ ਗਿਆ ਤੇ ਇਹ ਕਹਿੰਦੇ ਨੇ ਕਿ ਉਹ ਕਿਤੇ ਭੁਲੇਖਾ ਖਾ ਗਿਆ। ਉਸ ਨੂੰ ਲਿਖਣਾ ਚਾਹੀਦਾ

ਸੀ ਕਿ ਰਾਜ ਭਾਗ ਦੀ ਗੱਦੀ ਤੇ ਬੈਠੇ ਭਾਗੋ ਰੱਬ ਦੇ ਅਸਲ ਭਗਤ ਹੁੰਦੇ ਨੇ। ਕਿਰਤ ਕਰਨ ਵਾਲੇ ਤੇ ਕੰਮੀ ਕਮੀਨ ਹੁੰਦੇ ਨੇ ਉਨ੍ਹਾਂ ਦੇ ਚਾਕਰ। ਚਿੱਟ ਕੱਪੜੀਏ ਸਰਦਾਰ ਤੇ ਚੌਧਰੀਆਂ ਦੀ ਵਡਿਆਈ ਕਰਨੀ ਚਾਹੀਦੀ ਸੀ ਬਾਬੇ ਨਾਨਕ ਨੂੰ। ਜ਼ਰੂਰ ਕਿਤੇ ਗਲਤੀ ਕਰ ਗਿਆ ਬਾਬਾ ਨਾਨਕ। ਤੇ ਹੁਣ ਇਹ ਪੁਲਸ ਵਾਲੇ ਲੋਕਾਂ ਨੂੰ ਬਾਬੇ ਨਾਨਕ ਦੀ ਗਲਤੀ ਸੁਧਾਰਨ ਲਈ ਅਮਨ ਕਾਇਮ ਰੱਖਣ ਦੀ ਸਿੱਖਿਆ ਦੇਣ ਭੇਜੇ ਗਏ ਸਨ।

ਜਿਉਂ ਹੀ ਇਕ ਕਿਸਾਨ ਆਗੂ ਨੇ ਡਲਾ ਚਲਾਉਣ ਵਾਲੇ ਦੇ ਸਿਰ 'ਚ ਝੰਡੇ ਦੇ ਡੰਡੇ ਦਾ ਵਾਰ ਕੀਤਾ ਸੀ। ਬਹੁਤਾ ਚਿਰ ਤਾਂ ਲੱਗਿਆ ਹੀ ਨਹੀਂ ਸੀ ਕਿ ਥੋੜ੍ਹਾ ਪਰਾਂ ਜਿਹੇ ਤੋਂ ਇਕ ਆਵਾਜ਼ ਆਈ ਸੀ – "ਸ਼ੂਟ!" ਇਹ ਡਿਊਟੀ ਮੈਜਿਸਟ੍ਰੇਟ ਦੀ ਆਵਾਜ਼ ਸੀ ਜਿਸ ਨੇ ਅਮਨ ਕਾਇਮ ਕਰਨ ਲਈ ਨਿਹੱਥੇ ਲੋਕਾਂ 'ਤੇ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ ਸੀ। ਇਕ ਦਮ ਹੀ ਤਾੜ ਤਾੜ ਗੋਲੀ ਚੱਲਣ ਲੱਗ ਪਈ। ਕੁਝ ਦੇਰ ਤੱਕ ਤਾਂ ਲੋਕ ਮੁਕਾਬਲਾ ਕਰਦੇ ਰਹੇ ਪਰ ਬਹੁਤੇ ਦੇਰ ਤੱਕ ਗੋਲੀਆਂ ਦਾ ਮੁਕਾਬਲਾ ਨਾ ਕਰ ਸਕੇ। ਇਧਰ ਉਧਰ ਭੱਜਣ ਲੱਗੇ। ਇਕ ਪਾਸੇ ਪੁਲਿਸ ਦੀਆਂ ਹਥਿਆਰਬੰਦ ਹੇੜ੍ਹਾਂ ਤੇ ਦੂਜੇ ਪਾਸੇ ਨਿਹੱਥੇ ਲੋਕ ਹੋਰ ਕੀ ਕਰਦੇ। ਪਰ ਸਾਡੇ ਆਗੂ ਨਹੀਂ ਭੱਜੇ। ਚਾਰ ਪੰਜ ਕੁ ਸੌ ਬੰਦਿਆਂ ਨਾਲ ਹੀ ਪੁਲਿਸ ਵਾਲਿਆਂ ਦਾ ਨੱਕ ਮੋੜਦ ਰਹੇ। ਪੁਲਿਸ ਵਾਲੇ ਪਾਸਿਉਂ ਪਹਿਲਾਂ ਰਬੜ ਦੀਆਂ ਗੋਲੀਆਂ ਵੀ ਵਰ੍ਹਾਈਆਂ ਗਈਆਂ ਸਨ ਤੇ ਫਿਰ ਅਸਾਲਟ ਰਾਇਫਲਾਂ 'ਚੋਂ ਵੀ ਫਾਇਰ ਖੋਲ੍ਹ ਦਿੱਤਾ ਸੀ। ਕਈ ਸਾਥੀਆਂ ਦੇ ਸਿੱਧੀਆਂ ਗੋਲੀਆਂ ਵੀ ਵੱਜੀਆਂ। ਲੱਕ ਤੋਂ ਹੇਠਾਂ ਤਾਂ ਪਤਾ ਹੀ ਨਹੀਂ ਕਿੰਨਿਆਂ ਕੁ ਦੇ ਵੱਜੀਆਂ ਹੋਣਗੀਆਂ। ਲੋਕਾਂ ਕੋਲ ਤਾਂ ਝੰਡੇ ਵਾਲੇ ਡੰਡੇ ਅਤੇ ਇੱਟਾਂ ਵੱਟੇ ਹੀ ਸਨ। ਖਾਲੀ ਹੱਥ ਲੋਕ ਆਪਣੇ ਬਚਾਉ ਲਈ ਹੋਰ ਕੀ ਕਰ ਸਕਦੇ ਸੀ?

ਪੁਲਿਸ ਆਪਣੀ ਕਾਰਵਾਈ ਕਰਕੇ ਪਿੱਛੇ ਹਟ ਗਈ ਸੀ, ਲੋਕ ਵੀ ਪਿੱਛੇ ਹਟ ਗਏ। ਲੋਕਾਂ ਦੇ ਪਿੱਛੇ ਹੱਟਣ ਦੀ ਦੇਰ ਸੀ ਕਿ ਪੁਲਿਸ ਲੋਕਾਂ ਦਾ ਪਿੱਛਾ ਕਰਦੀ ਫਿਰ ਉੱਤੇ ਚੜ੍ਹ ਆਈ। ਲੋਕਾਂ ਦੇ ਇਕ ਵਾਰ ਜਿਵੇਂ ਪੈਰ ਉਖੜ ਗਏ ਸਨ ਤੇ ਪੁਲਿਸ ਹੋਰ ਉੱਤੇ ਚੜ੍ਹਦੀ ਆਉਂਦੀ ਸੀ। ਲੋਕ ਨੇੜੇ ਦੇ ਪਿੰਡ ਵਿਚ ਜਾ ਵੜੇ ਸਨ ਤੇ ਪੁਲਿਸ ਲੋਕਾਂ ਦੇ ਘਰਾਂ ਤੱਕ ਪਿੱਛਾ ਕਰਦੀ ਆ ਪਹੁੰਚੀ ਸੀ। ਜਦ ਕੋਈ ਪੇਸ਼ ਹੀ ਨਾ ਗਈ ਤਾਂ ਛੱਤਾਂ ਤੋਂ ਲੋਕਾਂ ਨੇ ਬਨੇਰਿਆਂ ਨਾਲੋਂ ਇੱਟਾਂ ਪੁੱਟ-ਪੁੱਟ ਕੇ ਪੁਲਿਸ ਵਾਲਿਆਂ ਵੱਲ ਵਗਾਈਆਂ ਸਨ ਤਾਂ ਕਿਤੇ ਜਾ ਕੇ ਜਥੇਬੰਦੀਆਂ ਦੇ ਆਗੂ ਪਿੰਡ ਤੋਂ ਬਾਹਰ ਕੱਢੇ ਜਾ ਸਕੇ ਸਨ। ਲੋਕਾਂ ਨੇ ਪੂਰਾ ਇਕ ਘੰਟਾ ਪੁਲਿਸੀਆ ਦੀ ਕੋਈ ਪੇਸ਼ ਨਹੀਂ ਸੀ ਚੱਲਣ ਦਿੱਤੀ। ਜਦੋਂ ਲੋਕਾਂ ਦਾ ਜੋਸ਼ ਕੁਝ ਠੰਡਾ ਪਿਆ ਸੀ ਤਾਂ ਪੁਲਿਸ ਫਿਰ ਹਾਵੀ ਹੋ ਗਈ ਸੀ ਤੇ ਲੋਕਾਂ ਦੇ ਘਰਾਂ ਵਿਚ ਵੜਕ ਕੇ ਵਹਿਸ਼ਤ ਦੇ ਨੰਗ ਨਾਚ 'ਤੇ ਉਤਰ ਆਈ ਸੀ। ਕੀ ਬੁੱਢਾ, ਕੀ ਬੱਚਾ ਕੀ ਜਵਾਨ ਤੇ ਕੀ ਔਰਤ ਤੇ ਕੀ ਕੋਈ ਅੱਸੀਆਂ ਨੂੰ ਢੁੱਕੀ ਦਾਦੀ ਪੜਦਾਦੀ ਕੋਈ ਨਹੀਂ ਸੀ ਬਖਸ਼ਿਆ ਦਰਿੰਦਿਆਂ ਨੇ। ਲੋਕਾਂ ਦੇ ਹੱਡ ਗੋਡ ਤੋੜ ਕੇ ਪੁਲਿਸੀ ਅਫ਼ਸਰ ਤੀਘੜਦੇ ਫਿਰਦੇ ਸਨ। ਲੋਕਾਂ ਦੇ ਟਰੈਕਟਰ ਟਰਾਲੀਆਂ ਚਕਨਾਚੂਰ ਕਰ ਦਿੱਤੇ ਗਏ ਸਨ।

ਆਟਾ ਦਾਲ ਜਾਂ ਹੋਰ ਖਾਣ ਪੀਣ ਦਾ ਸਮਾਨ ਗਲੀਆਂ ਵਿਚ ਖਿਲਾਰ ਦਿੱਤਾ ਗਿਆ। ਦੁੱਧ ਨਾਲੀਆਂ ਵਿਚ ਰੋੜ੍ਹ ਦਿੱਤਾ ਗਿਆ। ਮਾਲ ਡੰਗਰ ਦੇ ਰੱਸੇ ਵੱਢ ਦਿੱਤੇ ਗਏ। ਕਿਹੜਾ ਜ਼ੁਲਮ ਸੀ ਜੋ ਨਹੀਂ ਸੀ ਕੀਤਾ ਗਿਆ? ਸਾਡੇ ਬਹੁਤੇ ਸਾਥੀਆਂ ਨੂੰ ਗ੍ਰਿਫਤਾਰੀ ਦਾ ਖ਼ਤਰਾ ਸੀ ਜਿਸ ਕਰਕੇ ਉਹ ਖੇਤਾਂ 'ਚੋਂ ਹੁੰਦੇ ਹੋਏ ਇਧਰ ਉਧਰ ਦੌੜ ਗਏ ਸਨ ਹੋਰਨਾਂ ਪਿੰਡਾਂ ਵੱਲ ਤੇ ਰੂਹ ਪੋਸ਼ ਹੋ ਗਏ ਸਨ। ਗੁਰਨਾਮ ਕੌਰ ਪਿੰਡ 'ਚੋਂ ਕਿਸੇ ਦੇ ਘਰੋਂ ਜ਼ਖਮਾਂ 'ਤੇ ਪੱਟੀਆਂ ਬੰਨ੍ਹ ਕੇ ਤੇ ਕੱਪੜੇ ਬਦਲ ਕੇ ਖੇਤਾਂ ਵਿਚੋਂ ਦੀ ਹੁੰਦੀ ਹੋਈ



ਹਸਪਤਾਲ ਪਹੁੰਚੀ ਸੀ। ਉਸਨੂੰ ਇਥੇ ਆ ਕੇ ਹੀ ਪਤਾ ਲੱਗਿਆ ਸੀ ਕਿ ਤਿੰਨ ਸਾਥੀ ਸ਼ਹੀਦ ਹੋ ਗਏ ਸਨ ਤੇ ਕੋਈ ਪੰਦਰਾਂ ਜ਼ਖ਼ਮੀ ਸਨ। ਸ਼ਹੀਦ ਹੋਣ ਵਾਲਿਆਂ ਵਿਚ ਸੁਰਜੀਤ ਵੀ ਸੀ। ਇਕ ਚੱਠਿਆਂਵਾਲੇ ਦਾ ਸਾਥੀ ਪਿਆਰਾ ਸਿੰਘ ਤੇ ਇਕ ਪਿੰਡ ਥੰਮ੍ਹਣ ਦਾ ਮਜ਼ਦੂਰ ਸਾਥੀ ਸੀ। ਮਜ਼ਦੂਰ ਜਥੇਬੰਦੀਆਂ ਨੇ ਵੀ ਕਿਸਾਨਾਂ ਦਾ ਸਾਥ ਦਿੱਤਾ ਸੀ। ਇਕ ਲੜਕੀ ਸੀ ਕੋਈ ਬਲਜੀਤ। ਪਤਾ ਨਹੀਂ ਕਿਹੜੇ ਪਿੰਡ ਦੀ ਸੀ ਮੱਖਣ ਸਿੰਘ ਯਾਦ ਕਰਨ ਦੀ ਕੋਸ਼ਿਸ਼ ਕਰਦਾ ਹੈ। ਉਹ ਆਈ ਸੀ ਮੱਖਣ ਸਿੰਘ ਦੇ ਕੋਲ। ਬੋਲੀ ਸੀ "ਬਾਪੂ ਜੀ ਕਿਸੇ ਗੱਲ ਦਾ ਪਤਾ ਲੱਗਿਆ?" ਲੱਗਦਾ ਸੀ ਕਿ ਉਸਦੇ ਅੰਦਰ ਕੁਝ ਉਬਲ ਰਿਹੈ ਜਿਸ ਨੂੰ ਉਹ ਬਾਹਰ ਨਹੀਂ ਕੱਢਣਾ ਚਾਹੁੰਦੀ।

"ਹਾਂ ਭਾਈ ਦੋ ਸਾਥੀ ਸ਼ਹੀਦ ਹੋ ਗਏ ਨੇ।" ਮੱਖਣ ਸਿੰਘ ਨੇ ਅੰਦਰਲੀ ਪੀੜ ਨੂੰ ਜ਼ੋਰ ਨਾਲ ਦਬਾਉਂਦਿਆਂ ਸਹਿਜ ਹੋਣ ਦਾ ਜਿਵੇਂ ਵਿਖਾਵਾ ਕੀਤਾ ਸੀ।

"ਦੋ ਨਹੀਂ ਤਿੰਨ ਨੇ।" ਕੋਲ ਖਲੋਤੀ ਉਨ੍ਹਾਂ ਦੇ ਪਿੰਡ ਵਾਲੀ ਚਰਨ ਕਹਿ ਰਹੀ ਸੀ ਤਾਂ ਉਸਦਾ ਚਿਹਰਾ ਇਕਦਮ ਹੀ ਪੀਲਾ ਭੂਕ ਹੋਇਆ ਪਿਆ ਸੀ। ਉਸਨੇ ਤਿੰਨਾਂ ਦੇ ਨਾਂ ਗਿਣਾਏ ਤਾਂ ਇਕ ਵਾਰ ਸਭ ਦਾ ਸੀਤ ਜਿਹਾ ਨਿਕਲ ਗਿਆ। ਗੁਰਨਾਮ ਕੌਰ ਸਹਿਜ ਹੋਣ ਦਾ ਵਿਖਾਵਾ ਹੀ ਤਾਂ ਕਰ ਰਹੀ ਸੀ ਪਰ ਸਹਿਜ ਨਹੀਂ ਸੀ। ਸਹਿਜ ਤਾਂ ਮੱਖਣ ਸਿੰਘ ਵੀ ਨਹੀਂ ਸੀ। ਫਿਰ ਇਕ ਕੁੜੀ ਸੁਖਚੈਨ ਆਈ ਸੀ ਉਥੇ ਅੱਖਾਂ ਹੰਝੂਆਂ ਨਾਲ ਭਰੀਆਂ "ਕੋਈ ਪਤਾ ਲੱਗਿਆ ਬਈ ਕੌਣ ਕੌਣ .....?" ਉਸਦੀਆਂ ਅੱਖਾਂ ਵਿਚਲਾ ਦਰਦ ਸ਼ਾਇਦ ਬਾਹਰ ਛਲਕ ਜਾਣਾ ਲੋਚਦਾ ਜਿਵੇਂ। ਮਰਿਆਂ ਬਾਰੇ ਪੁੱਛਣ ਲਈ ਉਸਨੂੰ ਜਿਵੇਂ ਕੋਈ ਸ਼ਬਦ ਨਹੀਂ ਸੀ ਮਿਲ ਰਹੇ। ਉਸਦੇ ਸ਼ਬਦਾਂ ਵਿਚਲਾ ਵਿਰਲਾਪ ਗੁਰਨਾਮ ਕੌਰ ਦੇ ਹਿਰਦੇ ਤੋਂ ਹੋ ਕੇ ਜਿਵੇਂ ਮੱਖਣ ਸਿੰਘ ਦੇ ਅੰਦਰ ਧਸਦਾ ਜਾਂਦਾ ਸੀ। ਤਿੱਖੀ ਛੁਰੀ ਦੀ ਤਰ੍ਹਾਂ। "ਹਾਂ ਪਤਾ ਲੱਗ ਗਿਆ। ਕਰੀਮ ਈ ਗਈ ਐ, ਐਨ ਨਿੱਤਰਿਆ ਹੋਇਆ ਮੱਖਣ।" ਗੁਰਨਾਮ ਕੌਰ ਨੇ ਕਿੰਨੇ ਸਿਦਕ ਨਾਲ ਕਿਹਾ ਸੀ।

"ਠੀਕ ਐ ਲੜਾਂਗੇ ਸਾਥੀ ਜਦੋਂ ਤੱਕ ਲੜਨ ਦੀ ਲੋੜ ਹੋਵੇਗੀ।" ਇਹ ਅੱਧ ਪਚੱਧ ਸਤਰਾਂ ਗੁਰਨਾਮ ਕੌਰ ਦੇ ਮੂੰਹੋਂ ਨਿਕਲੀਆਂ ਸਨ ਤਾਂ ਮੱਖਣ ਸਿੰਘ ਦਾ ਅੰਦਰ ਛਲਕ ਆਈਆ ਸੀ। ਹੋਰ ਕਈ ਸਨ ਜਿਨ੍ਹਾਂ ਦਾ ਬਦੋਬਦੀ ਰੋਣ ਨਿਕਲ ਆਇਆ ਸੀ। ਪਰ ਗੁਰਨਾਮ ਕੌਰ ਸੀ ਕਿ ਸ਼ੇਰ ਦੀ ਧੀ ਨੇ ਇਕ ਹਿੰਝ ਨਹੀਂ ਡੇਗੀ ਅੱਖਾਂ 'ਚੋਂ।

ਵੱਡੇ ਅਫ਼ਸਰ ਕਾਰਾ ਕਰਕੇ ਬੰਗਲਿਆਂ ਵਿਚ ਵਿਸਕੀਆਂ ਦੇ ਦੁਆਲੇ ਹੋ ਗਏ ਹੋਣਗੇ ਲੋਕਾਂ ਦੇ ਘਰਾਂ ਵਿਚ ਸੱਥਰ ਵਿਛਾ ਕੇ। ਪਰ ਵਿਚਾਰੇ ਸਾਧਾਰਨ ਸਿਪਾਹੀ ਤੇ ਹੌਲਦਾਰ ਇਕ ਟੰਗ 'ਤੇ ਖੜ੍ਹੇ ਹਸਪਤਾਲ ਵਿਚ ਪਹਿਰੇ ਰਹੇ ਸਨ। ਗੁਰਨਾਮ ਕੌਰ ਜਦੋਂ ਕੁਝ ਮਰਦਾਂ ਔਰਤਾਂ ਨਾਲ ਮੁਰਦਘਾਟ ਵੱਲ ਜਾਣ ਲੱਗੀ ਤਾਂ ਉਸਨੂੰ ਕੁਝ ਆਦਮੀਆਂ ਨੇ ਰੋਕਿਆ – "ਗੁਰਨਾਮ ਤੂੰ ਨਾ ਜਾਹ ਇਧਰ।" ਲਾਸ਼ਾਂ ਤੇ ਪਹਿਰਾ ਦੇ ਰਹੇ ਸਿਪਾਹੀ ਨੇ ਮੂੰਹ ਦੂਜੇ ਪਾਸੇ ਭੰਵਾ ਲਿਆ। ਉਹ ਤਾਂ ਨੀਵੀਂ ਵੀ ਪਾ ਗਿਆ ਸੀ ਜਿਵੇਂ ਅੱਖਾਂ ਵਿਚ ਆ ਗਿਆ ਪਾਣੀ ਲੁਕੋ ਰਿਹਾ ਹੋਵੇ। ਹਾਂ ਸਾਫ ਹੀ ਪਤਾ ਲੱਗਦਾ ਸੀ ਕਿ ਉਸਨੇ ਜਾਣ ਬੁੱਝ ਕੇ ਇਉਂ ਕੀਤਾ ਸੀ। ਕੀ ਉਹ ਸਾਡੀ ਪੀੜ ਸਮਝਦਾ ਸੀ। ਕਿਉਂ ਨਹੀਂ ਸਮਝਦਾ ਹੋਣਾ? ਆਖ਼ਰ ਉਹ ਸਾਡਾ ਹੀ ਤਾਂ ਭਾਈ ਬੰਧੂ ਹੈ। ਕਿਸੇ ਕਿਸਾਨ ਜਾਂ ਖੇਤ ਮਜ਼ਦੂਰ ਦਾ ਖ਼ੂਨ ਹੀ ਹੋਵੇਗਾ। ਉਸਨੂੰ ਲੋਕਾਂ ਦੀ ਪੀੜ ਦੀ ਸਮਝ ਆ ਗਈ ਸੀ। ਇਹ ਕਿਵੇਂ ਹੋ ਸਕਦਾ ਹੈ ਕਿ ਨਾ ਆਈ ਹੋਵੇ?"

ਕੁਝ ਲੋਕ ਲਾਸ਼ਾਂ ਕੋਲ ਚਲੇ ਗਏ ਸਨ। ਤਿੰਨ ਸਰੀਰ ਚੁੱਪ ਕੀਤੇ ਪਏ ਸਨ, ਜਿਵੇਂ ਘੂਕ ਸੁੱਤੇ ਹੋਏ ਹੋਣ। ਮੁਰਦਾਘਾਟ ਵਿਚ ਇਕਦਮ ਸੰਨਾਟਾ ਸੀ। ਇਸ ਤੋਂ ਪਹਿਲਾਂ ਮੱਖਣ ਸਿੰਘ ਨੇ ਕਦੇ ਮੁਰਦਾਘਾਟ

ਨਹੀਂ ਸੀ ਵੇਖਿਆ। ਭੈਅ ਜਿਹਾ ਵੀ ਆਇਆ ਸੀ। ਗੁਰਨਾਮ ਕੌਰ ਸੁਰਜੀਤ ਦੇ ਬੁੱਲ੍ਹਾਂ 'ਤੇ ਅੰਗੂਠੇ ਨਾਲ ਦੀ ਉਂਗਲ ਫੇਰ ਰਹੀ ਸੀ ਜਿਵੇਂ ਕਹਿ ਰਹੀ ਹੋਵੇ, "ਸਾਥੀ ਜੀ ਮੈਨੂੰ ਕੋਈ ਸੁਨੇਹਾ ਨਹੀਂ ਦੇ ਕੇ ਜਾਣਾ?" ਸੁਰਜੀਤ ਨੇ ਕੋਈ ਸੁਨੇਹਾ ਨਹੀਂ ਸੀ ਦਿੱਤਾ? ਇਹ ਕੀ ਸੋਚ ਗਈ ਗੁਰਨਾਮ ਕੌਰ? ਉਹ ਆਪ ਹੀ ਆਪਣੇ ਵਿਚਾਰਾਂ ਨੂੰ ਕੱਟ ਗਈ ਸੀ। ਸੁਰਜੀਤ ਐਡਾ ਵੱਡਾ ਸੁਨੇਹਾ ਤਾਂ ਦੇ ਗਿਆ ਸੀ ਲੋਕ ਘੋਲਾਂ ਦੀ ਖ਼ਾਤਿਰ ਕੁਰਬਾਨੀ ਕਰਨ ਦਾ। ਇਹੋ ਹੀ ਤਾਂ ਉਸਦਾ ਅੰਤਿਮ ਸੁਨੇਹਾ ਸੀ ਜੋ ਉਹ ਵਕਤ ਦੇ ਪਰਾਂ 'ਤੇ ਲਿਖ ਗਿਆ ਸੀ। ਕਿਸੇ ਪੁਸਤਕ ਦੇ ਇਹ ਸ਼ਬਦ ਮਨ ਮਸਤਕ ਵਿਚ ਗੂੰਜ ਰਹੇ ਸਨ ਗੁਰਨਾਮ ਕੌਰ ਦੇ। ਉਹ ਆਪਣੇ ਆਪ 'ਤੇ ਹੈਰਾਨ ਸੀ। ਇਕ ਔਰਤ ਹੋ ਕੇ ਐਨਾ ਜੇਰਾ ਕਿਵੇਂ ਕਰ ਗਈ ਉਹ? ਉਸ ਦੀਆਂ ਅੱਖਾਂ 'ਚੋਂ ਇਕ ਵੀ ਹੰਝੂ ਕਿਉਂ ਨਾ ਆਇਆ? ਕੀ ਉਸ ਦੀਆਂ ਅੱਖਾਂ ਪਥਰਾ ਗਈਆਂ ਸਨ। ਕਿਵੇਂ ਇਕ ਟੱਕ ਹੀ ਤਾਂ ਸੁਰਜੀਤ ਦੇ ਚਿਹਰੇ ਵੱਲ ਵੇਖੀ ਜਾ ਰਹੀ ਸੀ। ਕਦੇ ਬਲਵੰਤ ਦੇ ਵਾਲਾਂ ਵਿਚ ਉਂਗਲਾਂ ਫੇਰੀ ਜਾ ਰਹੀ ਸੀ ਤੇ ਕਦੇ ਦਾੜ੍ਹੀ ਵਿਚ ਤੇ ਕਦੇ ਬੁੱਲ੍ਹਾਂ ਨੂੰ ਪੋਟਿਆਂ ਨਾਲ ਛੂਹ ਰਹੀ ਸੀ – "ਸਾਥੀ ਜੀ ਬੋਲੋ ਕੁਝ ਤਾਂ ਕਹੋ ਮੈਨੂੰ। ਫਿਰ ਉਸਨੇ ਆਪ ਹੀ ਕਹਿ ਦਿੱਤਾ – "ਕਿੰਨਾ ਕੁਝ ਤਾਂ ਕਹਿ ਗਿਆ ਗੁਰਨਾਮ ਤੇਰਾ ਸਾਥੀ। ਹੁਣ ਵੀ ਤਾਂ ਇਹ ਕਿੰਨਾ ਕੁਝ ਆਖੀ ਜਾ ਰਿਹਾ ਹੈ – "ਦੇਖੀ ਗੁਰਨਾਮ ਦਿਲ ਥੋੜ੍ਹਾ ਨਾ ਕਰੀ। ਹੁਣ ਇਹ ਤੇਰੇ ਇਮਤਿਹਾਨ ਦਾ ਵੇਲਾ, ਸਮਝੀ ਗੁਰਨਾਮ?" ਉਸਦੇ ਅੰਦਰੋਂ ਆਵਾਜ਼ ਆਈ ਸੀ – "ਸਮਝ ਗਈ ਸੁਰਜੀਤ ਸਮਝ ਗਈ ਆਂ ਮੈਂ। ਤੇਰੀਆਂ ਗੱਲਾਂ ਤਾਂ ਛੇਤੀ ਹੀ ਸਮਝ ਆਉਣ ਲੱਗ ਪਈਆਂ ਸਨ ਮੈਨੂੰ। ਹੁਣ ਵੀ ਸਮਝ ਗਈ ਆਂ ਮੈਂ ਸਾਰੀਆਂ ਗੱਲਾਂ। ਤੂੰ ਬੇਫ਼ਿਕਰ ਹੋ ਕੇ ਸੌਂ ਜਾ।" ਕਿਸੇ ਬੱਚੇ ਨਾਲ ਗੱਲ ਕਰੀਦੀਆਂ ਨੇ ਜਿਵੇਂ।

ਪੋਸਟਮਾਰਟਮ ਤੋਂ ਬਾਅਦ ਲਾਸ਼ਾਂ ਵਾਰਿਸਾਂ ਨੂੰ ਸੌਂਪ ਦਿੱਤੀਆਂ ਗਈਆਂ ਸਨ। ਉਦੋਂ ਤਾਂ ਇਕ ਦਮ ਹੀ ਛਾਲ ਮਾਰ ਕੇ ਉੱਠੀ ਸੀ ਉਹ। ਮੱਖਣ ਸਿੰਘ ਕੋਲ ਹੀ ਖੜ੍ਹਾ ਸੀ। "ਦਿਲ ਵਿਚ ਇਸ ਕਤਲ ਦੇ ਵਿਰੁੱਧ ਰੋਹ ਦੀ ਅਗਨੀ ਬਾਲੋ। ਇਉਂ ਆਖੋ ਭੈਣੋ ਇਉਂ।" ਦਹਾੜ ਰਹੀ ਸੀ ਗੁਰਨਾਮ ਕੌਰ। ਕੀ ਇਹ ਗੱਲਾਂ ਲੋਕਾਂ ਨੂੰ ਸਮਝ ਆ ਗਈਆਂ ਸਨ। ਕਿਵੇਂ ਬਹੁਤੀਆਂ ਗੱਲਾਂ ਲੋਕਾਂ ਦੇ ਸਿਰਾਂ ਤੋਂ ਹਵਾਈ ਜਹਾਜ ਵਾਂਗ ਹੀ ਲੰਘ ਜਾਂਦੀਆਂ ਹਨ।

ਲਾਸ਼ਾਂ ਟਰਾਲੀ ਵਿਚ ਧਰਨ ਵੇਲੇ ਗੁਰਨਾਮ ਕੌਰ ਕੁਝ ਕੁ ਭਾਵੁਕ ਹੋ ਗਈ ਪਰ ਸੰਭਲ ਗਈ ਸੀ। ਫਿਰ ਤਾਂ ਸਾਰੇ ਕਹਿਣ ਹੀ ਲੱਗ ਪਏ ਬਈ ਧੰਨ ਐ ਕੁੜੀ ਜਿਸ ਨੇ ਐਨਾ ਜੇਰਾ ਵਿਖਾਇਆ ਹੈ।

ਜਦੋਂ ਸੁਰਜੀਤ ਦੀ ਚਿਤਾ ਨੂੰ ਅਗਨੀ ਵਿਖਾਈ ਗਈ ਸੀ ਤਾਂ ਉਹਦੇ ਕੋਲੋਂ ਰਿਹਾ ਨਹੀਂ ਸੀ ਗਿਆ। ਬਹੁਤ ਹੀ ਭਾਵੁਕ ਹੋ ਗਈ ਸੀ। ਸੰਘ ਪਾੜਵੀਂ ਆਵਾਜ਼ ਵਿਚ ਨਾਹਰਾ ਲਾ ਦਿੱਤਾ ਸੀ– "ਸੁਰਜੀਤ ਸਾਥੀਆ ਤੇਰੀ ਸੋਚ ਤੇ ! ਪਹਿਰਾ ਦਿਆਂਗੇ ਠੋਕ ਕੇ।" ਫਿਰ ਹੋਰ ਅੱਗੇ "ਸੁਰਜੀਤ ਸਾਥੀਆ ਤੇਰਾ ਕਾਜ ਅਧੂਰਾ, ਲਾ ਕੇ ਜਿੰਦੜੀਆਂ ਕਰਾਂਗੇ ਪੂਰਾ।" ਮੱਖਣ ਸਿੰਘ ਨੂੰ ਤਾਂ ਆਪ ਹੈਰਾਨੀ ਹੋ ਰਹੀ ਸੀ ਕਿ ਇੰਨਾ ਜੇਰਾ ਕਿਵੇਂ ਕਰ ਗਈ ਗੁਰਨਾਮ ਕੌਰ? ਉਸਦੇ ਜੀਅ ਵਿਚ ਇਕ ਵਾਰ ਜ਼ਰੂਰ ਆਇਆ ਸੀ– "ਇੰਨਾ ਵੱਡਾ ਉਮਰ ਦਾ ਪਹਾੜ ਉਹ ਕਿਵੇ ਪਾਰ ਕਰੇਗੀ? ਉਸਦੀਆਂ ਅੱਖਾਂ ਅੱਗੇ ਸਾਮਰਤੱਖ ਉਹ ਦ੍ਰਿਸ਼ ਘੁੰਮ ਰਿਹਾ ਸੀ ਜਦੋਂ ਉਸਨੇ ਸੁਰਜੀਤ ਦੇ ਬਰਾਬਰ ਬੈਠੀ ਨੇ ਉਸਦੇ ਸਿਰ 'ਤੇ ਹੱਥ ਰੱਖੀ ਰੱਖਿਆ ਸੀ ਸਾਰੇ ਰਾਹ। ਸਾਰੇ ਰਾਹ ਸੁਰਜੀਤ ਦਾ ਸਾਥ ਦਿੱਤਾ ਸੀ। ਉਦੋਂ ਉਹ ਬਿਲਕੁਲ ਵੀ ਨਹੀਂ ਸੀ ਰੋਈ। ਇਕ ਵੀ ਇੰਝ ਨਹੀਂ ਸੀ ਡਿੱਗੀ ਅੱਖ 'ਚੋਂ।

ਰਾਤ ਭਰ ਸੁਰਜੀਤ ਦੀ ਲਾਸ਼ ਨੂੰ ਬਰਫ ਵਿਚ ਲਾ ਕੇ ਰੱਖੀ ਰੱਖਿਆ ਸੀ। ਮੱਖਣ ਸਿੰਘ ਕੰਧ ਨਾਲ ਢੋਅ ਲਾ ਕੇ ਬੈਠਾ ਰਿਹਾ ਸੀ ਸਾਰੀ ਰਾਤ। ਮੁੰਡਿਆਂ ਨੇ ਬਥੇਰਾ ਕਿਹਾ ਸੀ – "ਬਾਪੂ ਜੀ ਤੁਸੀਂ ਥੋੜ੍ਹਾ ਚਿਰ



ਢੂਹੀ ਸਿੱਧੀ ਕਰ ਲਵੋ, ਆਹ ਗਦੈਲੇ 'ਤੇ ਟੇਢੇ ਹੋ ਲਉ ਕੁਝ ਚਿਰ...." ਪਰ ਮੱਖਣ ਸਿੰਘ ਨਹੀਂ ਸੀ ਪਿਆ – ਬੱਸ ਦੋ ਵਾਰ ਗੋਡਿਆਂ 'ਚ ਸਿਰ ਦੇ ਕੇ ਹੀ ਸੁਸਤਾ ਗਿਆ ਸੀ। ਦੂਜੇ ਦਿਨ ਹਜ਼ਾਰਾਂ ਲੋਕਾਂ ਦੇ ਇਕੱਠ ਦੀ ਹਾਜ਼ਰੀ ਵਿਚ ਲਾਲ ਝੰਡੇ ਵਿਚ ਲਪੇਟੀ ਲਾਸ਼ ਨੂੰ ਜਦੋਂ ਅਰਥੀ 'ਤੇ ਪਾਇਆ ਸੀ ਤਾਂ ਉਮਲ੍ਹ-ਉਮਲ੍ਹ ਕੇ ਲੋਕ ਸੁਰਜੀਤ ਦੇ ਦਰਸ਼ਨ ਕਰਕੇ ਅੰਤਿਮ ਵਿਦਾਇਗੀ ਦੇਰਹੇ ਸਨ। ਲੋਕ ਇਕ ਪਾਸਿਉਂ ਆਈ ਜਾਂਦੇ, ਤੇ ਦੂਜੇ ਪਾਸੇ ਜਾਈ ਜਾਂਦੇ, ਕਤਾਰਾਂ ਦੀਆਂ ਕਤਾਰਾਂ। ਪਾਰਟੀ ਦੇ ਲਾਲ ਝੰਡੇ ਵਿਚ ਲਪੇਟ ਕੇ ਰੱਖੀ ਹੋਈ ਸੀ ਲਾਸ਼। ਗੁਰਨਾਮ ਕੌਰ ਲਾਸ਼ ਦੇ ਸਿਰਹਾਣੇ ਵਾਲੇ ਪਾਸੇ ਬੈਠੀ ਹੋਈ ਸੀ। ਇਕ ਬਿਰਧ ਮਾਈ ਨੇ ਦਖ਼ਲ ਦਿੱਤਾ ਸੀ– "ਪੁੱਤ ਪੈਰਾਂ ਵਾਲੇ ਪਾਸੇ ਬੈਠ। ਸਿਰਹਾਣੇ ਵਾਲੇ ਪਾਸੇ ਨਾ ਬੈਠ, ਇਹ ਤੇਰੇ ਸਿਰ ਦਾ ਸਾਂਈ ਸੀ।"

ਗੁਰਨਾਮ ਕੌਰ ਨਹੀਂ ਸੀ ਉੱਠੀ। 'ਉਹ ਤਾਂ ਮੇਰਾ ਜੀਵਨ ਸਾਥੀ ਸੀ। ਉਸਨੇ ਕਦੇ ਵੀ ਸਿਰ ਦਾ ਸਾਂਈ ਬਣ ਕੇ ਉਹ ਵਿਖਾਇਆ ਹੀ ਨਹੀਂ ਸੀ।'

ਜਿਉਂ ਹੀ ਲਾਸ਼ ਸੰਸਕਾਰ ਵਾਸਤੇ ਉਠਾਈ ਗਈ ਉਸਦਾ ਤਾਂ ਜਿਵੇਂ ਇਕਦਮ ਹੀ ਕੜ ਪਾਟ ਗਿਆ। ਇਉਂ ਲੱਗਦਾ ਸੀ ਜਿਵੇਂ ਉਸਦੀਆਂ ਚੀਕਾਂ ਤਾਂ ਅੱਜ ਆਸਮਾਨ ਨੂੰ ਪਾੜ ਕੇ ਹੀ ਦਮ ਲੈਣਗੀਆਂ। ਬੁੜ੍ਹੀਆਂ ਨੇ ਬਥੇਰਾ ਸਾਂਭਿਆ ਹੋਇਆ ਸੀ ਉਸਨੂੰ ਪਰ ਉਹ ਉਸ ਵਕਤ ਕਿੱਥੇ ਸੰਭਲਣ ਵਾਲੀ ਸੀ। ਕਿਉਂ ਛੱਡ ਬੈਠੀ ਸੀ ਜ਼ਬਤ ਦਾ ਪੱਲਾ? ਕਿਉਂ ਆਪਣੇ ਸਾਥੀ ਨਾਲ ਕੀਤਾ ਵਾਹਦਾ ਤੋੜ ਬੈਠੀ ਸੀ? ਕਿੱਥੇ ਰਿਹਾ ਸੀ ਕਾਬੂ ਉਹਦਾ ਸਭ ਕਾਸੇ 'ਤੇ?

"ਸਬਰ ਕਰ ਸੁਰਜੀਤ, ਸਬਰ ਕਰ।" ਗਲੀ ਗੁਆਂਢ ਦੀ ਕੋਈ ਔਰਤ ਕਹਿ ਰਹੀ ਸੀ– ਜਿਹੜੀ ਲਿਖਤਕਾਰ ਐ ਕੋਈ ਨਹੀਂ ਮੇਟਣ ਵਾਲਾ।" ਸੁਣ ਕੇ ਉਹ ਜ਼ਰੂਰ ਸੰਭਲ ਗਈ ਸੀ, "ਕਿਉਂ ਕਰਾਂ ਸਬਰ ਭੈਣੋ, ਕਿਉਂ ਕੀਤਾ ਜਾਵੇ ਸਬਰ? ਇਹ ਦਿਨ ਰਾਤ ਲੋਕ ਘੋਲਾਂ ਲਈ ਸਮਰਪਿਤ ਸੀ ਤੇ ਇਸੇ ਕਰਕੇ ਸਮੇਂ ਤੋਂ ਪਹਿਲਾਂ ਤੁਰ ਗਿਆ। ਦਿਨ ਰਾਤ ਇਕ ਕਰਨ ਕਰਕੇ। ਸੁਰਜੀਤ ਨੂੰ ਤਾਂ ਹਾਲਾਤ ਦੇ ਜ਼ਾਲਮ ਪੰਜਿਆਂ ਨੇ ਕਤਲ ਕੀਤੈ ਭੈਣੋ ਨੀ ਭੈਣੋ। ਸੁਰਜੀਤ ਇਕ ਦਿਨ ਸਮਝਾਉਣ ਲੱਗਿਆ ਸੀ – "ਦੇਖ ਗੁਰਨਾਮ, ਚੰਗਾ ਸਾਹਿਤ ਹੀ ਮਨੁੱਖ ਦੇ ਅੰਦਰ ਚੰਗੀਆਂ ਕਦਰਾਂ ਕੀਮਤਾਂ ਦਾ ਬੀ ਬੀਜਦੈ। ਮੈਂ ਤੇਰੇ ਕੋਲੋਂ ਹੋਰ ਕੁਝ ਨਹੀਂ ਮੰਗਦਾ। ਬੱਸ ਕਿਤਾਬਾਂ ਜ਼ਰੂਰ ਪੜ੍ਹਿਆ ਕਰ ਤਾਂ ਜੋ ਜੀਵਨ ਵਿਚਲੇ ਚੰਗੇ ਮਾੜੇ ਦੀ ਸਮਝ ਆ ਜਾਏ।" ਜਿਵੇਂ ਕਿਸੇ ਬੱਚੇ ਨੂੰ ਸਮਝਾਈਦਾ ਐ, ਇਉਂ ਹੀ ਤਾਂ ਸਮਝਾ ਰਿਹਾ ਸੀ ਸੁਰਜੀਤ। ਜਦੋਂ ਉਸਦੇ ਸੁਭਾਅ ਬਾਰੇ ਗੁਰਨਾਮ ਕੌਰ ਨੇ ਆਪਣੇ ਬੇਬੇ ਬਾਪੂ ਨੂੰ ਸਾਰੀ ਗੱਲ ਦੱਸੀ ਤਾਂ ਉਹ ਧਰਤੀ ਨਮਸਕਾਰਨ ਲੱਗੀ – "ਸ਼ੁਕਰ ਐ ਦਾਤਿਆ ਤੇਰੀ ਦਰਗਾਹ ਨੂੰ। ਤੈਂ ਕਿਹੜੀ ਵਿਧ ਘੜਿਆ ਸਾਡਾ ਜਵਾਈ? ਹਰੇਕ ਦੀ ਧੀ ਇਉਂ ਈ ਸੁਖੀ ਵਸੇ ਦਾਤਿਆ! ਸ਼ੁਕਰ ਐ ਰੱਬਾ।

ਸ਼ਰਧਾਂਜਲੀ ਸਮਾਗਮ ਸਮੇਂ ਉਸਨੇ ਪੂਰੀ ਤਰ੍ਹਾਂ ਜ਼ਬਤ ਰੱਖਿਆ। ਭਾਵੇਂ ਕਈ ਔਰਤਾਂ ਉਸਦੇ ਆਲੇ-ਦੁਆਲੇ ਬੈਠੀਆਂ ਹੋਈਆਂ ਸਨ ਕਿ ਕਿਤੇ ਉਹ ਫਿੱਸ ਨਾ ਪਵੇ। ਉਹ ਬਗੈਰ ਕਿਸੇ ਸਹਾਰੇ ਦੇ ਬੈਠੀ ਸੀ ਜਦੋਂ ਕਿ ਉਸਨੂੰ ਸਹਾਰੇ ਦੀ ਡਾਢੀ ਲੋੜ ਸੀ। ਜਦੋਂ ਕਈ ਬੁਲਾਰੇ ਬੋਲ ਹਟੇ ਤਾਂ ਉਹ ਆਪ ਹੀ ਉੱਠ ਕੇ ਸਟੇਜ ਦੇ ਕੋਲ ਚਲੀ ਗਈ ਸੀ। ਉਸਨੇ ਸਟੇਜ ਸਕੱਤਰ ਦੇ ਕੰਨ ਵਿਚ ਕੁਝ ਕਿਹਾ ਸਕੱਤਰ ਨੇ ਹਾਂ ਵਿਚ ਸਿਰ ਹਿਲਾਇਆ ਸੀ। ਸ਼ਰਧਾਂਜਲੀ ਸਮਾਗਮ ਤੱਕ ਤਾਂ ਉਸਨੇ ਆਪਣੇ ਆਪ ਨੂੰ ਕਾਇਮ ਕਰ ਲਿਆ। ਉਸਦਾ ਦਿਲ ਕਰ ਆਇਆ ਸੀ ਕਿ ਉਹ ਜ਼ਰੂਰ ਹੀ ਸਮਾਗਮ ਵਿਚ ਬੋਲੇ। ਆਪਣੇ ਲੋਕਾਂ ਨਾਲ ਇਕਰਾਰ ਕਰੇ ਕਿ ਜੋ ਕਾਰਜ ਬਲਵੰਤ ਅਧੂਰਾ ਛੱਡ ਗਿਆ ਹੈ, ਉਹ ਪੂਰਾ ਕੀਤਾ ਜਾਵੇਗਾ। .....ਤੇ ਉਸਨੇ ਵੇਖਿਆਸ ੀ ਕਿ ਸਕੱਤਰ ਨੇ ਹਾਂ ਵਿਚ ਸਿਰ ਹਿਲਾਉਣ ਵੇਲੇ ਅੱਖਾਂ ਪੂੰਝੀਆਂ ਸਨ।

"ਕਿਉਂ ਵੀਰ ਇਹ ਕੀ? ਰੋਣਾ ਨਹੀਂ ਬਿਲਕੁਲ ਵੀ। ਆਹ ਵੇਖ ਮੇਰੇ ਵੱਲ। ਰੋਣਾ ਤਾਂ ਮੈਨੂੰ ਚਾਹੀਦਾ ਸੀ ਪਰ ਦੇਖ ਮੈਂ ਨਹੀਂ ਰੋ ਰਹੀ।" ਇੰਨਾ ਕਹਿਣ 'ਤੇ ਸਗੋਂ ਉਹ ਹੋਰ ਵੀ ਜ਼ਿਆਦਾ ਫ਼ਫ਼ਕ-ਫ਼ਫ਼ਕ ਕੇ ਰੋਣ ਲੱਗ ਪਿਆ। ਉਸਨੇ ਭਰੇ ਗੱਚ ਨਾਲ ਗੁਰਨਾਮ ਕੌਰ ਦਾ ਨਾਂ ਲਿਆ ਤਾਂ ਉਹ ਸਹਿਜ ਜਿਹੇ ਨਾਲ ਉਠ ਕੇ ਮਾਇਕ ਕੋਲ ਗਈ। ਉਸਦੇ ਗਲੇ 'ਚੋਂ ਜਿਵੇਂ ਸ਼ਬਦ ਦੀ ਇਕ ਲਹਿਰ ਜਿਹੀ ਉਠ ਖਲੋਤੀ। ਸ਼ਬਦ ਤਾਂ ਜਿਵੇਂ ਉਸਦੇ ਜਿਉਂਦੇ ਜਾਗਦੇ ਸਾਥੀ ਹੀ ਬਣ ਗਏ ਸਨ। ਉਸਦਾ ਮੋਢਾ ਥਪਥਪਾ ਰਹੇ – "ਗੁਰਨਾਮ ਕੌਰੇ ਤੇਰੇ ਲਈ ਇਹ ਇਮਤਿਹਾਨ ਦੀ ਘੜੀ ਹੈ ਦੇਖੀ ਕਿਸੇ ਪਰਚੇ 'ਚੋਂ ਥੋੜ੍ਹੇ ਨੰਬਰ ਨਾ ਰਹਿ ਜਾਣ। ਅਸੀਂ ਇਕ ਇਕ ਸ਼ਬਦ ਤੇਰੇ ਨਾਲ ਖੜ੍ਹਾਂਗੇ। ਸ਼ਬਦਾਂ ਦੀ ਤੋਟ ਨਹੀਂ ਰਹੇਗੀ।"

"ਸੁਰਜੀਤ ਪਰਚਾ ਕਰਨ ਦੀ ਜਾਂਚ ਤੂੰ ਹੀ ਤਾਂ ਦੱਸ ਕੇ ਗਿਐਂ, ਮੈਂ ਥੋੜ੍ਹੇ ਨੰਬਰ ਕਿਵੇਂ ਲੈ ਸਕਦੀ ਹਾਂ?" ਗੁਰਨਾਮ ਕੌਰ ਨੇ ਆਪਣੇ ਆਪ ਨੂੰ ਦਿਲਬਰੀ ਦਿੱਤੀ ਸੀ।

ਉਹ ਜੋ ਸ਼ਬਦ ਵੀ ਜੋੜ ਸਕੀ, ਜਿਉਂ ਹੀ ਉਸਦੇ ਮੂੰਹੋਂ ਨਿਕਲਣ ਲੱਗੇ ਸਨ ਤਾਂ ਸਭ ਪਾਸੇ ਇਕ ਤਰ੍ਹਾਂ ਵੈਰਾਗਮਈ ਸਨਾਟਾ ਜਿਹਾ ਛਾ ਗਿਆ – "ਪਿਆਰੇ ਭੈਣੋ ਤੇ ਭਰਾਵੋ, ਮੈਂ ਸਮਝਦੀ ਹਾਂ ਕਿ ਸੁਰਜੀਤ ਸਾਡੇ ਵਿਚਕਾਰ ਹੀ ਇਥੇ ਕਿਤੇ ਬਿਰਾਜਮਾਨ ਹੈ। ਉਹ ਸਾਥੋਂ ਜੁਦਾ ਨਹੀਂ ਹੋਇਆ, ਸਗੋਂ ਉਹ ਤਾਂ ਅਮਰ ਹੋ ਗਿਆ ਹੈ। ਮੈ ਪ੍ਰਣ ਕਰਦੀ ਹਾਂ ਕਿ ਜੋ ਕਾਰਜ ਸਾਡੇ ਸਾਰਿਆਂ ਲਈ ਸੁਰਜੀਤ ਅਧੂਰਾ ਛੱਡ ਗਿਆ ਹੈ ਮੈਂ ਉਹਦਾ ਉਹ ਕਾਰਜ ਪੂਰਾ ਕਰਨ ਦੀ ਪੂਰੀ ਵਾਹ ਲਾਊਂਗੀ। ਮੈਂ ਆਪਣੀਆਂ ਦੋਹਾਂ ਧੀਆਂ ਵਿਚੋਂ ਸੁਰਜੀਤ ਨੂੰ ਵੇਖਣ ਦਾ ਯਤਨ ਕਰੂੰਗੀ।" ਫਿਰ ਕੀ ਸੀ ਉਸਦੇ ਦੁਆਲੇ ਤਾਂ ਬੁੱਕਲਾਂ ਦੀਆਂ ਚਾਨਣੀਆਂ ਹੀ ਤਾਂ ਤਣ ਗਈਆਂ ਸਨ। ਉਨ੍ਹਾਂ ਚਾਨਣੀਆਂ ਵਿਚ ਧੁੱਪ ਦਾ ਕਿਤੇ ਨਾਂ ਨਿਸ਼ਾਨ ਵੀ ਨਹੀਂ ਸੀ। ਉਸਨੂੰ ਲੱਗਦਾ ਸੀ ਕਿ ਜਿਵੇਂ ਸਾਰੇ ਹੀ ਲੋਕ ਕਹਿ ਰਹੇ ਹੋਣ – "ਸੁਰਜੀਤ ਤੁਸੀਂ ਇਥੇ ਕਿਤੇ ਹੀ ਹੋ। ਕਿਤੇ ਨਹੀਂ ਗਏ ਤੁਸੀਂ।"

ਤੇ ਉਸਨੇ ਕਿਹਾ ਸੀ – "ਮੈਂ ਆਪਣੀਆਂ ਭੈਣਾਂ ਨੂੰ ਕਹਿਣਾ ਚਾਹੁੰਦੀ ਹਾਂ ਜਿਨ੍ਹਾਂ ਦੇ ਜੀਵਨ ਸਾਥੀ ਸ਼ਹੀਦ ਹੋ ਚੁੱਕੇ ਨੇ ਇਹ ਕਹਿਣ ਕਿ ਅਸੀਂ ਆਪਣੇ ਸ਼ਹੀਦਾਂ ਨੂੰ ਰੋਵਾਂਗੀਆਂ ਨਹੀਂ।"

ਮੱਖਣ ਸਿੰਘ ਦੀਆਂ ਅੱਖਾਂ ਮੋਟੇ-ਮੋਟੇ ਹੰਝੂ ਨਾਲ ਭਰ ਗਈਆਂ। ... ਪਰ ਇਹ ਹੰਝੂ ਗ਼ਮ ਦੇ ਨਹੀਂ ... ਸਗੋਂ ਹੌਂਸਲੇ ਅਤੇ ਦ੍ਰਿੜ੍ਹਤਾ ਦੇ ਪ੍ਰਤੀਕ ਸਨ।

"ਸ਼ਾਬਾਸ਼ੇ ਧੀਏ ਤੈਂ ਤਾਂ ਮੇਰਾ ਪੁੱਤ ਜਿਊਂਦਾ ਕਰ 'ਤਾ। ਜਿਊਂਦਾ ਹੈ ਮੇਰਾ ਪੁੱਤ।" •

## ਧੰਨਵਾਦ

ਸਾਡੀ ਅਪੀਲ ਉੱਤੇ ਹੇਠ ਲਿਖੇ ਲੇਖਕਾਂ, ਮਿੱਤਰਾਂ ਤੇ ਸ਼ੁੱਭ-ਚਿੰਤਕਾਂ ਨੇ ਚਿਰਾਗ਼ ਲਈ ਹੇਠ ਲਿਖੇ ਅਨੁਸਾਰ ਸਹਾਇਤਾ ਭੇਜੀ ਹੈ। ਅਸੀਂ ਉਹਨਾਂ ਦੇ ਧੰਨਵਾਦੀ ਹਾਂ –

1. ਸ. ਇੰਦਰਜੀਤ ਸਿੰਘ ਬੱਲ (ਟਰਾਂਟੋ) 5000/-
2. ਸ. ਜਰਨੈਲ ਸਿੰਘ ਕਹਾਣੀਕਾਰ (ਟਰਾਂਟੋ) ਸੌ ਡਾਲਰ
3. ਕਵੀ ਕੇਸਰ ਸਿੰਘ ਨੀਰ (ਐਡਮਿੰਟਨ) 4000/-
4. ਸ. ਜਰਨੈਲ ਸਿੰਘ ਸੇਖਾ (ਸਰੀ) 100 ਡਾਲਰ
5. ਸ. ਹਰਿੰਦਰ ਪਾਲ ਸਿੰਘ ਹੁੰਦਲ (ਟਰਾਂਟੋ) 100 ਡਾਲਰ

ਸੰਪਾਦਕੀ ਮੰਡਲ





# ਫ਼ਿਦਾ ਬੁਖ਼ਾਰੀ ਦੀਆਂ ਤਿੰਨ ਗ਼ਜ਼ਲਾਂ

1.

ਭਾਵੇਂ ਹੈ ਸਨ ਸ਼ਹਿਰ ਵਿਚ ਸਰਦਾਰੀਆਂ ਪੱਥਰਾਂ ਦੀਆਂ।
ਮੈਂ ਹਮੇਸ਼ਾ ਕੀਤੀਆਂ ਇਨਕਾਰੀਆਂ ਪੱਥਰਾਂ ਦੀਆਂ।

ਮੈਨੂੰ ਜਦ ਮਜਬੂਰੀਆਂ ਦੀ ਤਾਲ ਤੇ ਨੱਚਣਾ ਪਿਆ,
ਮੇਰਿਆਂ ਯਾਰਾਂ ਨੇ ਵੇਲਾਂ ਵਾਰੀਆਂ ਪੱਥਰਾਂ ਦੀਆਂ।

ਦਿਲ ਦੀਆਂ ਕਿਰਚਾਂ ਚੁਗੇਂਦੇ ਜ਼ਿੰਦਗੀ ਨਿਭਦੀ ਰਹੀ,
ਰਾਸ ਨਾ ਆਈਆਂ ਇਹ ਰਿਸ਼ਤੇਦਾਰੀਆਂ ਪੱਥਰਾਂ ਦੀਆਂ।

ਮੇਰੇ ਸਾਹਵੇਂ ਰੱਬ ਅਖਵਾਂਦੇ ਪਏ ਨੇ ਆਪਣੇ ਆਪ ਨੂੰ,
ਪੀ ਕੇ ਲਹੂ ਗਈਆਂ ਨੇ ਮੱਤਾਂ ਮਰੀਆਂ ਪੱਥਰਾਂ ਦੀਆਂ।

ਮੇਰੀ ਫਿਤਰਤ ਵਿਚ ਈ ਨਹੀਂ ਆਏ ਨੂੰ ਖਾਲੀ ਮੋੜਨ,
ਨਾਲ ਲਹੂ ਦੇ ਕੀਤੀਆਂ ਮੈਂ ਵਾਰੀਆਂ ਪੱਥਰਾਂ ਦੀਆਂ।

ਹੱਥ ਸੀ ਮੇਰੇ ਆਪਣਿਆਂ ਦੇ ਤਾਈਂ ਇਹ ਵੱਸਦੇ ਰਹੇ,
ਜਾਣਦਾ ਮੈਂ ਸਾਰੀਆਂ ਹੁਸ਼ਿਆਰੀਆਂ ਪੱਥਰਾਂ ਦੀਆਂ।

ਹੁਣ ਨਾ ਖਿੜਨਾ ਬਾਗ ਵਿਚ ਫੁੱਲਾਂ ਨੂੰ ਮਾਲੀ ਆਖਿਆ,
ਅੱਜ ਤੋਂ ਪਿੱਛੇ ਨੇ ਰੁੱਤਾਂ ਸਾਰੀਆਂ ਪੱਥਰਾਂ ਦੀਆਂ।

ਪੁੱਛ ਰਹੀਆਂ ਹਾਕਮ ਤੋਂ ਦੱਸ ਖਾਂ ਲਹਿੰਦੀਆਂ ਨੇ ਕਿਸ ਤਰ੍ਹਾਂ,
ਦੇਸ਼ ਦੇ ਫੁੱਲਾਂ ਦੇ ਸਿਰ ਤੇ ਖਾਰੀਆਂ ਪੱਥਰਾਂ ਦੀਆਂ।

ਪੱਥਰਾਂ ਦੇ ਸ਼ਹਿਰ ਵਿਚ ਤਾਮੀਰ ਕਰ ਬੈਠਾ 'ਫ਼ਿਦਾ',
ਮਹਿਲ ਸ਼ੀਸ਼ੇ ਦਾ ਤੇ ਬਾਰੀਆਂ ਪੱਥਰਾਂ ਦੀਆਂ। •

## 2.

ਕਦੋਂ ਤੱਕ ਰਾਤ ਕਾਲੀ ਦੇ ਹਨੇਰੇ ਵਰ੍ਹਦਿਆਂ ਰਹਿਣਾ।
ਮੇਰੀ ਵਸਤੀ ਤੋਂ ਕਦ ਤੀਕਰ ਸਵੇਰਾ ਡਰਦਿਆਂ ਰਹਿਣਾ।

ਕਦੀ ਤੇ ਫ਼ੈਜ਼ ਮਿਲ ਜਾਸੀ ਤਸੱਵਰ ਦੇ ਗੁਰੂ ਕੋਲੋਂ,
ਮੇਰੀ ਪਲਕਾਂ ਉਹਦੇ ਟਿੱਲੇ ਦਾ ਪਾਣੀ ਭਰਦਿਆਂ ਰਹਿਣਾ।

ਕਦੀ ਤਾਂ ਆਵਣ ਦਾ ਸੋਚੋ, ਕਦੋਂ ਤੱਕ ਹੋ ਕੇ ਲਾਵਾਰਸ,
ਇਹਨਾਂ ਅੱਖੀਆਂ ਦੀ ਰਿਮਝਿਮ ਵਿਚ ਉਮੀਦਾਂ ਖਰਦਿਆਂ ਰਹਿਣਾ।

ਮੈਂ ਲੱਖ ਭੱਜਾਂ ਤੇ ਲੱਖ ਨੱਸਾਂ, ਕਿਸੇ ਦੀ ਯਾਦ ਨੇ ਆ ਕੇ,
ਮੇਰੀ ਸੋਚਾਂ ਦੀ ਮੁੰਦਰੀ ਵਿਚ ਨਗੀਨੇ ਜੜਦਿਆਂ ਰਹਿਣਾ।

ਵਫ਼ਾ ਤੇ ਜਫ਼ਾ ਦਾ ਬੱਸ ਏਹੋ ਤੇ ਫ਼ਰਕ ਹੈ ਯਾਰੋ,
ਉਹ ਨਹੀਂ ਸਾਡਾ ਤੇ ਮੁੜ ਕੀ ਏ ਅਸਾਂ ਦਿਲਬਰ ਦਿਆਂ ਰਹਿਣਾ।

ਜੇ ਜਜ਼ਬੇ ਵਾੜ ਨਾ ਬਣਸਨ, ਤੇ ਮੁੜ ਆਸਾਂ ਦੀ ਖੇਤੀ ਨੂੰ,
ਦੁੱਖਾਂ ਨੇ ਖਾਂਦਿਆਂ ਰਹਿਣਾ; ਗ਼ਮਾਂ ਨੇ ਚਰਦਿਆਂ ਰਹਿਣਾ।

ਮੇਰਾ ਘਰ ਨਹੀਂ ਤੇ ਮੁੜ ਕੀ ਏ, ਮੇਰਾ ਗੁਲਸ਼ਨ ਤੇ ਬਚ ਜਾਸੀ,
ਮੈਂ ਅੱਗੇ ਬਿਜੜੀਆਂ ਦੇ ਆਹਲਣੇ ਨੂੰ ਧਰਦਿਆਂ ਰਹਿਣਾ।

ਮੇਰੀ ਗੱਲ ਯਾਦ ਰੱਖ ਜ਼ਾਲਮ! ਸਬਰ ਦੀ ਹੱਦ ਵੀ ਹੋਂਦੀ ਏ,
ਤੇਰਾ ਇਹ ਜ਼ੁਲਮ ਮਜ਼ਬੂਰੀਆਂ ਕਿੰਨਾ ਚਿਰ ਜਰਦਿਆਂ ਰਹਿਣਾ।

ਅਲੀ ਦੇ ਲਾਡਲੇ ਜੰਗ ਦਾ ਤਰੀਕਾ ਈ ਬਦਲ ਛੱਡਿਆ,
ਸਿਰਾਂ ਤੇ ਜਿੱਤਦਿਆਂ ਰਹਿਣਾ, ਖੰਜਰ ਹਰਦਿਆਂ ਰਹਿਣਾ।

ਮੇਰੇ ਜਜ਼ਬੇ ਨਹੀਂ ਹਰ ਸਕਦੇ, 'ਫ਼ਿਦਾ' ਹੁਣ ਛਾਲਿਆਂ ਕੋਲੋਂ,
ਮੈਂ ਥੱਕ ਟੁੱਟ ਕੇ ਵੀ ਪੈਂਡਾ ਵਫ਼ਾ ਦਾ ਕਰਦਿਆਂ ਰਹਿਣਾ।



## 3.

ਤੇਰੀ ਚੌਖਟ ਤੇ ਮੱਥਾ ਧਰਦਿਆਂ ਗੁਜ਼ਰੀ ਹੱਯਾਤੀ।
ਪਈ ਨਫ਼ਰਤ ਦੇ ਖੰਜਰ ਜਰਦਿਆਂ ਗੁਜ਼ਰੀ ਹੱਯਾਤੀ।

ਅਸਾਥੋਂ ਖੁੱਲ ਨਾ ਸਕੇ ਜੀਦਿਆਂ ਜੀਵਨ ਦੇ ਮਾਹਨੀ,
ਹੱਯਾਤੀ ਨੂੰ ਹੱਯਾਤੀ ਕਰਦਿਆਂ ਗੁਜ਼ਰੀ ਹੱਯਾਤੀ।

ਕਿਸ ਦੇ ਬਾਲ ਚਾ ਕੇ ਬਚਪਨਾ ਨਿਭਿਆ ਅਸਾਡਾ,
ਕਿਸੇ ਦੇ ਘਰ ਦਾ ਪਾਣੀ ਭਰਦਿਆਂ ਗੁਜ਼ਰੀ ਹੱਯਾਤੀ।

ਅਸੀਂ ਸੁੱਖਾਂ ਦਾ ਪੱਤਣ ਢੂੰਡਦੇ ਕੰਢੇ ਤੇ ਡੁੱਬੇ,
ਗ਼ਮਾਂ ਦੇ ਵਹਿਣ ਅੰਦਰ ਤਰਦਿਆਂ ਗੁਜ਼ਰੀ ਹੱਯਾਤੀ।

ਅਸੀਂ ਛੱਤਾਂ ਈ ਲਿੰਬਦੇ ਰਹਿ ਗਏ, ਪੀਘਾਂ ਕੀ ਪਾਉਂਦੇ,
ਸਦਾ ਸਾਵਣ ਦੇ ਕੋਲੋਂ ਡਰਦਿਆਂ ਗੁਜ਼ਰੀ ਹੱਯਾਤੀ।

ਅਸੀਂ ਧੁੱਪਾਂ ਹੰਢਾਈਆਂ ਹਾੜ ਵਿਚ, ਉਪ ਤਰਾਨੇ,
ਅਸਾਡੀ ਪੋਹ ਦੇ ਪਾਲੇ ਡਰਦਿਆਂ ਗੁਜ਼ਰੀ ਹੱਯਾਤੀ।

'ਫ਼ਿਦਾ' ਹੁਣ ਮੌਤ ਦਾ ਡਰ ਰਹਿ ਗਿਆ ਭੋਰ ਜਿੰਨਾ,
ਜੋ ਸਾਡੀ ਜੀਂਦਿਆਂ ਤੇ ਮਰਦਿਆਂ ਗੁਜ਼ਰੀ ਹੱਯਾਤੀ। •

ਵਾਹਗਿਓਂ ਪਾਰ

## ਗ਼ਜ਼ਲ

– ਬਸ਼ੀਰ ਅਹਿਮਦ ਸ਼ਾਦ

ਤੋਪ ਬੰਦੂਕ ਵਿਖਾਈ ਰੱਖਦਾ,
ਹਰ ਵੇਲੇ ਯਾਰ ਡਰਾਈ ਰੱਖਦਾ।

ਸਾਥੋਂ ਬੋਲਣ ਦਾ ਹੱਕ ਖੋਹ ਲੈਂਦਾ,
ਸਾਡੇ ਮੂੰਹ ਤੇ ਜੰਦਰੇ ਲਾਈ ਰੱਖਦਾ।

ਹੱਥ ਫੜ ਕੇ ਡੋਰ ਸਿਆਸਤ ਦੀ,
ਕਠਪੁਤਲੀਆਂ ਵਾਂਗ ਨਚਾਈ ਰੱਖਦਾ।

ਕਮਜ਼ੋਰ ਤੇ ਹੀਣਿਆਂ ਲੋਕਾਂ ਨੂੰ,
ਡਾਂਗਾਂ ਨਾਲ ਦਬਾਈ ਰੱਖਦਾ।

ਹੱਕ ਮਾਰਨ ਵਾਲੇ ਜ਼ਾਲਮਾਂ ਨੂੰ,
ਸੀਨੇ ਦੇ ਨਾਲ ਲਗਾਈ ਰੱਖਦਾ।

ਕਦੀ ਦੇ ਦਿੰਦਾ, ਕਦੀ ਖੋਹ ਲੈਂਦਾ,
ਇਹ ਦਾਅਵਾ ਯਾਰ ਖ਼ੁਦਾਈ ਰੱਖਦਾ।

ਏਸ ਜਿਹਾ ਅੱਯਾਲੀ ਵੇਖਿਆ ਨਹੀਂ,
ਜਿਹੜਾ ਕਿੱਕਰਾਂ ਨੂੰ ਅੱਗ ਲਾਈ ਰੱਖਦਾ।

ਹਰ ਗੱਲ ਵਿਚ ਲੁੱਤ ਘੁੱਤ ਰੱਖਦਾ ਏ,
ਸਾਨੂੰ ਭੰਬਲਭੂਸੇ ਵਿਚ ਪਾਈ ਰੱਖਦਾ।

(ਪੰਚਮ, ਲਾਹੌਰ)

# ਪਾਤਾਲ ਜੜ੍ਹ ਬ੍ਰਿਖ ਤੇ ਮਨੀਪਲਾਂਟ

**- ਖ਼ਾਲਦ ਫਰਹਾਦ ਧਾਰੀਵਾਲ**

ਏਸ ਸ਼ਹਿਰ ਦਾ ਵਸੇਬ ਮੈਨੂੰ ਕਦੇ ਵੀ ਚੰਗਾ ਨਹੀਂ ਲੱਗਿਆ।

ਪੂਰੇ ਵਾਤਾਵਰਨ ਵਿਚ ਪਸਰਿਆ ਇਕਲਾਪਾ। ਚੁਫੇਰੇ ਬਣਾਵਟ ਭਰੀ ਜ਼ਿੰਦਗੀ। ਕੀ ਬੋਲੀ, ਕੀ ਵਰਤਾਰਾ, ਏਥੇ ਕੋਈ ਵੀ ਸ਼ੈਅ ਸੁੱਚਲ ਨਹੀਂ।

ਸ਼ਹਿਰ ਤਾਂ ਬੰਦਿਆਂ ਨਾਲ ਹੁੰਦੇ ਨੇ। ਮਸ਼ੀਨੀ ਵਿਹਾਰ ਦਾ ਇਕ ਕਲ ਦਾ ਰੂਪ ਵਟਾ ਚੁੱਕੇ ਬੰਦੇ ਜਿਥੇ ਆਪਣੇ ਮਾਨਸਿਕ ਰੂਪ ਵਿਚ ਰਹੇ ਈ ਨਾ ਹੋਣ, ਤਾਂ ਉਸ ਸ਼ਹਿਰ ਦੀ ਰਹਿਤਲ ਦੇ ਰੰਗ ਰੌਅਬ ਦਾ ਗਵੇੜ ਤੁਸੀਂ ਵੀ ਲਾ ਸਕਦੇ ਓ, ਮੈਂ ਤਾਂ ਖ਼ੈਰ ਇਹ ਸਭ ਅੱਖੀਂ ਡਿੱਠਾ ਏ।

ਦੁੱਖ ਸੁੱਖ ਦੇ ਹਾਵ-ਭਾਵ ਤੋਂ ਮੁਕਤ ਜੀਵਨ। ਖ਼ੁਸ਼ੀ ਸਾਂਝੀ, ਨਾ ਪੀੜ, ਚੁਫੇਰੇ ਕਲ-ਪੁਰਜ਼ਿਆਂ ਦੀ ਭੀੜ ਤੇ ਚਾਲੂ ਵਿਹਾਰ ਦੀ ਪੂਰਾ ਮਾਨਸ ਨਹੀਂ ਮਾਇਆ।

ਮਸਊਦ ਸੀ. ਐਮ. ਐਸ. ਅਫ਼ਸਰ ਬਣਕੇ ਏਸ ਸ਼ਹਿਰ ਨੌਕਰੀ ਕਰਨ ਆਇਆ ਸੀ। ਫਿਰ ਜਦ ਵਿਆਹ ਵੀ ਏਥੇ ਈ ਕਰਵਾ ਲਿਆ ਤਾਂ ਏਸ ਸ਼ਹਿਰ ਵਿਚ ਰਹਿਣਾ ਇਹਦੀ ਮਜਬੂਰੀ ਬਣ ਗਈ। ਹੁਣ ਕਦੇ-ਕਦੇ ਆਪਣੀ ਇਕ ਕਨਾਲ ਦੀ ਇਸ ਕੋਠੀ ਵਿਚ ਇਹਨੂੰ ਸੌੜ ਪੈਣ ਲੱਗ ਪੈਂਦੀ ਏ ਤਾਂ ਮੈਨੂੰ ਵਾਜ ਮਾਰ ਲੈਂਦਾ ਏ। ਫਿਰ ਕੁਝ ਦਿਨਾਂ ਲਈ ਮੈਂ ਏਥੇ ਆ ਜਾਂਦਾ ਹਾਂ ਜਾਂ ਇਹ ਮੇਰੇ ਕੋਲ ਪਿੰਡ ਜਾ ਰਹਿੰਦਾ ਏ।

ਪਾਤਾਲ ਤੋਂ ਉੱਖੜੇ ਹੋਏ ਦੀ ਲੱਗਦਾ ਏ, ਅਜੇ ਤੀਕ ਜੜ੍ਹ ਨਹੀਂ ਲੱਗੀ ਤੇ ਜੜ੍ਹ ਲੱਗੇ ਵੀ ਕਿਵੇਂ ਏਸ ਦੜਪ ਵਿਚ।

ਪਿੰਡੋਂ ਸਭ ਕੁਝ ਵੇਚ ਵੱਟ ਕੇ ਏਸ ਸ਼ਹਿਰ ਆ ਵੱਸੇ ਮੇਰੇ ਏਸ ਮਸੇਰ ਨੇ, ਮੈਂ ਸੋਚਦਾ ਹਾਂ ਇਹ ਦਲਿੱਦਰ ਬਹੁਤ ਮਹਿੰਗੇ ਮੁਲ ਖਰੀਦਿਆ ਏ।

ਦਲਿੱਦਰ ਤੇ ਉਦਾਸੀ ਇਹਦੀ ਸੱਚੀ ਏ। ਇਹਦੇ ਆਲ-ਦੁਆਲੇ ਵਿਚੋਂ ਪੁੰਗਰੀ ਹੋਈ ਉਦਾਸੀ।

ਪਿੰਡ ਜਦ ਮੈਂ ਸ਼ਾਮ ਨੂੰ ਘਰ ਆਉਂਦਾ ਹਾਂ ਤੇ ਮੇਰੇ ਪੋਤਰੇ ਦੌੜ ਕੇ ਮੇਰੀਆਂ ਲੱਤਾਂ ਨੂੰ ਚਿੰਬੜ ਜਾਂਦੇ ਨੇ। ਮੈਂ ਉਹਨਾਂ ਨੂੰ ਗੋਦ ਵਿਚ ਲੈ ਲੈਂਦਾ ਹਾਂ। ਉਹਨਾਂ ਦੀਆਂ ਲਾਡੀਆਂ ਵੇਖ ਮੇਰਾ ਥਕੇਵਾਂ ਲੱਥ ਜਾਂਦਾ ਏ। ਫਿਰ ਕਾਂ ਚਿੜੀ ਦੀ ਬਾਤ ਸੁਣਦੇ ਹੋਏ ਉਹ ਮੇਰੇ ਕੋਲ ਈ ਸੌਂ ਜਾਂਦੇ ਨੇ।

ਅਗਲੀ ਫਸਲ ਲਈ ਤੇ ਹੋਰ ਕੰਮਾਂ-ਕਾਰਾਂ ਬਾਰੇ ਮੇਰੇ ਨਾਲ ਸਲਾਹ ਮਸ਼ਵਰਾ ਕਰਦੇ ਮੇਰੇ ਪੁੱਤਰ। ਮੰਜੇ ਤੇ ਬੈਠੀ ਨੂੰਹਾਂ ਤੇ ਹੁਕਮ ਚਲਾਉਂਦੀ ਮੇਰੀ ਘਰ ਵਾਲੀ। ਇਕੱਠਾ ਚੁੱਲਾ ਚੌਂਕਾ ਤੇ ਸਾਂਝੀ ਤੌਣ।

ਇਹ ਸਭ ਕੁਝ ਏਸ ਡਿੱਠਾ ਹੋਇਆ ਏ। ਜੋ ਏਸ ਕੋਠੀ ਵਿਚ ਆ ਕੇ ਇਹਨੂੰ ਸੁਫਨੇ ਵਾਂਗ ਲੱਗਦਾ ਏ। ਬਹੁਤ ਪਹਿਲੇ ਕਦੀ ਏਸ ਛੱਤ ਥੱਲੇ ਮੌਜੂਦ ਹੁੰਦੇ ਹੋਇਆ ਵੀ ਇਹਨਾਂ ਸਾਰੇ ਜੀਆਂ ਨੂੰ ਏਥੇ ਰਲ ਬੈਠਣਾ ਬਹੁਤ ਘੱਟ ਨਸੀਬ ਹੋਇਆ ਏ। ਛੱਤ ਇੱਕ ਸੀ ਪਰ ਵਿਚਾਲੇ ਕੰਧਾਂ ਦੇ ਪਹਾੜ। ਵੇਲਾ ਆਪੋ ਆਪਣਾ, ਵੱਖੋ ਵੱਖ ਮੁਹਾੜ। ਹਰ ਕੋਈ ਆਪਣੀ ਵਲਗਣ ਵਿਚ, ਹਰ ਕੋਈ ਆਪਣੀ ਲਗਨ ਵਿਚ।

ਤੇ ਅੱਜ ਏਸ ਦਾ ਵੱਡਾ ਪੁੱਤਰ ਮੇਜਰ ਸਾਹਿਬ ਆਪਣੇ ਟੱਬਰ ਨਾਲ ਛਾਉਣੀ ਵਿਚ ਰਹਿੰਦਾ ਏ। ਧੀ ਆਪਣੇ ਸਹੁਰੇ ਘਰ ਏ ਤੇ ਛੋਟਾ ਪੁੱਤਰ ਵਲਾਇਤ ਵਿਚ ਏ। ਹੁਣ ਪਿੱਛੇ ਏਸ ਕੋਠੀ ਵਿਚ ਸਿਰਫ਼ ਇਹ ਦੋਨੋਂ ਮੀਆਂ ਬੀਬੀ ਰਹਿੰਦੇ ਨੇ। ਮਸਊਦ ਦੀ ਤੀਵੀਂ ਕਿਸੇ ਵੂਮਨ ਸੁਸਾਇਟੀ ਦੀ ਮੈਂਬਰ ਹੈ। ਉਹ ਅਕਸਰ ਮੀਟਿੰਗਾਂ ਵਿਚ ਬਾਹਰ ਰਹਿੰਦੀ ਏ। ਮਸਊਦ ਨੇ ਵੀ ਇਕ ਕਲੱਬ ਜਾਇਨ ਕੀਤਾ ਹੋਇਆ ਏ, ਪਿਛਲੇ ਪਹਿਰ ਜਾ ਕੇ ਰਾਤ ਗਏ ਵਾਪਿਸ ਮੁੜਦਾ ਏ।

ਇਕੱਲਤਾ ਮਿਟਾਉਣ ਲਈ ਐਵੇਂ ਬੇਥੜੇ ਜਿਹੇ ਰੁੱਝੇ ਰਹਿਣ ਦੇ ਆਹਰ, ਏਸ ਸ਼ਹਿਰ ਦਾ ਇਕ ਅੰਗ।



ਕੱਲ ਈ ਮਸਊਦ ਨੇ ਮੈਨੂੰ ਦੱਸਿਆ ਏ ਪਈ ਉਹਦੇ ਕਜ਼ਨ ਨੇ ਏਸ ਬੁਢਾਪੇ ਵਿਚ ਆਪਣੀ ਤੀਵੀਂ ਨੂੰ ਤਲਾਕ ਦੇ ਦਿੱਤਾ ਏ। ਮੈਂ ਏਸ ਦੇ ਕਜ਼ਨ ਦਾ ਜਾਣੂ ਹਾਂ।

'ਬਹੁਤ ਬੁਰਾ ਕੀਤਾ ਉਹਨੇ, ਕੀ ਵਜ੍ਹਾ ਬਣੀ?' ਮੈਂ ਪੁੱਛਿਆ।

'ਡਰਾਈਵਰ ਨਾਲ ਤੁਅੱਲਕ ਦਾ ਸ਼ਕ ਸ਼ੁਬ੍ਹਾ ਸੀ।' ਮਸਊਦ ਨੇ ਅਣਝੱਕ ਦੱਸ ਦਿੱਤਾ।

'ਕਿਸੇ ਹੋੜਿਆ ਹਟਕਿਆ ਵੀ ਨਾ?'

'ਬਥੇਰਾ ਪਰ ਉਸ ਆਪਣੀ ਮਰਜ਼ ਕੀਤੀ।'

'ਫਿਰ ਤੀਵੀਂ ਚਲੀ ਗਈ ਉਹਦੀ?'

'ਆਹੋ, ਧੀ ਕੋਲ ਜਾ ਕੇ ਰਹਿ ਪਈ ਏ।'

ਏਸ ਉਮਰ ਵਿਚ ਤਾਂ ਬੰਦੇ ਨੂੰ ਸਹਾਰੇ ਦੀ ਕਿਧਰੇ ਵੱਧ ਲੋੜ ਹੁੰਦੀ ਏ। ਜਦੋਂ ਇਕ ਦੂਜੇ ਲਈ ਵਜੂਦ ਨਹੀਂ, ਸਗੋਂ ਮੌਜੂਦ ਈ ਬਹੁਤ ਹੁੰਦਾ ਏ। ਦੋਨੋਂ ਜੀ ਇਕ ਦੂਜੇ ਲਈ ਢਾਸਣਾ ਤੇ ਠੁੰਮਣਾ। ਇੱਕ ਦੀ ਹੋਂਦ ਨੂੰ ਤਗੜਿਆਂ ਕਰ ਰਹੀ ਦੂਜੇ ਦੀ ਹੋਂਦ, ਬੁਢੇਪੇ ਵਿਚ ਥਿਰ ਰਹਿਣ ਲਈ ਮਦਦਗਾਰ। ਗੰਭੀਰ ਸੋਚਾਂ ਮੈਨੂੰ ਘੇਰ ਲਿਆ ਸੀ।

'ਐਵੇਂ ਈ ਇਕਲਾਪਾ ਸਹੇੜ ਲਿਆ ਅਮੀਰ ਨੇ।' ਮੇਰੇ ਮੂੰਹੋਂ ਨਿਕਲ ਗਿਆ।

'ਉਸ ਇੱਕ ਨੌਕਰਾਣੀ ਰੱਖ ਲਈ ਏ, ਘਰ ਦੀਆਂ ਲੋੜਾਂ ਥੋੜਾਂ ਲਈ।' ਇਹ ਦੱਸਦੇ ਹੋਏ ਮਸਊਦ ਦੀ ਰਮਜ਼ ਭਰੀ ਮੁਸਕਾਨ ਲੋੜਾਂ ਥੋੜਾਂ ਨੂੰ ਕਈ ਮਾਅਨੇ ਦੇ ਗਈ।

ਨਿੱਤ ਨਵੇਂ ਚਸਕੇ ਦੇ ਲੋਰੇ ਵਿਚ ਏਥੇ ਦੋਵੇਂ ਧਿਰਾਂ ਈ ਦਾਉ ਦਾਈ, ਦੋਨਾਂ ਪਾਸੇ ਸਾਵੀਂ ਬੇਵਿਸਾਹੀ ਤੇ ਦ੍ਰਿੜ੍ਹਤਾ ਦੀ ਘਾਟ ਨੇ ਜਦੋਂ ਦੋਵੇਂ ਈ ਲੜ ਛਿੱਜੇ ਕਰ ਛੱਡੇ ਹੋਣ ਤਾਂ ਫਿਰ ਗੰਢ ਪੀਡੀ ਕਿਵੇਂ ਪਵੇ।

ਅਮਲਨ ਕੋਈ ਵੀ ਸੰਬੰਧ ਨਾ ਹੋਣ ਵੇਲੇ ਵੀ ਸਾਡੇ ਹਾਂ ਤੇ ਏਸ ਰਿਸ਼ਤੇ ਵਿਚਲਾ ਸਤ ਹੀ ਮਰਦ ਤੀਵੀਂ ਦੇ ਸਾਂਗੇ ਨੂੰ ਥੀੜ ਕੇ ਰੱਖਦਾ ਏ।

ਬਣਾਉਟੀ ਰਿਸ਼ਤਿਆਂ ਦੀ ਟੁੱਟ ਭੱਜ ਤਾਂ ਰਹੀ ਇਕ ਪਾਸੇ ਏਥੇ ਤਾਂ ਜਮਾਂਦਰੂ ਰਿਸ਼ਤੇ ਵੀ ਸੁੰਗੜ ਰਹੇ ਨੇ, ਸਿਰਫ਼ ਬੋਲੀ ਹੱਥੋਂ। ਮਾਮੀ, ਮਾਸੀ, ਚਾਚੀ, ਫੁੱਫੀ, ਮਸੇਰ, ਮਸਾਤ, ਫਫੇਰ, ਚਚੇਰ, ਮਾਮਾ, ਮਾਸੜ, ਫੁੱਫੜ, ਚਾਚਾ। ਅੱਜ ਕੀ ਹੋਏ? ਬਸ ਆਂਟੀ, ਕਜ਼ਨ ਤੇ ਅੰਕਲ।

ਸਾਡੇ ਹਰ ਰਿਸ਼ਤੇ ਦਾ ਆਪਣਾ ਸਤ, ਹਰ ਰਿਸ਼ਤੇ ਦਾ ਵੱਖਰਾ ਮੋਹ, ਜੋ ਇਹਨਾਂ ਤਿੰਨਾਂ ਸ਼ਬਦਾਂ ਵਿਚ ਤਾਂ ਸਮਾਂ ਈ ਨਹੀਂ ਸਕਦਾ।

ਅੱਜ ਓਲਡ ਹੋਮਜ਼ ਏਸ ਸ਼ਹਿਰ ਦੀ ਲੋੜ। ਓਭੜਪਨ, ਇਥਾਵੀਂ ਗੁੜ੍ਹਤਲ ਦਾ ਤਕਾਜ਼ਾ। ਨਵੀਂ ਪੀੜ੍ਹੀ ਵਿਚ ਏਥੇ ਬੇਗਾਨਗੀ ਨਾ ਵਧੇ ਤਾਂ ਹੋਰ ਕੀ ਹੋਏ, ਏਸ ਸ਼ਹਿਰ ਦਾ ਇਹ ਵੀ ਇਕ ਅੰਗ।

ਉਦੋਂ ਮਸਊਦ ਦੀ ਧੀ ਦਾ ਵਿਆਹ ਸੀ। ਮੈਨੂੰ ਏਥੇ ਮਿੱਥੇ ਦਿਹਾੜ ਤੋਂ ਪਹਿਲੇ ਆਉਣ ਦਾ ਕਿਹਾ ਹੋਇਆ ਸੀ। ਏਥੇ ਆਇਆ ਮੈਨੂੰ ਪੂਰਾ ਦਿਨ ਬੀਤ ਗਿਆ, ਪਰ ਏਸ ਘਰ ਵਿਚ ਵਿਆਹ ਵਾਲੀ ਕੋਈ ਗੱਲ ਨਜ਼ਰ ਨਾ ਆਈ।

'ਜੰਞ ਮੇਲ ਦਾ ਕੋਈ ਬੰਦੋਬਸਤ?' ਮੈਂ ਰਾਤੀਂ ਪੁੱਛ ਈ ਲਿਆ।

'ਬੇਫ਼ਿਕਰ ਰਹੋ ਇੰਤਜ਼ਾਮ ਮੁਕੰਮਲ ਏ।' ਮਸਊਦ ਸ਼ਤਮਾਈਨ ਸੀ।

ਮੇਰੇ ਸਾਹਮਣੇ ਆਪਣੇ ਪਿੰਡਾਂ ਦੇ ਵਿਆਹ ਸਨ। ਜਦੋਂ ਸਾਰਾ ਪਿੰਡ ਸਾਂਝੀ ਭੱਜ ਦੌੜ ਵਿਚ ਰੁੱਝਿਆ ਹੁੰਦਾ ਸੀ। ਕਿੱਧਰੇ ਲੇਫ ਤਲਾਈਆਂ ਜਮ੍ਹਾਂ ਹੋ ਰਹੀਆਂ ਨੇ। ਕੋਈ ਮੰਜੇ ਇਕੱਠੇ ਕਰ ਰਿਹਾ ਏ। ਕੋਈ ਮੱਝਾਂ ਦਾ ਦੁੱਧ ਚਵਾ ਰਿਹਾ ਏ ਤੇ ਫਿਰ ਚਿੱਟੀਆਂ ਖੁੰਬ ਪੱਗਾਂ ਵਾਲੇ ਹੱਲਾਸ਼ੇਰੀ ਦੇ ਰਹੇ ਹੁੱਕਿਆਂ ਦੁਆਲੇ ਬੈਠੇ ਵੱਡ ਵਡੇਰੇ, ਬਾਬੇ।

ਵਿਆਹ ਇਕ ਘਰ ਤੇ ਰੁਝੇਵਾਂ ਸਾਰੇ ਪਿੰਡ।

ਪਰ ਏਥੇ ਤਾਂ ਅਜਿਹਾ ਕੁਝ ਵੀ ਨਹੀਂ ਸੀ।

ਰਾਤੀਂ ਸੀ. ਡੀ. ਪਲੇਅਰ ਤੇ ਲੌਂਜ ਵਿਚ ਚੱਲ ਰਹੇ ਪੋਪ ਮਿਊਜ਼ਿਕ ਦਾ ਕੰਨ ਪਾੜਵਾਂ ਰੌਲਾ ਜ਼ਰੂਰ ਸੁਣਦਾ ਰਿਹਾ।

ਘੜਾ ਵਜਾਉਂਦੀਆਂ, ਟੱਪੇ ਸੋਹਲੇ ਗਾਉਂਦੀਆਂ ਮੁਟਿਆਰਾਂ ਕਿਸੇ ਹੋਰ ਜਗ੍ਹਾਂ ਦੀਆਂ ਵਸਨੀਕ ਹੋ ਗਈਆਂ ਸਨ।

ਅਗਲੀ ਰਾਤ ਮਹਿੰਦੀ ਦੀ ਰਸਮ ਹੋਈ ਸੀ ਪਰ ਅਵੱਲੀ ਜਿਹੀ ਤੇ ਘੁੰਗਣੀਆਂ ਵੰਡਣ ਦਾ ਖ਼ਿਆਲ ਕਿਸੇ ਨੂੰ ਵੀ ਨਹੀਂ ਸੀ ਆਇਆ।

ਏਸ ਵਿਆਹ ਤੋਂ ਪਹਿਲਾਂ ਵੀ ਮੈਂ ਏਥੇ ਕਈ ਵਾਰ ਆ ਚੁੱਕਿਆ ਸਾਂ ਪਰ ਐਤਕੀਂ ਆਉਂਦੇ ਹੋਏ ਮੇਰੇ ਅਹਿਸਾਸ ਕੁਝ ਹੋਰ ਸਨ। ਮੈਂ ਵਿਆਹ ਵਿਚ ਰਲਣ ਆ ਰਿਹਾ ਸਾਂ ਤੇ ਏਸ ਸ਼ਹਿਰ ਵਿਚ ਜਿੱਥੇ ਆ ਕੇ ਮੈਂ ਸਦਾ ਵਖਰੇਵਾਂ ਈ ਤੱਕਿਆ ਏ, ਉਥੇ ਮੇਰੇ ਵੇਖਣ ਲਈ ਇਹ ਜੁੜ ਬੈਠਣ ਤੇ ਸਾਂਝ ਸੀਰ ਪੁਗਾਣ ਵਾਲਾ ਪਹਿਲਾ ਮੌਕਾ ਸੀ।

ਸਵੇਰੇ ਵਿਆਹ ਵਾਲੀ ਕੁੜੀ ਸਮੇਤ ਅਸੀਂ ਮੈਰਿਜ ਹਾਲ ਵਿਚ ਸਾਂ। ਜੰਞ ਢੁੱਕੀ ਤੇ ਹਾਲ ਵਿਚ ਕੁਰਸੀਆਂ ਤੇ ਆ ਬੈਠੀ। ਸਵਾਗਤ ਹੋਇਆ ਪਰ ਸਿਰਾਂ ਉੱਤੇ ਖੇਸ ਰੱਖ ਮਿਲਣੀ ਕਰਨ ਵਰਗਾ ਨਹੀਂ। ਸਿੱਠਣੀਆਂ ਦੀ ਥਾਂ ਨਵੀਂ ਕਿਸਮ ਦੇ 'ਜੋਕ'। ਲਾਕੜੀ ਬਣਨ ਦਾ ਮਾਨ ਦਿਹਾੜੀਦਾਰ ਬੈਰਿਆਂ ਨੂੰ ਮਿਲਿਆ। ਰੋਟੀ ਖਾਣ ਪਿੱਛੋਂ ਜਿਤਨੀ ਜੂਠ ਬਚ ਰਹੀ ਸੀ ਉਹਦੇ ਨਾਲ ਕਿਸੇ ਮਾੜੇ ਘਰ ਆਈ ਜੰਞ ਭੁਗਤਾਈ ਜਾ ਸਕਦੀ ਸੀ।

ਇੱਕ ਦੂਜੇ ਨੂੰ ਪਰੋਪੋਜ਼ ਕਰਦੇ ਨੌਜਵਾਨ ਕੁੜੀਆਂ ਮੁੰਡੇ ਵੇਖਕੇ ਮੈਨੂੰ ਆਪਣੇ ਬਾਰੇ ਦੇ ਵਿਆਹ ਯਾਦ ਆਏ। ਜਦੋਂ ਜਾਂਞੀ ਮੁੰਡੇ ਮੇਲਣਾ ਨਾਲ ਗੱਲ ਕਰਦਿਆਂ ਝੱਕਦੇ ਸੀ।

ਵਿਦਾਇਗੀ ਵੇਲੇ ਵੀ ਮੈਨੂੰ ਉਹ ਗੰਭੀਰਤਾ ਨਜ਼ਰ ਨਾ ਆਈ ਜੋ ਖ਼ਾਸ ਏਸ ਮੌਕੇ ਦਾ ਹਿੱਸਾ ਏ। ਕਾਸਮੈਟਿਕਸ ਨਾਲ ਲਿਪੇ ਪੋਚੇ ਚਿਹਰੇ ਮੁਸਕਰਾਉਂਦੇ ਈ ਰਹੇ ਸਨ। ਸ਼ਾਇਦ ਇਮਪੋਰਟਡ ਲਿਪਸਟਿਕ ਬਣੀਆਂ ਨਿਖਰੀਆਂ ਪਲਕਾਂ ਤੇ ਕੱਪੜਿਆਂ ਨਾਲ ਮੈਚ ਕਰਕੇ ਆਈ ਸ਼ੇਡਜ਼ ਦਾ ਤਕਾਜ਼ਾ ਵੀ ਮੁਸਕਰਾਉਂਦੇ ਰਹਿਣ ਦਾ ਈ ਸੀ।

ਉਸ ਦਿਨ ਮੈਨੂੰ ਸਾਰੇ ਲੋਕਗੀਤ ਬੁੱਢ ਪੁਰਾਣੇ ਤੇ ਬੇਅਰਥ ਹੋ ਗਏ ਜਾਪਦੇ ਸਨ। ਏਥਾਂਵੇਂ ਰਹਿਤਲ ਦੇ ਮੇਚ ਨਾ ਹੋਣ ਪਾਰੋਂ ਸ਼ਹਿਰ ਬਦਰ ਹੋ ਗਏ ਹੋਏ।

'ਏਥੇ ਡੋਲੇ ਮੈਰਿਜ਼ ਹਾਲਾਂ ਤੇ ਜਨਾਜ਼ੇ ਮੁਰਦਾਖਾਨਿਆਂ ਵਿਚੋਂ ਉੱਠਦੇ ਨੇ, ਏਸ ਸ਼ਹਿਰ ਦੀ ਇਹੀ ਰੀਤ ਏ।' ਮਗਰੋ ਮਸਊਦ ਨੇ ਮੈਨੂੰ ਦੱਸਿਆ ਤਾਂ ਦਿਲ ਵਿਚ ਮੈਂ ਕਿਹਾ ਸੀ, 'ਕੋਠੀਆਂ ਤਾਂ ਬਹੁਤ ਨੇ ਏਥੇ ਪਰ ਘਰ ਹੋਣ ਦਾ ਮਾਣ ਕਿਸੇ ਇਕ ਨੂੰ ਵੀ ਨਹੀਂ ਸ਼ਾਇਦ।'

ਮਸਊਦ ਮੈਨੂੰ ਇਕ ਦਿਨ ਕਿਸੇ ਆਰਟ ਗੈਲਰੀ ਵਿਚ ਹੋ ਰਹੀ ਨੁਮਾਇਸ਼ ਵਿਖਾਉਣ ਲੈ ਗਿਆ। ਤਸਵੀਰਾਂ ਕੀ ਸਨ, ਸਾਡੀ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ। ਲੋਕ ਜੀਵਨ ਦੀਆਂ ਕੁਝ ਝਾਕੀਆਂ। ਸਧਾਰਨ ਜਿਹੇ ਮੰਜ਼ਰ, ਪਰ ਇਹਨਾਂ ਲਈ ਅਚਰਜ ਤੇ ਹਰ ਕੋਈ ਸਲਾਹਣਾ ਕਰ ਰਿਹਾ। ਸਲਾਹਣਾ ਚਿੱਤਰਕਾਰ ਵਲੋਂ ਤਸਵੀਰ ਨੂੰ ਚੰਗਿਆਂ ਚਿਤਰਨ ਦੀ ਸੀ ਜਾਂ ਤਸਵੀਰ ਵਿਚਲੇ ਲੋਕਾਈ ਦੇ ਵਿਚਰਨ ਦੀ। ਇਹ ਮੈਂ ਨਾ ਜਾਣ ਸਕਿਆ।

ਪਰ ਇਹ ਸਮਝਣਾ ਚਿੱਤਰਕਾਰ ਦੇ ਚਿਤਰਨ ਦੀ ਈ ਹੋਵੇਗੀ ਨਹੀਂ ਤਾਂ ਲੋਕਾਈ ਦਾ ਇਹ ਵਿਚਰਨ ਏਥੇ ਆਰਟ ਗੈਲਰੀਆਂ, ਕਲਚਰਲ ਸੈਂਟਰਾਂ ਵਿਚ ਕੈਦ ਨਾ ਹੁੰਦਾ, ਸਗੋਂ ਵਿਹਾਰ ਵਰਤਾਰੇ ਵਿਚ ਵੀ ਨਜ਼ਰ ਆਉਂਦਾ।

'ਜਿਹਨਾਂ ਸ਼ੋਹਦਿਆਂ ਕਦੀ ਹਾਯਾਤੀ ਵਿਚ ਡੁੱਬਦਾ ਚੜ੍ਹਦਾ ਸੂਰਜ ਨਾ ਵੇਖਿਆ ਹੋਵੇ, ਉਹਨਾਂ ਲਈ ਸੱਜਰੀ ਸਵੇਰ ਦਾ ਇਕ ਮੰਜਰ ਜਾਂ ਢਲਦੀ ਤ੍ਰਿਕਾਲਾਂ ਦੀ ਕੋਈ ਝਾਕੀ ਆਪਣੇ ਡਰਾਇੰਗ ਰੂਮ ਦੀ ਕੰਧ ਤੇ ਟੰਗਣ ਲਈ ਇੱਕ ਵਧੀਆ ਸੀਨਰੀ ਹੁੰਦੀ ਹੈ। ਰਾਤੀਂ ਆਰਟ ਗੈਲਰੀ ਵਿਚ ਹੋ ਰਹੀ



ਨੁਮਾਇਸ਼ ਵੇਖਣ ਆਉਣ ਵਾਲੇ ਲੋਕਾਂ ਦੀ ਗੱਲ ਕਰਦਿਆਂ ਮਸਊਦ ਨੇ ਕਿਹਾ ਸੀ

'ਪਰ ਗਮਲੇ ਵਿਚ ਖਿੜਿਆ ਫੁੱਲ ਚੇਤਰ ਰੁੱਤ ਦਾ ਸੁਨੇਹੜਾ ਤਾਂ ਹੋ ਸਕਦਾ ਏ ਪੂਰਨ ਚੇਤਰ ਰੁੱਤ ਨਹੀਂ। ਸ਼ਾਵਰ ਬਾਥ ਕਰਨਾ ਸਾਉਣ ਮਹੀਨੇ, ਨੰਗੇ ਪਿੰਡੇ ਮੀਂਹ ਵਿਚ ਨਹਾਉਣ ਦਾ ਬਦਲ ਨਹੀਂ ਹੁੰਦਾ, ਮਸਊਦ ਮੀਆਂ।' ਮੈਂ ਕਹਿ ਦਿੱਤਾ ਸੀ।

ਮਸਊਦ ਕੋਲ ਅੱਜ ਕੋਠੀ ਵੀ ਹੈ, ਕਾਰ ਵੀ ਏ। ਪਰ ਮੈਨੂੰ ਨਹੀਂ ਯਕੀਨ ਕਿ ਏਸ ਸੈਕਟਰ ਦੀ ਦੂਜੀ ਨੁੱਕਰ ਤੇ ਰਹਿਣ ਵਾਲਾ ਕੋਈ ਦੂਸਰਾ ਆਦਮੀ ਇਹਨੂੰ ਜਾਣਦਾ ਵੀ ਹੋਵੇ। ਅੱਜ ਇਹਦੇ ਕੋਲ ਕੁਝ ਵੀ ਨਹੀਂ। ਨਾ ਪਛਾਣ, ਨਾ ਪਿਛੋਕੜ। ਏਸ ਸ਼ਹਿਰ ਵਿਚ ਬੰਦੇ ਦੀ ਸਿਹਾਣ ਚੰਗੀ ਪੋਸਟ ਤੇ ਉੱਤੇ ਸਕੇਲ ਪਾਰੋਂ ਏ। ਉਹਦੀ ਹੋਂਦ ਉਹਦੇ ਮੌਜੂਦ ਤੱਕ ਏ ਤੇ ਮਗਰੋਂ ਕੁਝ ਵੀ ਨਹੀਂ, ਬੱਸ ਗੁੰਮਨਾਮੀ ਦਾ ਅਥਾਹ ਪਾਤਾਲ।

"ਕਿਹਨਾਂ ਵਿਚੋਂ ਹੈ ਤੂੰ?" ਏਸ ਸਵਾਲ ਦੇ ਜਵਾਬ ਵਿਚ, 'ਲੰਮੇ ਕਿਆਂ ਵਿਚੋਂ' ਕਹਿੰਦੇ ਹੋਏ ਸਦਾ ਈ ਮੈਨੂੰ ਖੁਸ਼ ਹੋਈ ਏ। ਇੰਜ ਮੇਰੇ ਵਡਿੱਕਿਆਂ ਦੀ ਪਛਾਣ ਬਣਦਾ ਮੇਰਾ ਆਪਾ। ਇਕੱਲੀ ਜੜ੍ਹ ਤੋਂ ਹੱਟ ਕੇ ਵੀ ਬਹੁਤ ਕੁਝ ਹੋ ਨਿਬੜਿਆ ਏ। ਆਪਣੀ ਲੜੀ ਦਾ ਇਕ ਸ਼ੁਮਾਰ ਮੈਂ ਵੀ। ਮੇਰੀ ਕੰਡ ਤੇ ਕਈ ਪੁਸ਼ਤਾਂ ਦੇ ਨਾਂ।

ਪਰ ਏਸ ਸ਼ਹਿਰ ਵਿਚ?

ਇਕਲਾਪਾ ਹੀ ਇਕਲਾਪਾ। ਮੈਂ ਈ ਮੈਂ। ਲੀਰੋ ਲੀਰ, ਨਾ ਸਾਂਝ ਨਾ ਸੀਰ।

'ਏਸ ਸ਼ਹਿਰ ਦੇ ਵਾਸੀ ਮੈਨੂੰ ਉਧਲ ਕੇ ਆਈਆਂ ਤੀਵੀਆਂ ਵਾਂਗ ਲੱਗਦੇ ਨੇ ਜਿਹਨਾਂ ਦਾ ਪਿੱਛਾ ਕੋਈ ਨਹੀਂ ਹੁੰਦਾ।' ਕੱਲ ਮਸਊਦ ਨੂੰ ਮੈਂ ਹੱਸਦੇ ਹੋਏ ਕਿਹਾ ਸੀ।

'ਸਾਡੇ ਸਜਰਿਆਂ ਵਿਚ ਲਿਖੇ ਵਡੇਕਿਆਂ ਦੇ ਨਾਂ ਕੋਈ ਮਿਟ ਤਾਂ ਨਹੀਂ ਗਏ।' ਮਸਊਦ ਮੈਨੂੰ ਆਪਣੀਆਂ ਜੜ੍ਹਾਂ ਦੀ ਦਲੀਲ ਦੇਣ ਲੱਗਾ।

'ਪਰ ਉਹਨਾਂ ਵਡੇਕਿਆਂ ਦੀ ਬੋਲੀ ਜਦੋਂ ਤੁਹਾਡੇ ਘਰਾਂ ਦੀ ਬੋਲੀ ਈ ਨਾ ਰਹੀ ਤਾਂ ਫਿਰ ਅੱਜ ਇਹ ਦਾਅਵਾ ਵੀ ਕਾਹਦਾ।' ਮੇਰੀ ਏਸ ਗੱਲ ਦੇ ਜਵਾਬ ਵਿਚ ਉਹ ਚੁੱਪ ਹੋ ਕੇ ਰਹਿ ਗਿਆ।

ਮੇਰਾ ਧਿਆਨ ਏਸ ਕੋਠੀ ਦੇ ਬਾਹਰ ਗੇਟ ਤੇ ਲੱਗੀ ਪਿੱਤਲ ਦੀ ਚਮਕਦਾਰ ਨੇਮ ਪਲੇਟ ਵੱਲ ਚਲਾ ਗਿਆ ਏ।

'ਮਸਊਦ ਸੰਧੂ ਕਮਿਸ਼ਨਰ (ਰਿਟਾਇਰਡ)'

ਇਹ ਤੱਖਤੀ ਵੀ ਉਦੋਂ ਤੀਕ ਏ ਜਦੋਂ ਤੀਕ ਮਸਊਦ ਦੇ ਸਾਹ ਨੇ।

ਫਿਰ ਇਸ ਤਖਤੀ ਦੇ ਬਦਲਦਿਆਂ ਈ ਮਸਊਦ ਨੇ ਅਣਹੋਇਆਂ ਹੋ ਜਾਣਾ ਏਂ।

ਜਿਊਂਦੇ ਜੀਅ ਵੀ ਤਾਂ ਅੱਜ ਇਹ ਆਪਣੀ ਔਲਾਦ ਲਈ ਪਛਾਣ ਦਾ ਹਵਾਲਾ ਨਹੀਂ ਰਹਿ ਗਿਆ ਹੋਇਆ ਕਿ ਇਸ ਸ਼ਹਿਰ ਵਿਚ ਹਰ ਕੋਈ ਆਪਣਾ ਆਪ ਹਵਾਲਾ ਏ। ਏਥੇ ਪਛਾਣ ਆਪਣੀ ਪੁਸ਼ਤ ਤੋਂ ਨਹੀਂ ਆਪਣੇ ਪੇਸ਼ੇ ਤੋਂ ਏ।

ਅਜੀਬ ਨਫਸਾ ਨਫਸੀ ਏ। ਇਹ ਸ਼ਹਿਰ ਏ ਕਿ ਮਹਿਸ਼ਰ ਵੇ।

ਆਪਣੀ ਇਕ ਕਨਾਲ ਦੀ ਕੋਠੀ ਵਿਚ ਸੌੜ ਮਹਿਸੂਸ ਕਰਨ ਵਾਲੇ ਮਸਊਦ ਵਰਗੇ ਦਲਿੱਦਰੀ ਬੰਦੇ ਬਹੁਤ ਘੱਟ ਰਹਿ ਗਏ ਨੇ। ਆਪਣੇ ਸ਼ਜਰਿਆਂ ਤੇ ਮਾਣ ਕਰਨ ਵਾਲਾ ਏਸ ਸ਼ਹਿਰ ਵਿਚ ਇਹ ਆਖਰੀ ਪੂਰ ਏ। ਇਹ ਲੱਦ ਗਿਆ ਤਾਂ ਪਿੱਛੇ ਰਹਿ ਜਾਣਗੇ ਕਾਰਨਸ ਤੇ ਪਈ ਸ਼ੀਸ਼ੇ ਦੀ ਬੋਤਲ ਵਿਚ ਉੱਗੇ ਮਨੀਪਲਾਂਟ ਵਰਗੇ ਬੇਜੜ੍ਹੇ ਧਰਤੀਓਂ ਵਾਂਝੇ ਲੋਕ ਤੇ ਇਹਨਾਂ ਦਾ ਬੇਰਸ, ਫੋਕਾ ਜੀਵਨ। •

ਲਿਪੀਅੰਤਰ ਪਾਲ ਸਿੰਘ ਪੱਲਾ)

ਨਜ਼ਮ

# ਨਿੱਕੇ ਨਿੱਕੇ ਸਾਹ

- ਜ਼ਾਹਿਦ ਮਸਹੂਦ

ਹੁਣ ਤੇ ਮੀਂਹ ਵੀ
ਮੇਰੀ ਵਿਛੜੀ ਬੋਲੀ ਦੇ ਟੁੱਟੇ ਭੱਜੇ
ਅੱਖਰਾਂ ਵਾਂਗੂੰ ਵਰ੍ਹਦਾ ਏ।
ਪੱਕੀਆਂ ਸੜਕਾਂ ਦੇ ਪੈਂਡੇ ਨੇ
ਹੱਯਾਤੀ ਦੇ ਦਿਨਾਂ ਨੂੰ ਹੋਰ ਘਟਾ ਦਿੱਤਾ ਏ
ਜਿਵੇਂ ਜਿਵੇਂ ਪੁਰਾਣੇ ਬੇਲੀ
ਕਿਰਦੇ ਜਾਂਦੇ ਨੇ
ਤਿਵੇਂ-ਤਿਵੇਂ ਸੈਟੇਲਾਈਟ ਚੈਨਲ
ਵਧ ਰਹੇ ਨੇ।

ਮੈਂ ਕੰਪਿਊਟਰ ਸਕਰੀਨ ਨੂੰ
ਖਾਲੀ ਰੱਖਣ ਲੱਗ ਪਿਆ ਹਾਂ
ਕਿਉਂ ਜੋ,
ਉਹਦੀ 'ਲਾਟ' ਮੇਰੀਆਂ ਅੱਖਾਂ ਨੂੰ
ਅੰਦਰਲੇ ਪਾਸੇ ਖੋਲ੍ਹਦੀ ਹੈ।

ਬਾਹਰ ਗਲੀ ਵਿਚ ਕੋਈ ਵੀ ਨਹੀਂ
ਪਰ ਰੌਲਾ ਈ ਰੌਲਾ ਏ
ਲੋਕੀਂ ਪਿੰਡਾਂ ਥਾਵਾਂ ਤੋਂ
ਨੰਗੇ ਪੈਰੀਂ ਤੇ ਖਾਲੀ ਹੱਥੀਂ
ਟੁਰੇ ਆ  ਰਹੇ ਨੇ।

ਜ਼ਿਲਾ ਨਾਜ਼ਿਮ (ਡੀ. ਸੀ.) ਦੇ ਕਰਿੰਦੇ
ਦਰਗਾਹਾਂ ਤੋਂ ਚੜ੍ਹਾਵੇ ਦੀਆਂ ਦੇਗਾਂ
ਚੁੱਕ ਲਿਆਉਂਦੇ ਨੇ
ਤੇ ਇੱਕ ਵੇਲੇ ਦੀ ਰੋਟੀ ਦੇ ਕੇ
ਪਰਦੇਸੀਆਂ ਦੀਆਂ ਸੱਧਰਾਂ
ਸਿਰਨਾਵੇਂ ਸਣੇ ਵੋਟਰ ਲਿਸਟਾਂ ਵਿਚ
ਦਰਜ਼ ਕਰ ਲੈਂਦੇ ਨੇ
ਸ਼ਹਿਰ ਦੇ ਪੁਰਾਣੇ ਬਜ਼ਾਰਾਂ ਵਿਚ
ਨਵੀਆਂ ਟਾਇਲਾਂ ਲੱਗ ਗਈਆਂ ਨੇ
ਬੰਸਰੀ ਤੇ ਕਲਾਰੰਟ ਵਜਾਣ ਵਾਲਿਆਂ
ਖਾਨਸਾਮਿਆਂ ਦੀ ਯੂਨੀਫਾਰਮ ਪਾ ਲਈ ਏ
ਪੁਰਾਣੇ ਗਾਉਣ
ਮੀਨੋ ਕਾਰਡ ਵਿਚ ਛਪੇ ਹੋਏ ਲੱਭ ਜਾਂਦੇ ਨੇ
ਕਵੀ ਸੂਝਵਾਨ ਤੇ ਮਸੱਵਰ
ਐਤਵਾਰ ਵਾਲੇ ਦਿਨ
ਜੂਸ ਕਾਰਨਰ ਉੱਤੇ ਇਕੱਠੇ ਹੁੰਦੇ ਨੇ
ਤੇ ਸਬਜ਼ੀ ਵੇਚਣ  ਵਾਲਿਆਂ ਨਾਲ
ਨਵੇਂ ਵਿਚਾਰਾਂ ਬਾਰੇ ਗੱਲ-ਬਾਤ ਕਰਦੇ ਨੇ
ਘੁੱਗੂ-ਘੋੜੇ ਤੇ ਗੱਟਾ ਬਣਾਉਣ ਵਾਲੇ
ਪੁਤਲੀ ਤਮਾਸ਼ਾ ਕਰਨ ਵਾਲੇ
ਤੇ ਸਾਰੰਗੀ ਵਜਾਉਣ ਵਾਲੇ ਫ਼ਕੀਰ
ਮੇਨ ਬਲੀਵਾਰਡ ਉੱਤੇ ਨਹੀਂ ਆ ਸਕਦੇ।

ਸ਼ਹਿਰ ਦੇ ਵੱਡੇ ਪਾਰਕ ਵਿਚ
ਕਲਚਰਲ ਫੈਸਟੀਵਲ ਲੱਗਦਾ ਏ
ਜਿਥੇ ਜੀਨਾਂ ਵਾਲੇ ਮੁੰਡੇ
ਸੂਟਾ ਲਾ ਕੇ ਆਰਫਾਨਾ ਕਲਾਮ ਉੱਤੇ
ਧਮਾਲ ਪਾਉਂਦੇ ਨੇ।

ਹੁਣ
ਰਾਤ ਰਾਵੀਓਂ ਪਾਰ ਤੇ ਦਿਨ ਝਨਾਓਂ
ਪਾਰ ਲਹਿੰਦਾ ਏ-
ਲੋਕੀਂ ਮੋਬਾਇਲ ਉੱਤੇ
ਅਲਾਰਮ ਲਾ ਕੇ ਪਬਲਿਕ
ਟਾਇਲਟ ਦੇ ਟੋਕਨ ਲੈਂਦੇ ਨੇ
ਗਰਮੀਆਂ ਤੇ ਸਰਦੀਆਂ ਦਾ ਹਿਸਾਬ
ਬਿਜਲੀ ਦੇ ਬਿਲ ਤੋਂ ਲਾਉਂਦੇ ਨੇ
ਮੈਂ ਸ਼ਹਿਰੋਂ ਬਾਹਰ ਜਾਣਾ ਚਾਹੁੰਦਾ ਹਾਂ
ਪਰ, ਉਥੇ ਨਾ ਤੇ ਇਨਹੇਲਰ ਲੱਭਦਾ ਏ
ਨਾ ਆਕਸੀਜਨ ਸਲੰਡਰ
ਦਰਿਆ ਬਰੇਤੇ ਤੇ ਦੁਆਬੇ
ਮਫਰੂਰਾਂ ਦੀਆਂ ਖੋਹਾਂ ਬਣ ਗਏ ਨੇ
ਪਟਵਾਰੀਆਂ ਖਸਰਾ ਨੰਬਰਾਂ ਦੀ
ਸੇਲ ਲਾ ਦਿੱਤੀ ਏ
ਤੇ ਸ਼ਾਮਲਾਟਾਂ ਵਿਚ
ਫਾਰਮ ਹਾਊਸ ਬਣ ਗਏ ਨੇ।

ਹੁਣ ਸਿੱਕ ਏ
ਸੁਫਨੇ ਨੇ ਤੇ ਸਾਹ
ਜਿਹੜੇ ਨਿੱਕੇ-ਨਿੱਕੇ ਹੁੰਦੇ ਜਾਂਦੇ ਨੇ
ਜਾਂ ਫਿਰ
ਮੀਂਹ ਏ, ਜਿਹੜਾ ਕਦੀਂ-ਕਦੀਂ
ਮੇਰੀ ਮੰਜੀ ਲਾਗੇ, ਤਾਕੀ ਦੇ ਛੱਜੇ ਉੱਤੇ
ਵਰ੍ਹਦਾ ਏ,
ਮੇਰੀ ਵਿਛੜੀ ਬੋਲੀ ਦੇ ਟੁੱਟੇ ਭੱਜੇ
ਅੱਖਾਂ ਵਾਂਗੂੰ !! ●

(ਮਾਹਨਾਮਾ ਪੰਚਮ ਲਾਹੌਰ)





# ਲਾਵਾਰਸਗੀ ਦੀ ਵਿਥਿਆ

- ਪਰੇਮ ਸਿੰਘ (ਡਾ.)

ਦੇਸ਼ ਦੀ ਵੰਡ ਦੀਆਂ ਤ੍ਰਾਸਦਿਕ ਘਟਨਾਵਾਂ ਦਾ ਦੌਰ ਮਾਰਚ 1947 ਤੋਂ ਆਰੰਭ ਹੋਇਆ। ਮੈਂ ਉਸ ਸਮੇਂ ਸਾਇੰਸ ਦੀ ਗ੍ਰੈਜੂਏਸ਼ਨ ਦੇ ਕੋਰਸ ਦੇ ਤੀਜੇ ਸਾਲ ਵਿਚ ਸਿੱਖ ਨੈਸ਼ਨਲ ਕਾਲਜ ਲਾਹੌਰ ਵਿਚ ਪੜ੍ਹਦਾ ਸਾਂ। ਮੁਸਲਿਮ ਲੀਗ ਦੇ ਵਧਦੇ ਦਬਾਅ ਕਾਰਨ ਪੰਜਾਬ ਵਿਚ ਗਵਰਨਰੀ ਰਾਜ ਲਾਗੂ ਕਰ ਦਿੱਤਾ ਗਿਆ  ਸੀ। ਆਉਣ ਵਾਲੇ ਹਾਲਾਤ ਬਾਰੇ ਡਾਢੀ ਉਤੇਜਨਾ ਪੈਦਾ ਹੋ ਚੁੱਕੀ ਸੀ। ਸਭਨਾਂ ਲੋਕਾਂ ਦੇ ਸਾਹਮਣੇ ਇਕ ਹੀ ਸਵਾਲ ਸੀ। ਦੇਸ਼ ਇਕੱਠਾ ਰਹਿ ਸਕੇਗਾ ਜਾਂ ਪਾਕਿਸਤਾਨ ਦੇ ਰੂਪ ਵਿਚ ਇਕ ਨਵਾਂ ਦੇਸ਼ ਬਣਾਉਂਦਿਆਂ ਭਾਰਤ ਦੋ ਹਿੱਸਿਆਂ ਵਿਚ ਵੰਡ ਦਿੱਤਾ ਜਾਵੇਗਾ। ਇੰਡੀਅਨ ਨੈਸ਼ਨਲ ਕਾਂਗਰਸ ਪ੍ਰਮੁੱਖ ਰਾਜਸੀ ਪਾਰਟੀ ਵਜੋਂ ਆਜ਼ਾਦੀ ਦੀ ਮੰਗ ਨੂੰ ਲੈ ਕੇ ਅੰਦੋਲਨ ਚਲਾਉਂਦੀ ਆ ਰਹੀ ਸੀ। ਮੁਹੰਮਦ ਅਲੀ ਜਿਨਾਹ ਦੀ ਅਗਵਾਈ ਵਿਚ ਮੁਸਲਿਮ ਲੀਗ ਨੇ 1940 ਤੋਂ ਪਾਕਿਸਤਾਨ ਦਾ ਮੁਤਾਲਬਾ ਕੀਤਾ ਹੋਇਆ ਸੀ ਅਤੇ ਉਹ ਇਸ ਦਾ ਲਗਾਤਾਰ ਪ੍ਰਚਾਰ ਕਰਦੀ ਆ ਰਹੀ ਸੀ। ਪੰਜਾਬ ਕਿਉਂਕਿ ਮੁਸਲਿਮ ਬਹੁ-ਗਿਣਤੀ ਦਾ ਪ੍ਰਾਂਤ ਸੀ, ਮੁਸਲਿਮ ਲੀਗ ਦੇ ਪ੍ਰਚਾਰ ਅਨੁਸਾਰ ਇਸਦਾ ਪਾਕਿਸਤਾਨ ਵਿਚ ਸ਼ਾਮਿਲ ਕੀਤੇ ਜਾਣਾ ਲਾਜ਼ਮੀ ਸੀ।

ਆਪਣੇ ਮੁਤਾਲਬੇ ਨੂੰ ਮੰਨਵਾਉਣ ਲਈ ਮੁਸਲਿਮ ਲੀਗ ਵੱਡੀਆਂ ਤਿਆਰੀਆਂ ਕਰ ਰਹੀ ਸੀ। ਪਾਕਿਸਤਾਨ ਦੇ ਹੱਕ ਵਿਚ ਜਲਸੇ, ਕਾਨਫਰੰਸਾਂ ਹੋ ਰਹੀਆਂ ਸਨ। ਇਸ ਦੇ ਵਿਰੋਧ ਵਿਚ ਵੀ ਕਾਂਗਰਸ ਅਤੇ ਹੋਰ ਧਿਰਾਂ ਵਜੋਂ ਮੀਟਿੰਗਾਂ ਅਤੇ ਜਲਸੇ ਕੀਤੇ ਜਾ ਰਹੇ ਸਨ। ਮੁਸਲਿਮ ਲੀਗ ਨੇ ਮੁਸਲਿਮ ਨੈਸ਼ਨਲ ਗਾਰਡਜ਼ ਨਾਂਅ ਦੀ ਇਕ ਵਾਲੰਟੀਅਰ ਜਥੇਬੰਦੀ ਖੜ੍ਹੀ ਕਰ ਲਈ ਸੀ। ਇਹ ਬਾਵਰਦੀ ਤਨਜ਼ੀਮ ਸੀ ਅਤੇ ਉਸ ਸਮੇਂ ਦੀਆਂ ਕਨਸੋਆਂ ਅਨੁਸਾਰ ਇਸਨੂੰ ਛੁਰੇਬਾਜ਼ੀ ਦੀ ਸਿਖਲਾਈ ਵੀ ਦਿੱਤੀ ਜਾ ਰਹੀ ਸੀ।

ਤਿੰਨ ਮਾਰਚ ਨੂੰ ਅਕਾਲੀ ਆਗੂ ਮਾਸਟਰ ਤਾਰਾ ਸਿੰਘ ਨੇ, ਜਿਹੜੇ ਪਾਕਿਸਤਾਨ ਦਾ ਵਿਰੋਧ ਕਰਨ ਵਿਚ ਸਭ ਤੋਂ ਅੱਗੇ ਸਨ, ਪੰਜਾਬ ਅਸੈਂਬਲੀ ਦੇ ਹਾਲ ਵਿਚ ਪਾਕਿਸਤਾਨ ਦੀ ਇਕ ਝੰਡੀ ਨੂੰ ਆਪਣੀ ਕਿਰਪਾਨ ਦੀ ਨੋਕ ਨਾਲ ਹਟਾ ਦਿੱਤਾ ਸੀ। ਇਹ ਝੰਡੀ, ਮੁਸਲਿਮ ਲੀਗ ਦੇ ਹਮਾਇਤੀਆਂ ਨੇ ਹਾਲ ਵਿਚ ਲਾ ਦਿੱਤੀ ਸੀ। ਸਾਧਾਰਨ ਹਾਲਾਤ ਵਿਚ ਇਸ ਘਟਨਾ ਨੂੰ ਮਾਮੂਲੀ ਸਮਝ ਕੇ ਦਰਗੁਜ਼ਰ ਵੀ ਕੀਤਾ ਜਾ ਸਕਦਾ ਸੀ, ਪਰ ਉਸ ਸਮੇਂ ਦੇ ਉਤੇਜਿਤ ਮਾਹੌਲ ਵਿਚ ਇਸ ਤੋਂ ਵੱਡਾ ਤੂਫਾਨ ਪੈਦਾ ਹੋ ਗਿਆ। ਕਿਸੇ ਨੇ ਇਹ ਪੜਤਾਲ ਕਰਨ ਦਾ ਯਤਨ ਨਾ ਕੀਤਾ ਕਿ ਇਹ ਝੰਡੀ ਸੀ ਜਾਂ ਝੰਡਾ, ਇਹ ਅਸੈਂਬਲੀ ਦੀ ਇਮਾਰਤ ਉਤੇ ਝੁਲਾ ਦਿੱਤਾ ਗਿਆ ਸੀ ਜਾਂ ਸਪੀਕਰ ਦੀ ਕੁਰਸੀ ਦੇ ਸਾਹਮਣੇ ਟਿਕਾ ਦਿੱਤੀ ਗਈ, ਜਾਂ ਮਾਸਟਰ ਤਾਰਾ ਸਿੰਘ ਨੇ ਕਿਰਪਾਨ ਮਿਆਨ ਵਿਚੋਂ ਕੱਢੀ ਵੀ ਸੀ ਕਿ ਨਹੀਂ।

ਮਾਸਟਰ ਜੀ ਨੇ ਕਪੂਰਥਲਾ ਹਾਊਸ ਵਿਚ ਇਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਮੁਸਲਿਮ ਲੀਗ ਨੂੰ ਖ਼ਤਮ ਕਰਨ ਦੀ ਧਮਕੀ ਵੀ ਦੇ ਦਿੱਤੀ ਸੀ। ਉਸੇ ਦਿਨ ਮਾਸਟਰ ਜੀ ਅਤੇ ਹੋਰ ਅਕਾਲੀ ਆਗੂ ਸਾਡੇ ਕਾਲਜ ਪਹੁੰਚ ਗਏ। ਕਾਲਜ ਦੇ ਪ੍ਰਿੰਸੀਪਲ ਪ੍ਰੋਫੈਸਰ ਨਿਰੰਜਣ ਸਿੰਘ ਉਹਨਾਂ ਦੇ ਸਕੇ ਭਰਾ ਸਨ। ਉਂਝ

ਵੀ ਕਾਲਜ ਨੂੰ ਨੈਸ਼ਨਲਿਸਟ ਸਿੱਖਾਂ ਦਾ ਹੀ ਸਮਝਿਆ ਜਾਂਦਾ ਸੀ। ਏਥੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਅਕਾਲੀ ਆਗੂਆਂ ਨੇ ਜੋਸ਼ੀਲੀਆਂ ਤਕਰੀਰਾਂ ਕੀਤੀਆਂ ਅਤੇ ਪਾਕਿਸਤਾਨ ਦੀ ਕਾਇਮੀ ਦੇ ਵਿਰੋਧ ਵਿਚ ਕੁਰਬਾਨੀਆਂ ਕਰਨ ਲਈ ਤਿਆਰ ਰਹਿਣ ਦਾ ਹੋਕਾ ਦਿੱਤਾ। ਅਗਲੇ ਦਿਨ ਕਾਲਜ ਦੇ ਵਿਦਿਆਰਥੀਆਂ ਨੇ ਇਕ ਜਲੂਸ ਦੀ ਸ਼ਕਲ ਵਿਚ ਪੰਜਾਬ ਯੂਨੀਵਰਸਿਟੀ ਕੈਂਪਸ ਵਲ ਕੂਚ ਕੀਤਾ, ਜਿੱਥੇ ਵਿਦਿਆਰਥੀਆਂ ਨੇ ਇਕ ਰੋਸ ਜਲਸੇ ਬਾਰੇ ਕਾਲਜਾਂ ਨੂੰ ਸੁਨੇਹੇ ਭੇਜੇ ਜਾ ਚੁੱਕੇ ਸਨ। ਅਸੀਂ ਮਾਰਚ ਕਰਦੇ ਹੋਏ ਜਾ ਰਹੇ ਸਾਂ ਅਤੇ ਨਾਅਰੇ ਲਾ ਰਹੇ ਸਾਂ – "ਪਾਕਿਸਤਾਨ ਨਹੀਂ ਬਣੇਗਾ" "ਪਾਕਿਸਤਾਨ ਮੁਰਦਾਬਾਦ" ਅਸੀਂ ਅਜੇ ਬਹੁਤ ਦੂਰ ਨਹੀਂ ਗਏ ਸਾਂ ਕਿ ਇਕ ਟਾਂਗੇ ਨੇ ਸਾਡਾ ਰਾਹ ਰੋਕ ਲਿਆ। ਇਕ ਸਰਦਾਰ ਸਾਹਿਬ ਉਸ ਉੱਤੇ ਸਵਾਰ ਸਨ। ਲਾਊਡ ਸਪੀਕਰ ਟਾਂਗੇ ਵਿਚ ਰੱਖਿਆ ਹੋਇਆ ਸੀ। ਉਸ ਅਫ਼ਸਰ ਨੇ ਅਨਾਊਂਸ ਕੀਤਾ ਕਿ ਮੈਂ ਫਲਾਣਾ ਮੈਜਿਸਟ੍ਰੇਟ ਹਾਂ ਅਤੇ ਐਲਾਨ ਕਰ ਰਿਹਾ ਹਾਂ ਕਿ ਦਫ਼ਾ 144 ਲਾ ਦਿੱਤੀ ਗਈ ਹੈ। ਪੰਜ ਜੀਆਂ ਤੋਂ ਵੱਧ ਜੇ ਤੁਸੀਂ ਇਕੱਠੇ ਫਿਰੋਗੇ ਤਾਂ ਅਸੀਂ ਤੁਹਾਨੂੰ ਗ੍ਰਿਫਤਾਰ ਕਰਾਂਗੇ। ਜਲੂਸ ਰੁਕਿਆ ਹੋਇਆ ਸੀ ਅਤੇ ਅਨਾਊਂਸਮੈਂਟ ਦੁਹਰਾਈ ਜਾ ਰਹੀ ਸੀ। ਏਨੀ ਦੇਰ ਵਿਚ ਪੁਲਿਸ ਦੀ ਭਾਰੀ ਫੋਰਸ ਲਾਰੀਆਂ ਵਿਚ ਮੌਕੇ ਉੱਤੇ ਪਹੁੰਚ ਗਈ। ਸਭਨਾਂ ਪੁਲਿਸ ਵਾਲਿਆਂ ਕੋਲ ਲਾਠੀਆਂ ਸਨ। ਪਰ ਵਿਦਿਆਰਥੀਆਂ ਦਾ ਰੌਂ ਕੁਝ ਐਸਾ ਸੀ ਕਿ ਕੋਈ ਵੀ ਸਰਕਾਰੀ ਹੁਕਮ ਦੀ ਪਾਲਣਾ ਕਰਨ ਨੂੰ ਤਿਆਰ ਨਹੀਂ ਸੀ। ਅਸਾਂ ਆਪਣੇ ਨਾਅਰੇ ਹੋਰ ਉੱਚੇ ਕਰ ਦਿੱਤੇ ਅਤੇ ਪਾਸੇ ਤੋਂ ਹੋਕੇ ਅੱਗੇ ਨੂੰ ਵੱਧ ਗਏ। ਅਫ਼ਸਰ ਨੇ ਤਾਕਤ ਦੀ ਵਰਤੋਂ ਕਰਨੀ ਠੀਕ ਨਾ ਸਮਝੀ। ਨਾ ਸਾਨੂੰ ਘੇਰਾ ਪਿਆ, ਨਾ ਲਾਠੀ ਚਾਰਜ ਹੋਇਆ, ਨਾ ਗ੍ਰਿਫਤਾਰੀਆਂ ਤੇ ਅਸੀਂ ਹੋਰ ਵਧੇਰੇ ਜੋਸ਼ੀਲੇ ਰੌਂ ਵਿਚ ਤੇਜ਼ ਮਾਰਚ ਕਰਦੇ ਹੋਏ ਯੂਨੀਵਰਸਿਟੀ ਕੈਂਪਸ ਵਿਚ ਪਹੁੰਚ ਗਏ। ਹਾਲ ਵਿਚ ਮੀਟਿੰਗ ਚੱਲ ਰਹੀ ਸੀ ਅਤੇ ਵਿਦਿਆਰਥੀ ਆਗੂ ਤਕਰੀਰਾਂ ਕਰ ਰਹੇ ਸਨ। ਸਭਨਾਂ ਦਾ ਜ਼ੋਰ ਇਸ ਗੱਲ ਉੱਤੇ ਸੀ ਕਿ ਕੁਝ ਵੀ ਹੋਵੇ, ਦੇਸ਼ ਦੀ ਵੰਡ ਨਹੀਂ ਹੋਣ ਦਿੱਤੀ ਜਾਵੇਗੀ।

ਇਹ ਮੀਟਿੰਗ ਅਜੇ ਚੱਲ ਹੀ ਰਹੀ ਸੀ ਕਿ ਕਿਸੇ ਨੇ ਸਟੇਜ ਉੱਤੇ ਇਕ ਚਿੱਟ ਭੇਜੀ। ਇਕ ਬੁਲਾਰੇ ਨੇ ਚਿੱਟ ਪੜ੍ਹਕੇ ਦੱਸਿਆ ਕਿ ਮੁਜੰਗ ਦੇ ਇਲਾਕੇ ਵਿਚ ਤਿੰਨ ਹਿੰਦੂਆਂ ਨੂੰ ਛੁਰੇ ਮਾਰ ਕੇ ਜ਼ਖ਼ਮੀ ਕਰ ਦਿੱਤਾ ਗਿਆ ਹੈ। ਉਸਨੇ ਵਾਲੰਟੀਅਰ ਮੰਗੇ ਜਿਹੜੇ ਜ਼ਖ਼ਮੀਆਂ ਦਾ ਪਤਾ ਕਰਕੇ ਉਨ੍ਹਾਂ ਨੂੰ ਫੌਰੀ ਹਸਪਤਾਲ ਪਹੁੰਚਾਉਣ। ਸਾਡੇ ਕਾਲਜ ਦੇ ਵਿਦਿਆਰਥੀਆਂ ਨੇ ਇਹ ਕੰਮ ਆਪਣੇ ਜ਼ਿੰਮੇ ਲਿਆ। ਪਰ ਜਦੋਂ ਅਸੀਂ ਮੁਜੰਗ ਦੇ ਮੁਹੱਲੇ ਵਿਚ ਪਹੁੰਚੇ ਤਾਂ ਲੋਕ ਭਾਵੇਂ ਗਰੁੱਪਾਂ ਵਿਚ ਇਕੱਠੇ ਸਨ ਪਰ ਕੋਈ ਜ਼ਖ਼ਮੀ ਸਾਨੂੰ ਨਜ਼ਰ ਨਾ ਆਇਆ। ਇਲਾਕਾ ਮੁਸਲਿਮ ਵਸੋਂ ਦਾ ਸੀ। ਪੁੱਛ-ਗਿੱਛ ਕਰਨ ਉੱਤੇ ਪਤਾ ਲੱਗਾ ਕਿ ਇਕ ਹਿੰਦੂ ਨੌਜਵਾਨ ਨੂੰ ਕਿਸੇ ਨੇ ਸੋਟੀ ਮਾਰੀ ਸੀ। ਉਸ ਨੌਜਵਾਨ ਨੂੰ ਅਸਾਂ ਲੱਭ ਲਿਆ ਅਤੇ ਉਸਦੀ ਕਮੀਜ਼ ਉਤਰਵਾ ਕੇ ਤਸੱਲੀ ਕਰ ਲਈ ਕਿ ਸੱਟ ਬਿਲਕੁਲ ਮਾਮੂਲੀ ਸੀ। ਉਸਨੂੰ ਹਸਪਤਾਲ ਲੈ ਜਾਣ ਦੀ ਕੋਈ ਲੋੜ ਨਹੀਂ ਸੀ।

ਵਾਪਸ ਆ ਕੇ ਅਸਾਂ ਰਿਪੋਰਟ ਦੇ ਦਿੱਤੀ ਅਤੇ ਗੱਲ ਆਈ-ਗਈ ਹੋ ਗਈ। ਪਰ ਮਗਰੋਂ ਵਾਪਰੀਆਂ ਘਟਨਾਵਾਂ ਵਿਚ ਇਹ ਵੇਖਣ ਵਿਚ ਆਇਆ ਕਿ ਇਸ ਤਰ੍ਹਾਂ ਦੀਆਂ ਖੰਭਾਂ ਦੀਆਂ ਡਾਰਾਂ ਬਣ ਜਿਹੀਆਂ ਘਟਨਾਵਾਂ ਰੋਜ਼ ਹੀ ਵਾਪਰਨ ਲੱਗ ਪਈਆਂ ਸਨ। ਇਸ ਮੀਟਿੰਗ ਦੀ ਸਮਾਪਤੀ ਉੱਤੇ ਇਹ ਐਲਾਨ ਕੀਤਾ ਗਿਆ ਕਿ ਵਿਦਿਆਰਥੀਆਂ ਵਲੋਂ ਰੋਜ਼ ਹੀ ਰੋਸ-ਜਲਸੇ ਕੀਤੇ ਜਾਣਗੇ ਅਤੇ



ਜਲੂਸ ਕੱਢੇ ਜਾਣਗੇ। ਦਿਨ ਢਲ ਰਿਹਾ ਸੀ।

ਜਦੋਂ ਅਸੀਂ ਆਪਣੇ ਕਾਲਜ ਵੱਲ ਨੂੰ ਵਾਪਸੀ ਚਾਲੇ ਪਾਏ। ਅਸੀਂ ਅਜੇ ਇਕ ਤਕੜੇ ਗਰੁੱਪ ਦੀ ਸੂਰਤ ਵਿਚ ਸਾਂ। ਇਕ ਥਾਂ ਪੁਲਿਸ ਨੇ ਫਿਰ ਘੇਰ ਲਿਆ ਅਤੇ ਬਗੈਰ ਵਾਰਨਿੰਗ ਦੇ ਲਾਠੀ ਚਾਰਜ ਕਰ ਦਿੱਤਾ। ਮੈਨੂੰ ਦੋ ਲਾਠੀਆਂ ਵੱਜੀਆਂ। ਇਕ ਮੋਢਿਆਂ ਉੱਤੇ ਅਤੇ ਇਕ ਪਿੱਠ ਉੱਤੇ। ਇਉਂ ਪਹਿਲੀ ਵਾਰ ਪੰਜਾਬ ਪੁਲਿਸ ਦੀਆਂ ਨਵੀਆਂ ਨਕੋਰ ਅਤੇ ਮਜ਼ਬੂਤ ਲਾਠੀਆਂ ਦੇ ਦਰਸ਼ਨ ਹੋਏ। ਉਸ ਸਮੇਂ ਤਾਂ ਕੁਝ ਵੀ ਮਹਿਸੂਸ ਨਾ ਹੋਇਆ ਪਰ ਜਦੋਂ ਰਾਤ ਪਈ ਤਾਂ ਠੰਡੀ ਹਵਾ ਵਗਣੀ ਸ਼ੁਰੂ ਹੋਈ ਤਾਂ ਚੀਸਾਂ ਪਈਆਂ। ਜਦੋਂ ਅਸੀਂ ਕਾਲਜ ਵਾਪਸ ਨਹੀਂ ਪੁੱਜੇ ਸਾਂ ਤਾਂ ਇਕ ਥਾਂ ਮੁਸਲਿਮ ਨੈਸ਼ਨਲ ਗਾਰਡਜ਼ ਦੇ ਹਜੂਮ ਦਾ ਸਾਹਮਣਾ ਹੋ ਗਿਆ। ਇਹ ਕੋਈ ਸੌ-ਡੇਢ ਸੌ ਦਾ ਗਰੁੱਪ ਸੀ ਅਤੇ ਫਸਾਦ ਉੱਤੇ ਉਤਾਰੂ ਨਜ਼ਰ ਆ ਰਿਹਾ ਸੀ। ਪਾਕਿਸਤਾਨ ਦੇ ਹੱਕ ਵਿਚ ਨਾਅਰੇ ਲਾਉਂਦੇ ਹੋਏ ਉਹ ਸਾਡੇ ਉੱਤੇ ਆਵਾਜ਼ਾਂ ਵੀ ਕੱਸ ਰਹੇ ਸਨ। ਉਨ੍ਹਾਂ ਨੂੰ ਪੁਲਿਸ ਨੇ ਰੋਕਿਆ ਹੋਇਆ ਸੀ।

ਸਾਡਾ ਕਾਲਜ ਸ਼ਹਿਰ ਤੋਂ ਕਾਫ਼ੀ ਦੂਰ ਸੀ ਅਤੇ ਚਾਰੇ ਪਾਸੇ ਉਨ੍ਹਾਂ ਆਬਾਦੀਆਂ ਨਾਲ ਘਿਰਿਆ ਹੋਇਆ ਸੀ ਜਿਨ੍ਹਾਂ ਦੀ ਵਧੇਰੇ ਆਬਾਦੀ ਮੁਸਲਿਮ ਸੀ। ਅਕਾਲੀ ਲੀਡਰ ਹੋਸਟਲਾਂ ਵਿਚ ਆਉਂਦੇ ਅਤੇ ਰਾਤ ਦੇ ਵਕਤ ਮੀਟਿੰਗਾਂ ਕਰਦੇ। ਇਹ ਖ਼ਤਰਾ ਮਹਿਸੂਸ ਕੀਤਾ ਜਾਂਦਾ ਸੀ ਕਿ ਕਿਸੇ ਦਿਨ ਮੁਸਲਿਮ ਹਜੂਮ ਕਾਲਜ ਉੱਤੇ ਹਮਲਾ ਕਰ ਦੇਣਗੇ। ਇਕ ਦਿਨ ਸਵੇਰੇ ਹੀ ਇਹ ਖ਼ਬਰ ਫੈਲ ਗਈ ਕਿ ਇਕ ਆਦਮੀ ਨੂੰ ਛੁਰਾ ਮਾਰ ਕੇ ਜ਼ਖ਼ਮੀ ਕੀਤਾ ਗਿਆ ਹੈ ਅਤੇ ਉਹ ਕਾਲਜ ਦੀਆਂ ਗਰਾਊਂਡਾਂ ਦੀ ਹੱਦ ਦੇ ਬਾਹਰ ਜ਼ਖ਼ਮੀ ਪਿਆ ਹੈ। ਅਸੀਂ ਦੋ ਵਿਦਿਆਰਥੀ ਉਸ ਥਾਂ ਪਹੁੰਚੇ। ਉਹ ਆਦਮੀ ਮਰ ਚੁੱਕਾ ਸੀ ਅਤੇ ਚਾਰੇ-ਪਾਸੇ ਮੁਸਲਮਾਨ ਇਕੱਠੇ ਹੋ ਰਹੇ ਸਨ। ਮਰਨ ਵਾਲਾ ਮੁਸਲਮਾਨ ਸੀ ਅਤੇ ਅਸੀਂ ਦੋ ਸਿੱਖ ਮੁੰਡੇ ਉਨ੍ਹਾਂ ਹਾਲਾਤ ਵਿਚ ਮ੍ਰਿਤਕ ਦੇ ਕੋਲ ਜਾ ਖਲੋਤੇ ਸਾਂ। ਕੋਈ ਵੀ ਇਹ ਸ਼ੱਕ ਕਰ ਸਕਦਾ ਸੀ ਕਿ ਉਸਨੂੰ ਕਾਲਜ ਹੋਸਟਲ ਦੇ ਕਿਸੇ ਸਿੱਖ ਮੁੰਡੇ ਨੇ ਮਾਰਿਆ ਹੋਵੇਗਾ ਕਿਉਂਕਿ ਨੇੜੇ-ਤੇੜ ਸਿੱਖ-ਹਿੰਦੂਆਂ ਦੀ ਕੋਈ ਆਬਾਦੀ ਵੀ ਨਹੀਂ ਸੀ। ਇਸ ਤੋਂ ਪਹਿਲਾਂ ਕਿ ਕੋਈ ਕੁਝ ਕਹਿੰਦਾ ਅਸੀਂ ਦੋਹਾਂ ਨੇ ਇਸ ਘਟਨਾ ਉੱਤੇ ਦੁੱਖ ਪ੍ਰਗਟ ਕੀਤਾ ਅਤੇ ਕਿਹਾ ਕਿ ਇਹ ਜ਼ਰੂਰ ਕਿਸੇ ਅਜਿਹੇ ਬੰਦੇ ਦਾ ਕਾਰਾ ਹੋਵੇਗਾ ਜਿਹੜਾ ਅਮਨ ਦਾ ਦੁਸ਼ਮਣ ਹੈ। ਜਾਪਦਾ ਹੈ ਉਹ ਲੋਕ ਡਾਹਢੇ ਹੀ ਚੰਗੇ ਸਨ। ਕਿਸੇ ਨੇ ਸਾਨੂੰ ਕੋਈ ਚੋਭਵੀਂ ਗੱਲ ਨਾ ਆਖੀ। ਨਾ ਹੀ ਕਿਸੇ ਨੇ ਕੋਈ ਹੁੰਗਾਰਾ ਭਰਿਆ ਅਤੇ ਸਾਨੂੰ ਆਰਾਮ ਨਾਲ ਉਥੋਂ ਵਾਪਿਸ ਆਉਣ ਦਿੱਤਾ, ਨਹੀਂ ਤਾਂ ਉਨ੍ਹਾਂ ਵਿਚੋਂ ਕਿਸੇ ਦਾ ਇਕ ਲਲਕਾਰਾ ਹੀ ਕਾਫ਼ੀ ਸੀ, ਹਜੂਮ ਨੇ ਸਾਡੇ ਉੱਤੇ ਟੁੱਟ ਪੈਣਾ ਸੀ।

ਅਸਾਂ ਇਕ ਵਾਲੰਟੀਅਰ ਗਰੁੱਪ ਬਣਾ ਲਿਆ ਅਤੇ ਰੋਜ਼ ਰੇਲਵੇ ਸਟੇਸ਼ਨ ਲਾਹੌਰ ਉੱਤੇ ਪੁੱਜਣ ਦੀ ਜ਼ਿੰਮੇਵਾਰੀ ਲੈ ਲਈ। ਕੰਮ ਇਹ ਸੀ ਕਿ ਅਸਾਂ ਪੱਛਮੀ ਪੰਜਾਬ ਦੇ ਰਾਵਲਪਿੰਡੀ ਡਵੀਜ਼ਨ ਦੇ ਉਨ੍ਹਾਂ ਲੋਕਾਂ ਨੂੰ ਜਿਹੜੇ ਉੱਜੜ ਕੇ ਆ ਗਏ ਸਨ, ਲਾਹੌਰ ਵਿਚ ਵਸਦੇ ਉਨ੍ਹਾਂ ਦੇ ਰਿਸ਼ਤੇਦਾਰਾਂ ਦੇ ਘਰੀਂ ਸੁਰੱਖਿਅਤ ਪਹੁੰਚਾਉਣਾ ਸੀ। ਉਸ ਸਮੇਂ ਤੱਕ ਸ਼ਹਿਰ ਫਿਰਕੂ ਜਨੂੰਨ ਦੀ ਹਨੇਰੀ ਦਾ ਸ਼ਿਕਾਰ ਹੋ ਚੁੱਕਾ ਸੀ ਅਤੇ ਕਿਸੇ ਵੀ ਹਿੰਦੂ ਸਿੱਖ ਲਈ ਸ਼ਹਿਰ ਵਿਚ ਖੁੱਲ੍ਹੇ ਫਿਰਨਾ-ਤੁਰਨਾ ਸੁਰੱਖਿਅਤ ਨਹੀਂ ਰਿਹਾ ਸੀ। ਲਾਹੌਰ ਰੇਲਵੇ ਸਟੇਸ਼ਨ ਉੱਤੇ ਇਨ੍ਹਾਂ ਲੋਕਾਂ ਦੀਆਂ ਭੀੜਾਂ ਸਨ। ਕਈ ਪਰਿਵਾਰਾਂ ਦੇ ਨੌਜਵਾਨ ਪੁੱਤਰ ਅਤੇ ਮਰਦ ਮਾਰ ਦਿੱਤੇ ਗਏ ਸਨ ਅਤੇ ਔਰਤਾਂ ਨੂੰ ਉਧਾਲ ਲਿਆ ਗਿਆ ਸੀ। ਕਈਆਂ ਦੇ ਘਰ ਸਾੜ

ਦਿੱਤੇ ਗਏ ਸਨ। ਇਹ ਉਪੱਦਰ ਮੁਸਲਿਮ ਲੀਗ ਦੇ ਹੱਥੋਂ ਹੋਏ ਸਨ ਅਤੇ ਸਥਾਨਕ ਰਾਜ ਪ੍ਰਬੰਧ ਨੇ ਉਨ੍ਹਾਂ ਨੂੰ ਪੂਰੀ ਖੁੱਲ ਦੇ ਰੱਖੀ ਸੀ। ਇਨ੍ਹਾਂ ਘਟਨਾਵਾਂ ਦੇ ਵਿਸਥਾਰ ਸਾਨੂੰ ਉਨ੍ਹਾਂ ਲੋਕਾਂ ਤੋਂ ਪਤਾ ਲੱਗੇ, ਜਿਨ੍ਹਾਂ ਨੂੰ ਅਸੀਂ ਉਨ੍ਹਾਂ ਦੇ ਲਾਹੌਰ ਵਸਦੇ ਰਿਸ਼ਤੇਦਾਰਾਂ ਦੇ ਘਰਾਂ ਤੱਕ ਛੱਡਣ ਗਏ ਸਾਂ। ਛੇਤੀ ਹੀ ਸਾਨੂੰ ਅਹਿਸਾਸ ਹੋ ਗਿਆ ਕਿ ਇਹ ਕੰਮ ਸਾਡੇ ਵਿੱਤੋਂ ਬਾਹਰਾ ਸੀ। ਪਰ ਸਰਕਾਰ ਦੇ ਰਾਜਪ੍ਰਬੰਧ ਦੀ ਮਸ਼ੀਨਰੀ ਵੀ ਇਨ੍ਹਾਂ ਨਿਆਸਰੇ ਲੋਕਾਂ ਲਈ ਕੁਝ ਕਰਨ ਨੂੰ ਤਿਆਰ ਨਹੀਂ ਸੀ।

ਇਸ ਅਰਸੇ ਵਿਚ ਲਾਹੌਰ ਸ਼ਹਿਰ ਵਿਚ ਛੁਰੇਬਾਜ਼ੀ ਦੀਆਂ ਵਾਰਦਾਤਾਂ ਵਿਚ ਬਹੁਤ ਵਾਧਾ ਹੋ ਗਿਆ ਸੀ। ਹਿੰਦੂਆਂ ਅਤੇ ਸਿੱਖਾਂ ਦੇ ਘਰ ਸਾੜੇ ਜਾ ਰਹੇ ਸਨ। ਆਪਣੇ ਹੋਸਟਲ ਦੀ ਛੱਤ ਤੋਂ ਅਸੀਂ ਸ਼ਹਿਰ ਵਿਚੋਂ ਉੱਠਦੇ ਧੂੰਏਂ ਦੇ ਗੁਬਾਰ ਵੇਖ ਸਕਦੇ ਸਾਂ। ਇਕ ਦਿਨ ਅਨਾਰਕਲੀ ਬਜ਼ਾਰ ਦੇ ਦੁਕਾਨਦਾਰਾਂ ਵਲੋਂ ਇਹ ਮੰਗ ਆਈ ਕਿ ਸਾਨੂੰ ਸੁਰੱਖਿਅਤ ਰੱਖਣ ਲਈ ਕੋਈ ਪ੍ਰਬੰਧ ਕੀਤਾ ਜਾਵੇ। ਅਸੀਂ ਕੁਝ ਵਿਦਿਆਰਥੀ ਪਹੁੰਚ ਗਏ। ਅਸਾਂ ਤਿੰਨ ਫੁੱਟ ਦੀਆਂ ਕਿਰਪਾਨਾਂ ਚੁੱਕੀਆਂ ਹੋਈਆਂ ਸਨ। ਜਦੋਂ ਅਸਾਂ ਬਜ਼ਾਰ ਵਿਚ ਜਾ ਡੇਰਾ ਲਾਇਆ ਤੇ ਦੁਕਾਨਦਾਰਾਂ ਨਾਲ ਜਿਹੜੇ ਵਧੇਰੇ ਹਿੰਦੂ ਹੀ ਸਨ, ਕੁਝ ਘੁਲ-ਮਿਲ ਗਏ ਤਾਂ ਅਸਾਂ ਉਨ੍ਹਾਂ ਨੂੰ ਪੁੱਛਿਆ ਕਿ ਉਨ੍ਹਾਂ ਦੀ ਮਦਦ ਕੌਣ-ਕੌਣ ਕਰ ਰਿਹਾ ਹੈ? ਉਨ੍ਹਾਂ ਨੇ ਜਵਾਬ ਵਿਚ ਦੱਸਿਆ ਕਿ ਰਾਸ਼ਟਰੀ ਸਵੈਮ ਸੇਵਕ ਸੰਘ ਵਾਲੇ ਆਏ ਸਨ ਅਤੇ ਉਨ੍ਹਾਂ ਨੇ ਮਦਦ ਦਾ ਭਰੋਸਾ ਦਿੱਤਾ ਸੀ। ਉਨ੍ਹਾਂ ਦੱਸਿਆ ਕਿ ਉਹ ਕੁਝ ਬੰਬ ਦੇ ਗਏ ਸਨ ਪਰ ਉਸ ਤੋਂ ਬਾਅਦ ਨਹੀਂ ਬਹੁੜੇ। ਅਸਾਂ ਕਿਹਾ ਕਿ ਉਹ ਬੰਬ ਸਾਨੂੰ ਵੀ ਵਿਖਾਓ। ਉਨ੍ਹਾਂ ਨੇ ਸਾਨੂੰ ਐਲੂਮੀਨੀਅਨ ਦੇ ਖੋਲ ਵਾਲੇ ਦੋ ਬੰਬ ਵਿਖਾਏ ਜਿਨ੍ਹਾਂ ਵਿਚ ਬਾਰੂਦ ਭਰਿਆ ਹੋਇਆ ਸੀ। ਕੈਮਿਸਟਰੀ ਦੀ ਕੁਝ ਜਾਣਕਾਰੀ ਹੋਣ ਕਾਰਨ ਇਨ੍ਹਾਂ ਗੱਲਾਂ ਦੀ ਸਮਝ ਸੀ। ਇਹ ਸਪੱਸ਼ਟ ਸੀ ਕਿ ਇਹ ਬੰਬ ਕਿਸੇ ਦਾ ਕੁਝ ਵਿਗਾੜ ਨਹੀਂ ਸਕਣਗੇ ਸਿਵਾਏ ਅੱਗ ਲਾਉਣ ਦੇ। ਦੁਕਾਨਦਾਰਾਂ ਦੇ ਕਹਿਣ ਅਨੁਸਾਰ ਰਾਸ਼ਟਰੀ ਸੰਘ ਵਾਲੇ ਸ਼ਹਿਰ ਵਿਚੋਂ ਗਾਇਬ ਹੀ ਹੋ ਗਏ ਸਨ। ਸੰਘ ਵਾਲਿਆਂ ਨੇ ਮਗਰੋਂ ਬੜੇ ਦਾਅਵੇ ਕੀਤੇ ਹਨ, ਪਰ ਉਸ ਸਮੇਂ ਇਸ ਜਥੇਬੰਦੀ ਦਾ ਕੋਈ ਨਾਮ-ਨਿਸ਼ਾਨ ਨਜ਼ਰ ਨਹੀਂ ਆ ਰਿਹਾ ਸੀ। ਲਾਹੌਰ ਸ਼ਹਿਰ ਵਿਚ ਜਿੱਥੇ ਉਨ੍ਹਾਂ ਦਿਨਾਂ ਵਿਚ ਦੇਸ਼ ਦੀ ਆਗਾਮੀ ਵੰਡ ਦਾ ਸੇਕ ਸਭ ਤੋਂ ਵੱਧ ਲੱਗ ਰਿਹਾ ਸੀ, ਸੰਘ ਦਾ ਪਤਾ ਨਹੀਂ ਲੱਗ ਰਿਹਾ ਸੀ। ਦੋ ਦਹਾਕਿਆਂ ਤੋਂ ਸੰਘ ਦੀਆਂ ਸ਼ਾਖਾਵਾਂ ਵਿਚ ਕਾਂਗਰਸ ਪਾਰਟੀ ਅਤੇ ਮਹਾਤਮਾ ਗਾਂਧੀ ਦੀ ਭੰਡੀ ਕੀਤੀ ਜਾ ਰਹੀ ਸੀ। ਪਰ ਹੁਣ ਮੁਸਲਿਮ ਲੀਗ ਦੇ ਫਿਰਕੂ ਪ੍ਰਚਾਰ ਦੇ ਸਾਹਮਣੇ ਇਨ੍ਹਾਂ ਦੀ ਜ਼ੁਬਾਨ ਬੰਦ ਸੀ।

ਕਾਲਜ ਦੇ ਹੋਸਟਲ ਖਾਲੀ ਹੋ ਰਹੇ ਸਨ। ਇਮਾਰਤਾਂ ਦੀ ਰਾਖੀ ਲਈ ਨਿਹੰਗ ਸਿੰਘਾਂ ਦਾ ਇਕ ਜੱਥਾ ਸੱਦਿਆ ਗਿਆ। ਉਨ੍ਹਾਂ ਕਾਲਜ ਦੇ ਗੁਰਦੁਆਰੇ ਵਿਚ ਡੇਰਾ ਲਾ ਲਿਆ ਜਿਥੇ ਉਨ੍ਹਾਂ ਦੀ ਤਸੱਲੀ ਅਨੁਸਾਰ ਉਨ੍ਹਾਂ ਦੇ ਲੰਗਰ ਦਾ ਪ੍ਰਬੰਧ ਕਰ ਦਿੱਤਾ ਗਿਆ ਸੀ। ਪਰ ਇਕ ਦਿਨ ਜਦੋਂ ਹਜੂਮ ਵਲੋਂ ਹਮਲੇ ਦੀ ਖਬਰ ਮਿਲੀ ਤਾਂ ਉਨ੍ਹਾਂ ਨੂੰ ਕਾਲਜ ਦੇ ਉਸ ਪਾਸੇ ਡਿਊਟੀ ਦੇਣ ਲਈ ਕਿਹਾ ਗਿਆ ਜਿਧਰੇ ਹਜੂਮ ਆਉਣ ਦੀ ਕਨਸੋਅ ਮਿਲੀ ਸੀ। ਉਨ੍ਹਾਂ ਇਹ ਕਹਿ ਕੇ ਜਵਾਬ ਦੇ ਦਿੱਤਾ ਕਿ ਉਨ੍ਹਾਂ ਨੇ ਕੇਵਲ ਗੁਰਦੁਆਰੇ ਦੀ ਇਮਾਰਤ ਦੀ ਰਾਖੀ ਦੀ ਜ਼ਿਮੇਵਾਰੀ ਲਈ ਸੀ। ਜੇ ਹਜੂਮ ਗੁਰਦੁਆਰੇ ਨੂੰ ਨੁਕਸਾਨ ਪਹੁੰਚਾਉਣ ਦਾ ਯਤਨ ਕਰੇਗਾ ਤਾਂ ਉਹ ਜਵਾਬੀ ਕਾਰਵਾਈ ਕਰਨਗੇ। ਪਰ ਹਮਲੇ ਦੀ ਇਹ ਖ਼ਬਰ ਵੀ ਅਫਵਾਹ ਹੀ ਸਾਬਤ ਹੋਈ। ਬੇਸ਼ੱਕ ਇਸ ਨੇ ਉਨ੍ਹਾਂ ਨਿਹੰਗ ਸਿੰਘਾਂ ਦੀ "ਦਲੇਰੀ" ਦਾ ਪਾਜ ਉਧੇੜ



ਦਿੱਤਾ ਸੀ।

ਮਰਹੂਮ ਭਾਨ ਸਿੰਘ ਹੋਸਟਲ ਵਿਚ ਮੇਰੇ 'ਰੂਮ-ਮੇਟ' ਸਨ। ਉਹ ਸਿੱਖ ਸਟੂਡੈਂਟਸ ਫੈਡਰੇਸ਼ਨ ਵਿਚ ਸਰਗਰਮ ਸਨ। ਖਾਲਸਾ ਕਾਲਜ ਲਾਇਲਪੁਰ ਵਿਚ ਪੜ੍ਹਦਿਆਂ ਮੇਰਾ ਉਨ੍ਹਾਂ ਨਾਲ ਨੇੜ ਬਣਿਆ ਸੀ। ਦੇਸ਼ ਦੀ ਵੰਡ ਤੋਂ ਬਾਅਦ ਉਹ ਅਕਾਲੀ ਸਿਆਸਤ ਵਿਚ ਮੂਹਰੇ ਰਹੇ ਅਤੇ ਲੰਮਾ ਸਮਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਵੀ ਰਹੇ। ਮਗਰੋਂ ਉਹ ਲੁਧਿਆਣੇ ਵਿਚ ਉਹ ਖਾਲਿਸਤਾਨੀ ਦਹਿਸ਼ਤਗਰਦਾਂ ਦੇ ਹੱਥੋਂ ਮਾਰੇ ਗਏ। 1947 ਦੇ ਉਨ੍ਹਾਂ ਦਿਨਾਂ ਵਿਚ ਉਨ੍ਹਾਂ ਮੈਨੂੰ ਇਕ ਸੰਵੇਦਨਸ਼ੀਲ ਅਤੇ ਰਾਜਸੀ ਪੱਖੋਂ ਅਰਥ-ਭਰਪੂਰ ਜ਼ਿੰਮੇਵਾਰੀ ਸੌਂਪੀ। ਮਾਸਟਰ ਤਾਰਾ ਸਿੰਘ ਦਾ ਇਕ ਸੁਨੇਹਾ ਲੈਕੇ ਮੈਂ ਯੂ. ਪੀ. ਦੇ ਇਕ ਕਾਂਗਰਸੀ ਆਗੂ ਨੂੰ ਮਿਲਣਾ ਸੀ। ਪਰ ਉਸ ਵਕਤ ਮੈਨੂੰ ਇਹ ਨਹੀਂ ਦੱਸਿਆ ਗਿਆ ਸੀ ਕਿ ਇਹ ਸੁਨੇਹਾ ਖ਼ੁਦ ਮਾਸਟਰ ਤਾਰਾ ਸਿੰਘ ਵਲੋਂ ਦੇਣਾ ਹੈ। ਸੁਨੇਹਾ ਇਹ ਸੀ, "ਮੁੰਡਿਆਂ ਨੂੰ ਕਿੱਥੇ ਭੇਜੀਏ?" ਮੈਂ ਸੀਤਾਪੁਰ ਪਹੁੰਚਿਆ ਅਤੇ ਉਸ ਇਲਾਕੇ ਦੇ ਉਸ ਕਾਂਗਰਸੀ ਆਗੂ ਨੂੰ ਇਕ ਕਸਬੇ ਵਿਚ ਜਾ ਮਿਲਿਆ। ਮਗਰੋਂ ਪਤਾ ਲੱਗ ਕਿ "ਮੁੰਡਿਆਂ" ਨੂੰ ਆਟੋਮੈਟਿਕ ਹਥਿਆਰਾਂ ਦੀ ਸਿਖਲਾਈ ਦਿੱਤੀ ਜਾਣੀ ਸੀ। ਇਹ ਵੀ ਪਤਾ ਲੱਗਾ ਕਿ ਇਸ ਯੋਜਨਾ ਦੇ ਪਿੱਛੇ ਸਰਦਾਰ ਪਟੇਲ ਦਾ ਹੱਥ ਸੀ। ਸੀਤਾਪੁਰ ਦੇ ਕਾਂਗਰਸੀ ਆਗੂ ਨੇ ਮੈਨੂੰ ਮੁੰਬਈ ਦਾ ਇਕ ਐਡਰੈਸ ਦਿੱਤਾ ਜਿਹੜਾ ਮੈਂ ਲਾਹੌਰ ਪਰਤ ਕੇ ਸ. ਭਾਨ ਸਿੰਘ ਨੂੰ ਦੇ ਦਿੱਤਾ। ਕਈ ਸਾਲਾਂ ਬਾਅਦ ਆਜ਼ਾਦ ਭਾਰਤ ਵਿਚ ਇਹ ਆਗੂ ਆਲ ਇੰਡੀਆ ਕਾਂਗਰਸ ਕਮੇਟੀ ਦਾ ਜਨਰਲ ਸਕੱਤਰ ਬਣਿਆ।

ਵਾਪਸ ਕਾਲਜ ਆ ਕੇ ਵੇਖਿਆ ਤਾਂ ਹਾਲਾਤ ਹੋਰ ਵੀ ਖਰਾਬ ਹੋ ਚੁੱਕੇ ਸਨ। ਸ. ਭਾਨ ਸਿੰਘ ਨੂੰ ਪੁਲਿਸ ਪੁੱਛ-ਗਿੱਛ ਲਈ ਲੈ ਗਈ ਸੀ। ਕਮਰੇ ਵਿਚ ਮੈਂ ਇਕ 'ਕ੍ਰਿਸਟਲ ਸੈੱਟ' ਰੱਖਿਆ ਹੋਇਆ ਸੀ! ਜਿਸ ਤੋਂ ਰੇਡੀਓ ਦਾ ਕੰਮ ਲਈਦਾ ਸੀ। ਮੌਕੇ ਉੱਤੇ ਪਹੁੰਚੇ ਪੁਲਿਸ ਅਫਸਰ ਨੂੰ ਸ਼ਾਇਦ ਇਸਦੀ ਸਮਝ ਨਹੀਂ ਸੀ। ਇਕ ਸਿਪਾਹੀ ਦੀ ਡਿਊਟੀ ਲਾ ਕੇ ਜਿਸਦੇ ਜ਼ਿੰਮੇ ਇਸ 'ਸੈੱਟ' ਤੋਂ ਪ੍ਰਸਾਰਣ ਸੁਣਨ ਅਤੇ ਕਮਰੇ ਉੱਤੇ ਨਿਗਾਹ ਰੱਖਣ ਦਾ ਕੰਮ ਸੀ, ਉਹ ਚਲਾ ਗਿਆ। ਕਾਲਜ ਹੁਣ ਤਕਰੀਬਨ ਖਾਲੀ ਹੋ ਚੁੱਕਾ ਸੀ, ਸਿਵਾਏ ਕੁਝ ਕਰਮਚਾਰੀਆਂ ਦੇ ਅਤੇ ਸਾਡੇ ਵਰਗੇ ਚਾਰ-ਪੰਜ ਮੁੰਡਿਆਂ ਦੇ। ਅਸੀਂ ਕੁਝ ਵਿਦਿਆਰਥੀ ਆਪਣੇ ਸਾਥੀਆਂ ਨੂੰ ਕਾਲਜ ਹੋਸਟਲ ਛੱਡਕੇ ਜਾਣ ਤੋਂ ਰੋਕਦੇ ਰਹੇ ਸਾਂ। ਪਰ ਦੋ ਮਹੀਨਿਆਂ ਦੇ ਅਰਸੇ ਵਿਚ ਹਾਲਾਤ ਏਨੇ ਬਦਲ ਗਏ ਸਨ ਕਿ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਮਾਪੇ ਲਾਹੌਰ ਵਿਚ ਰਹਿਣ ਨਹੀਂ ਦੇਣਾ ਚਾਹੁੰਦੇ ਸਨ। ਮੇਰੇ ਪਿੰਡੋਂ ਆਈ ਤਾਰ ਦੇ ਜਵਾਬ ਵਿਚ ਮੈਂ ਕਿਹਾ ਸੀ ਕਿ ਫ਼ਿਕਰ ਵਾਲੀ ਕੋਈ ਗੱਲ ਨਹੀਂ। ਪਰ ਅਸਲ ਹਾਲਾਤ ਇਹ ਸੀ ਕਿ ਕਿਸੇ ਸਮੇਂ ਵੀ ਕੋਈ ਹਜੂਮ ਆ ਕੇ ਕੋਈ ਉਪੱਦਰ ਕਰ ਸਕਦਾ ਸੀ। ਉਸ ਹਾਲਤ ਵਿਚ ਮੈਂ ਲਾਇਲਪੁਰ ਜ਼ਿਲੇ ਦੇ ਆਪਣੇ ਪਿੰਡ ਚੱਕ ਨੰਬਰ 295 ਗੋਗੇਰਾ ਬ੍ਰਾਂਚ ਵਿਚ ਵਾਪਿਸ ਚਲੇ ਜਾਣਾ ਹੀ ਬੇਹਤਰ ਸਮਝਿਆ। ਇਹ ਮੇਰਾ ਨਾਨਕਾ ਪਿੰਡ ਸੀ ਅਤੇ ਨਾਲ ਦਾ ਪਿੰਡ 294 ਗੋਗੇਰਾ ਬ੍ਰਾਂਚ ਮੇਰੇ ਮਾਪਿਆਂ ਦਾ ਅਥਵਾ ਦਾਦਕਾ ਪਿੰਡ ਸੀ। ਇਹ ਦੋਵੇਂ ਪਿੰਡ ਤਕਰੀਬਨ ਤਿੰਨ ਪਾਸਿਓਂ ਤੋਂ ਮੁਸਲਿਮ ਬਹੁ-ਗਿਣਤੀ ਮਾਲਕ ਕਿਸਾਨੀ ਦੇ ਪਿੰਡਾਂ ਨਾਲ ਘਿਰੇ ਹੋਏ ਸਨ। ਪੰਜਾਬ ਦੀ ਵੰਡ ਦੀ ਸੂਰਤ ਵਿਚ ਇਸ ਇਲਾਕੇ ਦਾ ਪਾਕਿਸਤਾਨ ਵਿਚ ਚਲੇ ਜਾਣਾ ਲਾਜ਼ਮੀ ਸੀ। ਲਾਹੌਰ ਤੋਂ ਚਲੇ ਜਾਣ ਤੋਂ ਬਾਅਦ ਲਾਵਾਰਸਗੀ ਨਾਲ ਸਾਡਾ ਅਸਲ ਵਾਹ ਪਿਆ। ●

(ਬਾਕੀ ਅਗਲੀ ਵਾਰੀ)

## ਹਰਮਿੰਦਰ ਸਿੰਘ ਕੋਹਾਰਵਾਲਾ ਦੀਆਂ ਦੋ .ਗਜ਼ਲਾਂ

1.

ਨਫ਼ਰਤਾਂ ਜਦ ਘਰ ਜਲਾਏ ਹੋਣਗੇ।
ਰਹਿਬਰਾਂ ਇਹ ਰਾਹ ਸੁਝਾਏ ਹੋਣਗੇ।

ਆਦਮੀ 'ਚੋਂ ਆਦਮੀਅਤ ਮਰਨ 'ਤੇ,
ਓਮ,ਅੱਲਾ ਤਿਲਮਿਲਾਏ ਹੋਣਗੇ।

ਪੀ ਗਏ ਜਦ ਖ਼ੂਹ ਸੜ੍ਹਾਕੇ ਮਾਰ ਕੇ,
ਖੇਤ ਅੰਬਰ ਨੇ ਭੁਲਾਏ ਹੋਣਗੇ।

ਪੀਣਗੇ ਫਿਰ ਖ਼ੂਨ ਹੀ ਤਾਂ ਆਦਮੀ,
ਪਿੰਡ ਦੇ ਜਦ ਖ਼ੂਹ ਤਿਹਾਏ ਹੋਣਗੇ।

ਅੰਬਰਾਂ 'ਤੇ ਚੜ੍ਹਨ ਖ਼ਾਤਰ ਮਾਪਿਆਂ,
ਪੌੜ ਧੀਆਂ ਦੇ ਬਣਾਏ ਹੋਣਗੇ।

ਜਨਕ ਡੁੱਬਣਗੇ ਬਜ਼ਾਰੀ ਆਣ ਕੇ,
ਸੇਲ 'ਤੇ ਜਦ ਵਰ ਲਗਾਏ ਹੋਣਗੇ।

ਕਾਂ ਬਨੇਰੇ ਤੋਂ ਬੁਝਾ ਕੇ ਲੈ ਗਏ,
ਦੀਪ ਆਟੇ ਦੇ ਜਗਾਏ ਹੋਣਗੇ।

ਜੀਣ ਦੁੱਭਰ ਵੀ ਕਰੇਗਾ ਸ਼ਹਿਨਸ਼ਾਹ,
ਮਰਨ 'ਤੇ ਵੀ ਕਰ਼ ਲਗਾਏ ਹੋਣਗੇ।

2.

ਸਾਡੇ ਲੇਖ ਬੁਹਾਰੇ ਨੇ,
ਨੱਚਦੇ ਨੋਟ ਪਸਾਰੇ ਨੇ।

ਨਰਕ ਬਣੀ ਇਸ ਬਸਤੀ ਵਿਚ,
ਬਸ ਦੋ ਚਾਰ ਚੁਬਾਰੇ ਨੇ।

ਸਾਡੇ ਤਨ 'ਤੇ ਸਜਦੇ ਹਨ,
ਤੈਂ ਜੋ ਪਹਿਨ ਉਤਾਰੇ ਨੇ।

ਸਾਡੇ ਸੜਿਆਂ ਲੇਖਾਂ ਵਿਚ,
ਕਿੱਥੇ ਚੰਦ ਸਿਤਾਰੇ ਨੇ।

ਚੁੱਲ੍ਹੇ, ਹਾਰੇ ਹਰ ਚੱਲੇ,
ਲੈਂਦੇ ਸਾਹ ਉਧਾਰੇ ਨੇ।

ਪਿੰਡ ਬਣਾਈ ਹੈ ਦੁਨੀਆਂ,
ਫੈਲੇ ਸ਼ਾਹੂਕਾਰੇ ਨੇ।

ਕਦ ਆਈ ਤੇ ਆਵਣਗੇ,
ਇਹ ਜੋ ਵਖਤਾਂ ਮਾਰੇ ਨੇ।

(ਕੋਹਾਰਵਾਲਾ - ਫਰੀਦਕੋਟ )



## ਜਗਤਾਰ ਸਾਲਮ ਦੀਆਂ ਦੋ .ਗਜ਼ਲਾਂ

1.

ਪੌਣ ਨੂੰ ਕੈਦ ਕਰ ਲਓ ਬਿਆਨ ਦਿੰਦਾ ਹੈ,
ਕਿੰਨਾ ਅਜੀਬ ਹੁਕਮ ਹੁਕਮਰਾਨ ਦਿੰਦਾ ਹੈ।

ਇਹ ਬਾਦਸ਼ਾਹ ਹੁਣ ਪਾਗਲ ਹੋ ਗਿਆ ਹੈ,
ਹਰ ਬੰਦੇ ਨੂੰ ਮੁਜਰਿਮ ਗਰਦਾਨ ਦਿੰਦਾ ਹੈ।

ਜਿਨ੍ਹਾਂ ਡੁੱਬਣਾ ਹੁੰਦੈ ਉਹ ਪਲ 'ਚ ਡੁੱਬ ਜਾਂਦੇ ਨੇ,
ਨਦੀ ਨੂੰ ਆਵਾਜ਼ ਕੋਈ ਨਾਦਾਨ ਦਿੰਦਾ ਹੈ।

ਤੇਰੀ ਹਿੱਕ ਵਿਚ ਰੋਜ਼ ਸੂਰਜ ਡੁੱਬਿਆ ਕਰੇਗਾ,
ਜੰਗਲ ਨੂੰ ਮਹਾਂਰਿਸ਼ੀ ਵਰਦਾਨ ਦਿੰਦਾ ਹੈ।

ਉਸਦਾ ਈਮਾਨ ਪਹਿਲਾਂ ਗਹਿਣੇ ਰੱਖਦਾ ਹੈ,
ਜਿਸਨੂੰ ਵੀ ਇਹ ਸ਼ਹਿਰ ਸਨਮਾਨ ਦਿੰਦਾ ਹੈ।

2.

ਦੇਖੋ ਮੈਨੂੰ ਕੀ ਕਹੇ ਮਨ ਮੇਰਾ ਬੇਈਮਾਨ।
ਚੁੱਪ ਹੋ ਜਾ ਸ਼ਾਇਰਾ! ਜੇਕਰ ਬਚਾਉਣੀ ਜਾਨ।

ਦੁੱਚਿਤੀ ਵਿਚ ਪੈ ਗਿਆ ਕਿਸ ਦਿਸ਼ਾ ਨੂੰ ਜਾਵਾਂ,
ਪਾਉਣ ਗਿਆ ਸੀ ਗਿਆਨ ਮੈਨੂੰ ਲੱਭ ਪਈ ਕਿਰਪਾਨ।

ਉੱਡਦਾ ਪੰਛੀ ਦੇਖ ਕੇ ਦੌੜ ਪੈਂਦਾ ਹਾਂ ਮਗਰ,
ਇਹ ਮੈਨੂੰ ਵੀ ਮਿਲਿਆ ਸ਼ਰਾਪ ਹੈ ਜਾਂ ਵਰਦਾਨ।

ਉਹ ਦਫ਼ਤਰ ਜਾਂਦਿਆਂ ਕਾਹਲ 'ਚ ਕੀ ਕੀ ਭੁੱਲ ਗਿਆ,
ਆਪਣੇ ਨਾਂ ਦੀ ਫੱਟੀ ਵਾਲ਼ਾ ਲੱਭ ਰਿਹਾ ਮਕਾਨ।

ਖ਼ਬਰੇ ਕੀ ਹੋਵੇਗਾ ਉਸ ਬੰਦੇ ਦੇ ਮਨ ਅੰਦਰ,
ਖ਼ੁਦ ਨੂੰ ਸਿਆਣਾ ਸਮਝੇ ਪੌਣ ਨੂੰ ਕਹੇ ਨਾਦਾਨ।

ਕਿਸੇ ਨਾ ਸੁਣੀ ਨਗਰ ਵਿਚ ਜੰਗਲ ਦੀ ਦਲੀਲ,
ਮੈਂ ਬਿਲਕੁਲ ਨਿਰਦੋਸ਼ ਹਾਂ, ਦਿੰਦਾ ਰਿਹਾ ਬਿਆਨ।

ਪਿੰਡ ਦੇਧਨਾ, ਤਹਿ. ਸਮਾਣਾ, ਪਟਿਆਲਾ)

## .ਗ਼ਜ਼ਲ

- ਗੁਰਜੀਤ ਸਹੋਤਾ

ਦੁਪਹਿਰਾ ਢਲਣ 'ਤੇ ਆਇਆ ਸਲਾਹਾਂ ਕਰਦਿਆਂ ਨੂੰ।
ਖੜ੍ਹੇ ਉਹ ਦੇਖਦੇ ਕਦ ਤੋਂ ਕਿਨਾਰੇ ਖਰਦਿਆਂ ਨੂੰ।

ਅਜੇ ਅੱਖਾਂ ਦੇ ਜਾਲੇ ਦੂਰ ਨਾ ਹੋਏ 'ਇਨ੍ਹਾਂ' ਦੇ,
ਕਿਵੇਂ ਦੇਖਣ 'ਉਨ੍ਹਾਂ' ਦੇ ਓਹਲਿਆਂ ਨੂੰ, ਪਰਦਿਆਂ ਨੂੰ।

ਬੜੀ ਵਾਰੀ ਹੈ ਦੇਖੀ ਤੋਰ ਮੱਠੀ ਕਾਫ਼ਲੇ ਦੀ,
ਨਹੀਂ ਸੀ ਦੇਖਿਆ ਏਦਾਂ ਇਨ੍ਹਾਂ ਨੂੰ ਹਰਦਿਆਂ ਨੂੰ।

ਚਿਰਾਂ ਤੋਂ ਏਸ ਉਲਝਣ ਵਿਚ ਹਾਂ ਕਿ ਰਿਸ਼ਤਿਆਂ 'ਚੋਂ,
ਨਹੀਂ ਪਹਿਚਾਣ ਸਕਿਆ ਆਪਣਿਆਂ ਨੂੰ, ਘਰਦਿਆਂ ਨੂੰ।

ਨਹੀਂ ਸਰਕੀ ਰੱਤੀ-ਭਰ ਰਾਤ ਦੀ ਕੰਨੀ ਕਿਤੋਂ ਵੀ,
ਬੜਾ ਚਿਰ ਹੋ ਗਿਆ ਦੀਵੇ ਬਨੇਰੀਂ ਧਰਦਿਆਂ ਨੂੰ।

ਇਨ੍ਹਾਂ ਦੇ ਸੀਨਿਆਂ ਅੰਦਰ ਮਚਾਓ ਲਾਟ ਐਸੀ,
ਮਿਲੇ ਗਰਮੀ ਇਨ੍ਹਾਂ ਨੂੰ ਵੀ ਦੁਪਹਿਰੇ ਠਰਦਿਆਂ ਨੂੰ। •

(ਮੇਨ ਸਟਰੀਟ, ਗੁਲਾਬੀ ਬਾਗ, ਜਗਰਾਉਂ, ਜ਼ਿਲਾ ਲੁਧਿਆਣਾ)

## ਸੋਗ ਸਮਾਚਾਰ

ਅਦਾਰਾ ਚਿਰਾ.ਗ ਪੰਜਾਬੀ ਦੇ ਸ੍ਰੇਸ਼ਟ ਚਿੰਤਕ, ਅਣਥੱਕ ਖੋਜੀ ਤੇ ਸੁਪ੍ਰਸਿੱਧ ਵਿਦਵਾਨ ਪ੍ਰਿੰ. ਪ੍ਰੀਤਮ ਸਿੰਘ ਦੀ ਮੌਤ ਉੱਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਾ, ਪਰਿਵਾਰ ਤੇ ਪੰਜਾਬੀ ਸਾਹਿਤ ਸੰਸਾਰ ਦੇ ਦੁੱਖ ਵਿਚ ਸ਼ਰੀਕ ਹੁੰਦਾ ਹੈ।

ਡਾ. ਕੁਲਬੀਰ ਸਿੰਘ ਕਾਂਗ ਪੰਜਾਬੀ ਦੇ ਚਰਚਿਤ ਆਲੋਚਕ ਦੀ ਮੌਤ ਵੀ ਪੰਜਾਬੀ ਸਾਹਿਤ ਲਈ ਵੱਡਾ ਘਾਟਾ ਹੈ। ਚਿਰਾ.ਗ ਦੁਖੀ ਪਰਿਵਾਰ ਦੇ ਦਰਦ ਵਿਚ ਸ਼ਾਮਿਲ ਹੈ।

– ਸੰਪਾਦਕੀ ਮੰਡਲ





# ਉਦਾਸ ਹੋਈ ਕਵਿਤਾ

– ਸੂਫ਼ੀ ਅਮਰਜੀਤ

ਕਵੀ ਹਰਭਜਨ ਸਿੰਘ ਹੁੰਦਲ ਪੰਜਾਬੀ ਸਾਹਿਤ ਵਿਚ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ ਹੈ। ਉਹ ਲੰਘੇ ਸਾਲਾਂ ਵਿਚ ਢੇਰ ਸਾਰੀ ਵਾਰਤਿਕ ਲਿਖਣ ਦੇ ਬਾਵਜੂਦ ਵੀ ਕਵੀ ਦੇ ਤੌਰ ਤੇ ਹੀ ਮੰਨਿਆ ਜਾਂਦਾ ਹੈ। ਉਹ ਆਪਣੀ ਕਵਿਤਾ ਵੀ ਉਮਰ ਵਿਚ ਚਾਲੀਆਂ ਤੋਂ ਉਪਰ ਵਰ੍ਹੇ ਲੰਘਣ ਦੇ ਸਫ਼ਰ ਵਿਚ ਇਕ ਪ੍ਰਗਤੀਵਾਦੀ ਪ੍ਰਤੀਬੱਧ ਕਵੀ ਦੇ ਰੂਪ ਵਿਚ ਸਥਾਪਿਤ ਹੈ। ਉਸਦਾ ਜ਼ਿਕਰ ਪੰਜਾਬੀ ਦੇ ਸਾਹਿਤਕ-ਵਿਚਾਰਧਾਰਕ ਖੇਤਰ ਵਿਚ ਉੱਭਰ ਕੇ ਸਾਹਮਣੇ ਆਉਂਦਾ ਹੈ। ਉਸਦੇ ਨਾਂ ਤੇ ਜ਼ਿਕਰ ਤੋਂ ਬਿਨਾਂ ਪ੍ਰਗਤੀਵਾਦੀ ਪੰਜਾਬੀ ਕਵਿਤਾ ਦਾ ਇਤਿਹਾਸ ਅਧੂਰਾ ਜਾਪਦਾ ਹੈ।

ਕਈ ਸਮਕਾਲੀ ਆਲੋਚਕ ਅਤੇ ਕਵੀ ਜਾਂ ਤਾਂ ਉਸਨੂੰ ਜਾਣਬੁੱਝ ਕੇ ਅਣਡਿੱਠ ਕਰਨ ਦੀ ਕੋਸ਼ਿਸ਼ ਕਰਦੇ ਰਹੇ ਹਨ ਜਾਂ ਉਸਦਾ ਜ਼ਿਕਰ 'ਸੌਕਣਾਂ' ਵਾਂਗ ਕਰਕੇ ਆਪਣੀ ਉਸ ਪ੍ਰਤੀ ਨਫ਼ਰਤ ਨੂੰ ਸੰਤੁਸ਼ਟ ਕਰਨ ਦਾ ਅਸਫਲ ਯਤਨ ਕਰਦੇ ਹਨ। ਉਸ ਨਾਲ ਕੀਤੇ ਜਾ ਰਹੇ ਅਜਿਹੇ ਸਾਹਿਤਕ ਵਰਤਾਓ ਨੂੰ ਦੇਖਕੇ ਮਰਹੂਮ ਕਵੀ ਬਾਵਾ ਬਲਵੰਤ ਨਾਲ ਕੀਤੇ ਵਰਤਾਓ ਬਾਰੇ ਲਿਖੀਆਂ ਸਤਰਾਂ "ਸਮਾਂ ਸੂਝ ਦੀਆਂ ਛੁਰੀਆਂ ਉਲਾਰਦਾ ਰਿਹਾ" ਯਾਦ ਆਉਂਦੀਆਂ ਹਨ। ਪ੍ਰੰਤੂ ਹਰਭਜਨ ਸਿੰਘ ਹੁੰਦਲ ਅਡੋਲ ਆਪਣੀ ਪ੍ਰਤੀਬੱਧਤਾ ਪਾਲਦਾ ਹੋਇਆ ਪ੍ਰਗਤੀਵਾਦੀ ਰਾਹ ਉੱਪਰ ਨਿਰੰਤਰ ਤੁਰਨਾ ਜਾਰੀ ਰੱਖ ਰਿਹਾ ਹੈ।

ਕਵੀ ਹੁੰਦਲ ਨੇ ਪੰਜਾਬੀ ਸਾਹਿਤ ਸਿਰਜਣ ਦੇ ਖੇਤਰ ਵਿਚ ਕਾਵਿ-ਸਫ਼ਰ 1965 ਵਿਚ ਆਰੰਭਿਆ। ਇਸ ਲੰਬੇ ਅਰਸੇ ਦੌਰਾਨ ਉਸ ਨੂੰ ਅਨੇਕਾਂ ਅਸੁਖਾਵੀਆਂ ਪ੍ਰਸਥਿਤੀਆਂ ਵਿਚੋਂ ਗੁਜ਼ਰਨਾ ਪਿਆ ਹੈ। ਜਿਹੜੀਆਂ ਉਸ ਦੀ ਕਵਿਤਾ ਦੀ ਸਿਰਜਣ ਪ੍ਰਕਿਰਿਆ ਦਾ ਸੋਮਾ ਬਣੀਆਂ। ਉਹ ਉਹਨਾਂ ਅਖੌਤੀ ਜੁਝਾਰੂ ਕਵੀਆਂ ਵਰਗਾ ਕਵੀ ਨਹੀਂ ਹੈ ਜਿਹੜੇ ਬਚਗਾਨਾ ਭਾਵਕਿਤਾ ਦੇ ਪ੍ਰਭਾਵ ਹੇਠ ਬਿਨਾਂ ਸੋਚੇ ਕਿਸੇ ਸਮੇਂ 'ਬੰਦੂਕ ਦੀ ਨਾਲੀ ਵਿਚੋਂ ਇਨਕਲਾਬ ਦਾ ਜਿੰਨ ਕੱਢਣ ਤੁਰੇ ਸਨ। ਜਿੰਨ ਜਿਹੜਾ ਉਹਨਾਂ ਨੂੰ ਸੋਮ-ਰਸ ਦੀਆਂ ਝੀਲਾਂ ਉੱਤੇ ਤਾਰੀਆਂ ਲਾਉਣ ਲੈ ਗਿਆ, ਜਿਥੇ ਉਹਨਾਂ ਆਪਣੇ ਇਨਕਲਾਬ ਦੇ ਜਿੰਨ ਨਾਲ ਮੌਜ ਮਸਤੀ ਦੀ ਜੀਵਨ ਜਾਂਚ ਸਿੱਖ ਕੇ ਸਿਰਾਂ ਨਾਲ ਨਿਭਾਈ। ਇਸ ਤਰ੍ਹਾਂ ਉਹ ਜੁਝਾਰੂ ਕਵੀ ਇਕ ਪਾਸੇ ਨਿਜੀ ਜੀਵਨ ਅਤੇ ਦੂਜੇ ਪਾਸੇ ਜੁਝਾਰੂ ਕਵਿਤਾ ਦਾ ਜੀਵਨ ਜਿਉਂਦੇ ਰਹੇ ਅਤੇ ਕੁਝ ਜਾਪਦਾ ਹੈ ਇਸਨੂੰ ਆਖ਼ਰੀ ਸੁਆਸਾਂ ਤੱਕ ਨਿਭਾਉਣ ਵਿਚ ਸਫਲ ਹੋਣਗੇ।

ਏਥੇ ਅਸੀਂ ਹਰਭਜਨ ਸਿੰਘ ਹੁੰਦਲ ਦੀ ਅੱਤਵਾਦ ਦੇ ਸਮੇਂ ਲਿਖੀ ਕਵਿਤਾ ਦੇ ਤਿੰਨ ਸੰਗ੍ਰਹਿਆਂ ਵਿਚੋਂ 'ਉਦਾਸ ਹੋਈ ਕਵਿਤਾ' ਦੇ ਸੰਗ੍ਰਹਿ ਬਾਰੇ ਵਿਚਾਰ ਕਰਨੀ ਚਾਹੁੰਦੇ ਹਾਂ। ਪੰਜਾਬ ਵਿਚ ਅੱਤਵਾਦ ਦੇ ਨਾਂ ਨਾਲ ਜਾਣੇ-ਜਾਂਦੇ ਦਹਾਕੇ ਦੀ ਕਰੂਰਤਾ ਨੇ ਉਸ ਦੀਆਂ ਕੋਮਲ ਕਾਵਿ-ਸੰਵੇਦਨਾਵਾਂ ਨੂੰ ਬੁਰੀ ਤਰ੍ਹਾਂ ਧੁਰ ਅੰਦਰ.ਤੱਕ ਵਲੂੰਧਰ ਸੁੱਟਿਆ ਸੀ। ਪ੍ਰੰਤੂ ਉਸਦੀ ਲੋਕਾਂ ਅਤੇ ਪ੍ਰਗਤੀਵਾਦੀ ਪੰਜਾਬੀ ਸਾਹਿਤ ਨਾਲ ਪ੍ਰਤੀਬੱਧਤਾ ਅਤੇ ਵਿਚਾਰਧਾਰਕ ਸਪੱਸ਼ਟਤਾ ਦੀ ਕਾਵਿ ਸੁਹਜਤਾ ਨੇ ਅਜਿਹੇ ਅਣਮਨੁੱਖੀ ਕਰੂਰਤਾ ਦੇ ਮਾਹੌਲ ਵਿਚ ਵੀ ਮਾਨਵੀ ਕਦਰਾਂ ਕੀਮਤਾਂ ਦਾ ਝੰਡਾ ਬੁਲੰਦ ਰੱਖਦਿਆਂ, ਕਿਸੇ ਵੀ ਖ਼ਤਰੇ ਤੋਂ ਨਾ ਤਾਂ ਭੱਜਦਾ ਹੋਣ ਦਿੱਤਾ ਨਾ ਹੀ ਡੋਲਣ ਦਿੱਤਾ। 'ਉਦਾਸ ਹੋਈ ਕਵਿਤਾ' ਦਾ ਸੰਗ੍ਰਹਿ ਉਸਦੀ ਵਿਸ਼ੇਸ਼ ਪ੍ਰਾਪਤੀ ਹੈ ਜਿਸਨੂੰ ਪਤਾ ਨਹੀਂ ਕਿਉਂ ਪੰਜਾਬੀ ਆਲੋਚਕਾਂ ਨੇ ਧਿਆਨ-ਗੋਚਰ ਨਹੀਂ ਲਿਆਂਦਾ।

ਇਹ ਕਾਵਿ-ਸੰਗ੍ਰਹਿ ਇਸਦੀ ਉੱਚੀ ਕਾਵਿ-ਸੁਹਜਤਾ ਅਤੇ ਕੋਮਲਤਾ ਕਾਰਨ ਸਮੁੱਚੀ ਪੰਜਾਬੀ ਕਾਵਿ ਸਿਰਜਣਾ ਵਿਚ ਆਪਣੇ ਅਨੇਕਾਂ ਗੁਣਾਂ ਕਾਰਨ ਵਿਲੱਖਣ ਹੈ।

ਇਸਦੇ ਗੰਭੀਰ ਅਧਿਐਨ ਦੀ ਲੋੜ ਕੇਵਲ ਇਸ ਲਈ ਹੀ ਨਹੀਂ ਹੈ ਕਿ ਇਹ ਪੰਜਾਬੀ ਭਾਸ਼ਾ ਦੇ ਸਾਹਿਤ ਵਿਚ ਵਾਧਾ ਕਰਦਾ ਹੈ ਸਗੋਂ ਇਹ ਖ਼ਾਸ ਕਰਕੇ ਇਸ ਲਈ ਹੈ ਕਿ ਇਸ 'ਉਦਾਸ ਹੋਈ ਕਵਿਤਾ' ਦੀ ਕਾਵਿਕ ਖ਼ੂਬਸੂਰਤੀ, ਬਿੰਬ ਵਿਧਾਨ, ਭਾਵਕਤਾ, ਮਨੁੱਖੀਮਨ ਦੀ ਵਿਚਿੱਤਰ ਸਥਿਤੀ ਦੀ ਤਰਲਤਾ ਵਿਚ ਤਰਦੀਆਂ ਵਿਕਰਾਲ ਪ੍ਰਸਥਿਤੀਆਂ ਦਾ ਮਾਰੂ ਵਾਰ, ਭੈ, ਚਿੰਤਾ, ਬੇਰੋਜ਼ਗਾਰੀ, ਕਾਵਿਕ ਵਿਅੰਗ, ਸੱਭਿਆਚਾਰਕ ਪ੍ਰਵਾਰਿਕ ਅਤੇ ਸਮਾਜਿਕ ਰਿਸ਼ਤਿਆਂ ਦੇ ਜ਼ਖ਼ਮੀ ਹੌਕੇ ਤੜਪਦੇ ਦਿਲ, ਹਾਉਕੇ, ਹਾਵੇ, ਮਾਵਾਂ ਦੀਆਂ ਆਂਦਰਾਂ ਦਾ ਵਿਰਲਾਪ, ਭੈਣਾਂ ਅਤੇ ਮੁਟਿਆਰਾਂ ਦੇ ਸੁਹਾਗ ਦੇ ਸੰਧੂਰ ਦਾ ਸ਼ਮਸ਼ਾਨ ਦੀ ਰਾਖ ਬਣ ਜਾਣ ਆਦਿ ਦੇ ਦ੍ਰਿਸ਼ ਚਿਤਰਦਾ ਹੋਇਆ ਵੀ, ਉੱਚੇ ਦਰਜੇ ਦੀ ਕੋਮਲਤਾ ਅਤੇ ਕਾਵਿ ਖ਼ੂਬਸੂਰਤੀ ਨਾਲ ਬਿਆਨ ਕਰਨ ਦੇ ਬਾਵਜੂਦ ਵੀ, ਇਸ ਨਿਰਦਈ ਸਥਿਤੀ ਦਾ ਜੜ੍ਹ ਅਤੇ ਉਜੱਡ ਚਿਹਰਾ, ਫਿਰ ਵੀ ਆਪਣੀ ਮਨਹੂਸਤਾ ਨੂੰ ਛੁਪਾ ਸਕਣ ਵਿਚ ਅਸਮਰੱਥ ਰਹਿੰਦਾ ਹੈ।

'ਉਦਾਸ ਹੋਈ ਕਵਿਤਾ' ਉਸ ਤਾਂਡਵ ਦੇ ਯਥਾਰਥ ਨੂੰ ਰੂਪਮਾਨ ਕਰਦੀ ਹੈ ਜਿਹੜਾ ਪੰਜਾਬ ਦੇ ਇਤਿਹਾਸ ਵਿਚ ਲੰਬੇ ਸਮੇਂ ਤੱਕ ਨਜ਼ਰ ਆਉਂਦਾ ਰਹਿਣਾ ਹੈ। ਇਸ ਦੌਰ ਦੇ ਨਾਇਕ-ਲੋਕ, ਮਹਾਨ ਸਨ। ਇਸ ਦੇ ਖਲਨਾਇਕ ਧਾਰਮਿਕਤਾ ਦੀ ਪਰਦੇ ਹੇਠ ਲੁਕਣ ਦਾ ਭਾਵੇਂ ਸੌ ਯਤਨ ਕਰਨ, ਲੁਕ ਨਹੀਂ ਸਕਦੇ। ਇਸ ਸਥਿਤੀ ਦੇ ਪੈਦਾ ਹੋਣ ਦਾ ਦੋਸ਼ ਹਕੂਮਤ ਨੂੰ ਦੇਈਏ ਜਾਂ ਆਰਥਿਕ ਵਿਕਾਸ ਦੇ ਪਛੜੇਪਨ ਨੂੰ, ਇਸ ਦੌਰ ਦੇ ਚਾਲਕਾਂ ਦੇ ਮਨਹੂਸ ਚਿਹਰੇ ਪਛਾਣਨੇ ਔਖੇ ਨਹੀਂ ਸਨ। ਉਹਨਾਂ ਮਨੁੱਖੀ ਕਦਰਾਂ ਕੀਮਤਾਂ ਦਾ ਜੋ ਖਿਲਵਾੜ ਕੀਤਾ, ਉਸ ਨਾਲ ਉਹਨਾਂ ਦਾ ਔਰੰਗਜ਼ੇਬੀ ਮਾਨਸਿਕ ਦੁਰਵਿਵਹਾਰ ਹੀ ਸਾਹਮਣੇ ਆਇਆ ਹੈ। ਇਸ ਸਾਰੇ ਦੌਰ ਨੂੰ, ਕਵੀ ਹੁੰਦਲ ਨੇ ਜਿਸ ਕਾਵਿਕ ਵਰਨਣ ਦੁਆਰਾ ਵਿਅਕਤ ਕੀਤਾ ਹੈ ਉਸਦੀ ਕਲਾਤਮਿਕਤਾ ਦੀ ਸੁੰਦਰਤਾ, ਹਰ ਸਤਰ ਵਿਚ ਮੁਰਝਾਈਆਂ ਕਲੀਆਂ ਵਾਂਗ ਨਜ਼ਰ ਆਉਂਦੀ ਹੋਈ ਵੀ ਆਪਣੀ ਸੁਗੰਧੀ ਨਾਲ ਪਾਠਕ ਦੇ ਮਨ ਨੂੰ ਮੁਅੱਤਰ ਕਰਨ ਵਾਲੀ ਹੈ। ਇਸ ਸੰਗ੍ਰਹਿ ਦੀ ਇਕ ਹੋਰ ਵਿਸ਼ੇਸ਼ ਪ੍ਰਾਪਤੀ ਇਹ ਹੈ ਕਿ ਇਸ ਸਾਰੀ ਕਵਿਤਾ ਦੀ ਜੀਵਨ ਲਈ ਉਪਯੋਗਤਾ, ਥਾਂ-ਥਾਂ ਆਪਣੇ ਆਪ ਹੀ ਸਾਹਮਣੇ ਆਉਂਦੀ ਹੈ।

ਇਸ ਕਾਵਿ ਸੰਗ੍ਰਹਿ ਦਾ ਨਾਮਕਰਣ ਕਰਨ ਵਾਲੀ ਕਵਿਤਾ 'ਉਦਾਸ ਹੋਈ ਕਵਿਤਾ' ਜੀਵਨ ਵਿਚਲੀ ਸਹਿਜਤਾ ਦੀ ਤ੍ਰੈਕਾਲਤਾ ਨੂੰ ਤਿੰਨ ਕੋਨਾਂ ਤੋਂ ਸਾਕਾਰ ਕਰਦੀ ਹੈ। (ੳ) ਇਹ ਉਸ ਭੂਤਕਾਲ ਨੂੰ ਸਾਹਮਣੇ ਲਿਆਉਂਦੀ ਹੈ, ਜਿਹੜਾ ਅਨੇਕਾਂ ਕਠਿਨਾਈਆਂ ਦੇ ਬਾਵਜੂਦ ਅੱਤਵਾਦੀ ਹਿੰਸਾ ਅਤੇ ਬੇਵਿਸ਼ਵਾਸੀ ਤੋਂ ਰਹਿਤ ਸੀ। (ਅ) ਇਸਦਾ ਵਰਤਮਾਨ ਮੌਤਾਂ, ਜ਼ਹਿਰਾਂ, ਨਫ਼ਰਤਾਂ ਅਤੇ ਪ੍ਰੇਮ ਵਿਹੂਣੇ ਜੀਵਨ ਦੇਣ ਤੋਂ ਬਿਨਾਂ ਕੁਝ ਹੋਰ ਦੇ ਸਕਣ ਦੇ ਅਸਮਰਥ ਸੀ। (ੲ) ਕਵੀ ਆਸਾਂ ਪੂਰਨ ਵਾਲੀ ਭਾਗਾਂ ਭਰੀ ਘੜੀ ਦੇ ਭਵਿੱਖ ਦੇ ਬਹੁੜਨ ਦੀ ਬੇਤਾਬੀ ਨਾਲ ਇੰਤਜ਼ਾਰ ਕਰ ਰਿਹਾ ਹੈ। ਬੀਤ ਗਏ ਸਮੇਂ ਨੂੰ ਹੁੰਦਲ ਕਵੀ ਬਚਪਨ ਵਿਚ ਪ੍ਰਾਪਤ ਮਾਂ ਦੀ ਸੁਖਦਾਈ ਅਸੀਸ ਨਾਲ ਤੁਲਨਾ ਦਿੰਦਾ ਹੈ, ਕਵੀ ਨਾਨੀ ਦੀ ਪਰੀ-ਕਹਾਣੀ ਦੇ ਰਸ ਨੂੰ ਮਾਣਦਾ ਹੋਇਆ ਝੂਰਦਾ ਹੈ, ਉਹ ਉਹਨਾਂ ਭਲੇ ਸਮਿਆਂ ਦੀ ਕਵਿਤਾ ਦੇ ਸੂਰਜੀ-ਚਾਨਣ ਨੂੰ ਤਰਸ ਰਿਹਾ ਹੈ, ਜਿਸਨੇ 1947 ਦੀ ਵੰਡ ਦੇ ਸਮਿਆਂ ਵਿਚ ਅਤੇ ਅਨੇਕਾਂ ਆਫ਼ਤਾਂ ਦੇ ਕਾਲੇ ਹਨੇਰਿਆਂ ਵਿਚ ਰਾਹ ਦਿਖਾਇਆ ਸੀ। ਉਸ ਨੂੰ ਸਰਹੱਦ ਉੱਤੇ ਉਸਰੀਆਂ ਉੱਠੀਆਂ ਲੋਹ-ਕੰਡਿਆਲੀਆਂ ਵਾੜਾਂ ਉਪਰੋਂ, ਪੌਣ ਦੇ ਸੁਬਕ ਰੁਮਕਦੇ ਬੁੱਲਿਆਂ ਦੇ ਪਰਾਂ ਉੱਪਰ ਅਸਵਾਰ ਹੋ ਕੇ



ਆਉਣ ਵਾਲੀ ਕਵਿਤਾ, ਮਿੱਤਰਾਂ ਦੇ ਵਿਸਮਾਦੀ ਸੁਨੇਹਿਆਂ ਨੂੰ ਲਿਆਉਂਦੀ ਪ੍ਰਤੀਤ ਹੁੰਦੀ ਹੈ। ਕਵੀ ਦੇ ਉਦਾਸੀ ਨਾਲ ਭਰੇ ਪਲਾਂ ਸਮੇਂ ਜਿਹੜੀ ਕਵਿਤਾ ਕਦੇ ਉਸਦੇ ਮੋਢਿਆਂ ਉੱਤੇ ਤਪਾਕ ਨਾਲ ਹੱਥ ਫੇਰਦੀ ਮਹਿਸੂਸ ਹੁੰਦੀ ਸੀ, ਉਸ ਦਾ ਧਰਵਾਸ ਹੁਣ ਗੁਆਚਿਆ-ਗੁੰਮਿਆਂ ਹੋਇਆ ਲੱਗਦਾ ਹੈ। ਉਹ ਅਜਿਹੀ ਕਵਿਤਾ ਸੀ ਜਿਹੜੀ ਡੋਲਦੇ ਮਨ ਨੂੰ ਸੰਤਾਵਨਾ ਦਿੰਦੀ ਸੀ। ਜ਼ਿੰਦਗੀ ਦੇ ਦੁੱਖਾਂ-ਸੁੱਖਾਂ ਵਿਚ ਸਹਾਈ ਹੋਣ ਵਾਲੀ ਕਵਿਤਾ ਹੁਣ ਉਦਾਸ ਸੀ। ਉਹ ਹੁਣ ਉਸ ਕੋਲ ਨਾ ਰੋਸ਼ਨੀ ਦੀ ਝੀਲ ਤਰ ਕੇ ਆਉਂਦੀ ਹੈ, ਨਾ ਹਜ਼ਰਤ ਨੂੰਹ ਦੀ ਕਿਸ਼ਤੀ ਵਰਗੀ ਮਛੇਰੇ-ਕਾਮਿਆਂ ਦੀ ਰੁਜ਼ਗਾਰ ਦਾ ਵਸੀਲਾ ਘੜਨ ਵਾਲੀ ਕਿਸ਼ਤੀ ਵਜੋਂ ਹੀ, ਅਸਗਾਹ ਸਾਗਰਾਂ ਦੇ ਤਲਾਂ ਉੱਪਰ ਤਰਦੀ ਦੇਖਦਾ ਹੈ। "ਤਪਦੇ ਹਿਰਦਿਆਂ ਲਈ ਸ਼ਹਿਦ ਭਰੇ ਬੋਲਾਂ ਦੀ ਕਿਣਮਿਣ" ਲਿਆਉਣ ਵਾਲੀ ਕਵਿਤਾ ਦੇ ਕਟੋਰਿਆਂ ਨੂੰ ਪਿਆਸੇ ਬੁੱਲਾਂ ਨਾਲ ਲਾਉਣ ਲਈ ਉਹ ਬਹਿਬਲ ਹੈ।

ਭਲਾ ਕੋਈ ਨਿਰਦਈ 'ਕੱਲਗੀ ਸੱਪਾਂ ਦੇ ਡੰਗੇ' ਦਿਨਾਂ ਵਿਚ, ਜੇ ਭੈ-ਭੀਤ ਨਾ ਹੋਵੇ, ਤਾਂ ਕਿਵੇ ਨਾ ਹੋਵੇ? ਆਖ਼ਰ ਕਵੀ ਦਾ ਮਨ ਤਾਂ ਹਮਦਰਦੀਆਂ ਦਾ ਸੋਮਾ ਹੁੰਦਾ ਹੈ। ਫਿਰ ਵੀ ਉਹ ਹੁਣ ਨਿਰਦੋਸ਼ਿਆਂ ਦੀ ਮੌਤ ਉਪਰ, ਜੀਵਨ ਨੂੰ ਧੜਕਣ ਲਾ ਦੇਣ ਵਾਲੀ ਕਵਿਤਾ ਦੀ ਸਿਰਜਣਾ ਕਰਨ ਲਈ ਮਜ਼ਬੂਰ ਹੈ। ਕਵਿਤਾ ਜਿਹੜੀ ਉਸ ਮੌਤ ਦੇ ਦੌਰ ਵਿਚ ਹੁਣ ਤਾਂ ਕੇਵਲ ਮਰਸੀਹੇ ਹੀ ਲਿਖ ਸਕਦੀ ਸੀ, ਜਿਸ ਦੀ ਕਵੀ ਹੁੰਦਲ ਕਦੇ ਕਲਪਣਾ ਵੀ ਨਹੀਂ ਕਰਨੀ ਚਾਹੁੰਦਾ ਸੀ। ਕਵੀ ਨੂੰ ਉਸ ਕੁਲਹਿਣੇ ਸਮੇਂ ਵਿਚ ਮਰਸੀਹੇ ਗਾਉਂਦੀ ਕਵਿਤਾ ਦੇ, ਜਨਮ-ਸੋਮੇ ਲਈ ਜ਼ਿੰਮੇਵਾਰ ਹਕੂਮਤੀ ਕਪਟ, ਫਿਰਕੂ ਜਨੂੰਨ ਅਤੇ ਮਾਨਵ ਦੁਸ਼ਮਣ ਸਾਮਰਾਜ ਦੇ ਹੱਥ ਨਜ਼ਰ ਆਉਂਦੇ ਹਨ। ਇਸ ਦੌਰ ਵਿਚ ਪਰਗਣ ਹੋਈ ਕਵਿਤਾ "ਮਾਸੂਮਾਂ ਦੇ ਡੁਲ੍ਹਦੇ ਖ਼ੂਨ ਸਾਹਮਣੇ" ਸਰਹੰਦ ਦੀਆਂ ਦੀਵਾਰਾਂ ਵਿਚੋਂ ਸਿੰਮਦੇ ਖ਼ੂਨ ਵਰਗੀ ਨਜ਼ਰ ਆਉਂਦੀ ਹੈ। ਮਾਸੂਮਾਂ ਦਾ ਖ਼ੂਨ ਜਦੋਂ ਵੀ, ਜਿੱਥੇ ਵੀ ਡੁਲ੍ਹਦਾ ਹੈ, ਉਸ ਨੂੰ ਦੇਖ ਸਕਣਾ ਜਾਂ ਉਹਨਾਂ ਦੀਆਂ ਭਿਆਨਕ ਚੀਕਾਂ ਨੂੰ ਸੁਣਨ ਦੀ ਸ਼ਕਤੀ ਜੇ ਕਵਿਤਾ ਦੀ ਕੋਮਲਤਾ ਦੇ ਹਿੱਸੇ ਆਵੇ ਤਾਂ ਉਹ ਸਾਹਿਤ ਦੇ ਅਤੇ ਮਨੁੱਖੀ ਇਤਿਹਾਸ ਵਿਚ ਵਾਪਰੀ ਇਕ ਮਹਾਂ-ਤਰਾਸਦੀ ਤੋਂ ਘੱਟ ਨਹੀਂ ਹੁੰਦੀ। ਤਰਾਸਦੀ ਦੇ ਪ੍ਰਭਾਵ ਹੇਠ ਕੋਈ ਕਿਵੇਂ ਸੰਤੁਲਤ ਰਹਿ ਸਕਦਾ ਹੈ। ਕਵੀ ਅਤੇ ਕਵਿਤਾ, ਅਜੋਕੇ ਮਾਹੌਲ ਵਿਚ ਉਦਾਸ ਹੀ ਹੋ ਸਕਦੇ ਹਨ। ਅਜਿਹੇ ਮਾਹੌਲ ਵਿਚ ਕਵੀ ਦੀ ਉਦਾਸੀ ਬੇ-ਇਨਸਾਫ਼ੀ ਅਤੇ ਅੱਤਿਆਚਾਰ ਵਿਰੁੱਧ ਖ਼ਾਮੋਸ਼, ਸਦਾਚਾਰਕ ਅਤੇ ਭਾਵਿਕ ਪੱਧਰ ਉੱਪਰ ਦ੍ਰਿੜ ਸੰਘਰਸ਼ ਹੀ ਹੁੰਦਾ ਹੈ।

ਕਵੀ ਵੈਣਾਂ ਅਤੇ ਅਲਾਹੁਣੀਆਂ ਵਰਗੀ ਕਵਿਤਾ ਤੋਂ ਛੁਟਕਾਰਾ ਪਾਉਣ ਲਈ ਬੇਚੈਨ ਹੈ। ਉਹ ਬਾਰਾਂ ਵਰ੍ਹਿਆਂ ਤੋਂ ਅਜਿਹੀ ਕਵਿਤਾ ਲਿਖਦਾ-ਲਿਖਦਾ ਹੁਣ ਅੱਕ ਗਿਆ ਹੈ। ਉਹ ਅਜਿਹੇ ਸਮੇਂ ਨਹੀਂ ਚਾਹੁੰਦਾ ਕਿ ਉਹ ਅਜਿਹੀ ਕਵਿਤਾ ਲਿਖੇ। ਉਹ ਤਾਂ ਇਸ ਤੋਂ ਉਪਜੀ ਕਵਿਤਾ ਲਿਖਣ ਦਾ ਵੀ ਖ਼ਾਹਿਸ਼ਮੰਦ ਨਹੀਂ ਹੈ. ਅਜਿਹੀ ਕਵਿਤਾ ਤਾਂ 'ਇੱਟ ਵਾਂਗ ਮੱਥੇ ਤੇ ਵੱਜਦੀ ਹੈ'।

ਹੁੰਦਲ ਉਸ ਸੁਲੱਖਣੇ ਸਮੇਂ ਨੂੰ ਉਡੀਕ ਰਿਹਾ ਜਦੋਂ ਵਧਾਈ ਅਤੇ ਖ਼ੁਸ਼ੀਆਂ ਭਰੇ ਖ਼ਤਾਂ ਵਾਂਗ ਕਵਿਤਾ ਆਇਆ ਕਰੇਗੀ। ਹੁਣ ਤਾਂ ਕਤਲੋਗਾਰਤ ਅਤੇ ਵੈਣਾਂ ਦਾ ਦੌਰ ਮਨਾਂ ਉਪਰ ਕਾਲਖ ਬਣਕੇ ਛਾਇਆ ਹੋਇਆ ਹੈ। ਉਹ ਨਿਰਭੈਤਾ ਪੈਦਾ ਕਰਨ ਵਾਲੀ ਕਵਿਤਾ ਦੀ ਤੀਬਰਤਾ ਨਾਲ ਉਡੀਕ ਕਰ ਰਿਹਾ ਹੈ। ਜਿਸ ਨੇ ਇਹਨਾਂ ਕਾਲਖਾਂ ਨੂੰ ਧੋ ਸੁੱਟਣਾ ਹੈ ਅਤੇ ਬਾਲੜੀਆਂ ਦੇ ਸੁਹਲ-ਮਲੂਕ ਹੱਥਾਂ ਉੱਪਰ ਰੱਤੜੀ ਮਹਿੰਦੀ ਨਾਲ ਵੇਲ-ਬੂਟੇ ਪਾਉਣੇ ਹਨ। ਉਸ ਦੌਰ ਵਿਚ ਤਾਂ ਬੂਹੇ-ਬਾਰੀਆਂ ਵੀ ਡਰੇ ਹੋਏ ਸਨ। ਬੂਹੇ ਬਾਰੀਆਂ ਆਪਣੇ ਆਪ ਵਿਚ ਭਾਵੇਂ ਬੇਜਾਨ ਹੁੰਦੇ ਹਨ ਪ੍ਰੰਤੂ ਉਹਨਾਂ ਨੇ, ਇਹਨਾਂ ਦੇ ਪਿੱਛੇ ਰਹਿੰਦੇ, ਘਰਾਂ ਦੇ ਜੀਆਂ ਨਾਲ ਅਜਿਹੀ ਇਕਸੁਰਤਾ ਬਣਾ ਲਈ ਸੀ ਕਿ ਉਹਨਾਂ ਉੱਪਰ ਦਿੱਤੀ ਦਸਤਕ,

ਅੰਦਰ ਵਸਦਿਆਂ ਦੇ ਮਨਾਂ ਦਾ ਡਰ ਅਤੇ ਡਰ ਵਿਚ ਵੀ ਕੰਬਦੀਆਂ ਤਰੰਗਾਂ ਦਾ ਸੰਚਾਰ ਕਰ ਦਿੰਦੀ ਹੈ। ਇਸ ਸੰਗੀਨੀ ਦੌਰ ਨੇ ਮੁਟਿਆਰਾਂ ਦੇ ਗੱਭਰੂ, ਭੈਣਾਂ ਦੇ ਭਰਾ, ਮਾਵਾਂ ਦੇ ਪੁੱਤਰ ਸਗੋਂ ਇਸ ਨੇ ਤਾਂ ਇਤਿਹਾਸ ਦਾ ਉਸਾਰੂ-ਭਵਿੱਖ ਦੇ ਸਮੇਤ ਸਾਰੇ ਹੀ ਹੜੱਪ ਕਰਦੇ ਹਨ। ਇਸ ਕਾਰਨ ਉਹਨਾਂ ਦੇ ਯਤੀਮ ਬੱਚਿਆਂ ਦੀਆਂ ਧਾਹਾਂ ਹਿਰਦਿਆਂ ਨੂੰ ਕੰਬਾ ਰਹੀਆਂ ਸਨ। ਯਤੀਮ ਹੋਏ ਬੱਚਿਆਂ ਨੂੰ, ਇਸ ਨਿਰੰਤਰ ਅੱਤਵਾਦੀ ਚੱਲਦੇ ਰਹੇ ਦੌਰ ਵਿਚ, ਮਾਵਾਂ ਨੂੰ ਨਾ ਹੀ ਵਿਹਲ ਹੈ, ਨਾ ਹੀ ਕੋਈ ਅਹਿਸਾਸ ਹੀ ਪੈਦਾ ਹੋ ਰਿਹਾ ਸੀ ਕਿਉਂਕਿ ਉਹਨਾਂ ਦੀ ਭੈ-ਭਿੱਜੀ ਸੰਵੇਦਨਾ ਤਾਂ ਮੂਰਛਤ ਹੋ ਗਈ ਸੀ। ਜੇ ਇਹ ਦੌਰ ਖ਼ਤਮ ਹੁੰਦਾ ਹੈ ਤਾਂ ਕਵੀ ਮਹਿੰਦੀ ਦੇ ਵੇਲ-ਬੂਟਿਆਂ ਵਰਗੀ, ਮੁਹੱਬਤ ਦੀ ਦਸਤਕ ਵਰਗੀ ਅਤੇ ਲੋਰੀ ਦੇ ਅਲਾਪ ਵਰਗੀ ਕਵਿਤਾ ਦੇ ਸੁਆਗਤ ਲਈ, ਉਤਾਵਲਾ ਕਿਉਂ ਨਾ ਹੋਵੇ।

ਕਵੀ ਨੂੰ ਇਸ ਭੈ ਦੇ ਦੌਰ ਵਿਚ ਆਪਣੇ ਜੀਵਨ ਦੇ ਸਿਰ ਉੱਪਰ ਮੰਡਰਾਉਂਦੀ ਮੌਤ ਦਾ ਸਹਿਮ ਵੀ ਮਹਿਸੂਸ ਹੁੰਦਾ ਹੈ, ਅਕਸਰ ਉਹ ਵੀ ਤਾਂ ਇਨਸਾਨ ਹੈ। ਉਹ ਆਪਣੀ ਮਨੋ-ਅਵਸਥਾ ਦੇ ਯਥਾਰਥ ਨੂੰ ਸਾਕਾਰ ਕਰਦਾ ਹੋਇਆ, ਭਵਿੱਖ ਵਿਚ ਸਿਰਜਤ ਹੋਣ ਵਾਲੀ ਦਲੇਰ ਕਵਿਤਾ ਦੀ ਰੂਪ-ਰੇਖਾ ਉਲੀਕਦਾ ਹੈ -

ਮੇਰੇ ਹੱਥਾਂ 'ਚੋਂ ਟੁੱਕ ਖੋਹਦੇ
ਹਤਿਆਰਿਆਂ ਤੇ ਹਾਕਮਾਂ ਦੀ
ਸਾਂਝ ਦੇ ਭੇਤ ਖੋਲ੍ਹੇਗੀ
ਇਹ ਕਿਸ ਦਿਨ ਫਿਰ
ਬੁਲਬੁਲਾਂ ਦੇ ਬੋਲ ਬੋਲੇਗੀ।

ਮਨੁੱਖੀ ਅਤੇ ਇਤਿਹਾਸਕ ਤਰਾਸਦੀਆਂ ਦੇ ਦੌਰ ਵਿਚ ਉਪਜੀ ਕਵਿਤਾ ਇਸ ਲਈ ਮਹਾਨ ਅਤੇ ਸ਼ਾਹਕਾਰ ਬਣ ਜਾਂਦੀ ਹੈ ਕਿਉਂਕਿ ਉਹ ਕਵਿਤਾ, ਸਮੇਂ ਦੇ ਯਥਾਰਥ, ਲੋਕਾਂ ਦੇ ਜੀਵਨ ਅਤੇ ਕਵੀ ਦੀ ਕੋਮਲ ਸੰਵੇਦਨਾ ਦੇ ਇਕ-ਰੂਪ ਹੋ ਜਾਣ ਦੇ ਛਿਣਾਂ ਦੀ ਉਪਜ ਹੁੰਦੀ ਹੈ। ਇਸ ਜ਼ਿੰਦਗੀ ਲਈ ਉਪਯੋਗੀ ਕਵਿਤਾ ਨੂੰ, ਲੋਕਾਂ ਤੱਕ ਲੈ ਕੇ ਜਾਣ ਦਾ ਧਰਮ, ਆਲੋਚਕਾਂ ਬੁੱਧੀਜੀਵੀਆਂ ਅਤੇ ਕਵਿਤਾ ਦੀ ਮਹੱਤਤਾ ਸਮਝਣ ਵਾਲੇ ਪਾਠਕਾਂ ਦਾ ਹੁੰਦਾ ਹੈ। ਇਹੋ ਹਨ ਜਿਹੜੇ ਮਨੁੱਖੀ ਸੱਭਿਆਚਾਰ ਦੇ ਗੁਣਾਂ ਨੂੰ ਮਜ਼ਬੂਤ ਕਰਕੇ ਅੱਗੇ ਤੋਰਨੇ ਹਨ। •

## ਵਿਦੇਸ਼ੀ ਚੰਦਿਆਂ ਦੇ ਰੇਟਾਂ ਵਿਚ ਵਾਧਾ

ਭਾਰਤ ਸਰਕਾਰ ਨੇ 1-9-08 ਤੋਂ ਬਾਹਰ ਭੇਜੀ ਜਾਂਦੀ ਡਾਕ ਉੱਤੇ ਡਾਕ-ਖਰਚ ਵਧਾ ਦਿੱਤਾ ਹੈ। ਨਾਲ ਹੀ ਪਾਕਿਸਤਾਨ ਨੂੰ ਜਾਂਦੀ ਡਾਕ ਉੱਤੇ ਦਿੱਤੀਆਂ ਜਾਂਦੀਆਂ ਰਿਆਇਤਾਂ ਬੰਦ ਕਰ ਦਿੱਤੀਆਂ ਹਨ। ਇਸ ਕਾਰਨ ਸਾਨੂੰ ਏਸੇ ਅੰਕ ਤੋਂ ਬਿਦੇਸ਼ੀ ਚੰਦੇ ਵਧਾਉਣੇ ਪਏ ਹਨ।

ਇਸੇ ਕਾਰਨ ਸਾਡੇ ਵਲੋਂ ਪਾਕਿਸਤਾਨ ਨੂੰ ਭੇਜੇ ਗਏ ਪਰਚੇ ਵਾਪਿਸ ਮੋੜ ਦਿੱਤੇ ਗਏ ਹਨ, ਪਰ ਹੋਰ ਦੇਸ਼ਾਂ ਨੂੰ ਭੇਜੇ ਗਏ ਪਰਚੇ ਨਾ ਹੀ ਗਾਹਕਾਂ ਨੂੰ ਪਹੁੰਚੇ ਹਨ ਤੇ ਨਾ ਹੀ ਸਾਨੂੰ ਵਾਪਸ ਮਿਲੇ ਹਨ। ਪਾਠਕ ਮੁਆਫ਼ ਕਰਨ। **- ਸੰਪਾਦਕੀ ਮੰਡਲ**





# ਦਸਤੋਵਸਕੀ ਦੀ ਜੇਲ੍ਹ-ਯਾਤਰਾ

**- ਇੰਦਰ ਸਿੰਘ ਖਾਮੋਸ਼**

ਤੋਬਲਸਕ ਜੇਲ੍ਹ ਦਾ ਦ੍ਰਿਸ਼ ਬਹੁਤ ਹੀ ਭਿਆਨਕ ਹੈ। ਦਸਤੋਵਸਕੀ ਨੂੰ ਪਤਾ ਲੱਗਦਾ ਹੈ ਕਿ ਇਹ ਜੇਲ੍ਹ ਇਖਲਾਕੀ ਮੁਜ਼ਰਮਾਂ ਵਾਸਤੇ ਹੈ। ਉਹ ਦੇਖਦਾ ਹੈ ਕਿ ਇਥੋਂ ਦੇ ਕੈਦੀ-ਸਾਹਘੁੱਟਵੇਂ ਸਲ੍ਹਾਬੇ ਭੋਰਿਆਂ ਵਿਚ ਕੰਧਾਂ ਵਿਚ ਲੱਗੇ ਸੰਗਲਾਂ ਨਾਲ ਬੰਨ੍ਹੇ ਹੋਏ ਹਨ। ਉਨ੍ਹਾਂ ਨੂੰ ਲੰਬੇ ਸਮੇਂ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ ਹਨ। ਹਰ ਕਿਸਮ ਦੇ ਅਣਮਨੁੱਖੀ, ਵਹਿਸ਼ੀਆਨਾਂ ਜੁਰਮ ਕਰਨ ਵਾਲੇ ਇਨ੍ਹਾਂ ਕੈਦੀਆਂ ਨੂੰ ਸਰੀਰਕ ਹਰਕਤਾਂ ਕਰਨ ਤੋਂ ਰੋਕਣ ਲਈ ਸਜ਼ਾ ਵਜੋਂ ਤਾਜ਼ੀ ਹਵਾ ਤੋਂ ਦੂਰ ਰੱਖਿਆ ਜਾਂਦਾ ਹੈ। ਉਹ ਬੜੇ ਗਹੁ ਨਾਲ ਹਰ ਕੈਦੀ ਦੇ ਚਿਹਰੇ ਵੱਲ ਦੇਖਦਾ ਹੈ। ਕਿਸੇ ਚਿਹਰੇ ਉਪਰ ਉਸਨੂੰ ਦਹਿਸ਼ਤ ਨਾਚ ਕਰਦੀ ਨਜ਼ਰ ਆਉਂਦੀ ਹੈ, ਕਿਸੇ ਚਿਹਰੇ ਉਪਰ ਇੰਤਕਾਮ ਦੀ ਅੱਗ ਦਿਸਦੀ ਹੈ। ਕਿਸੇ ਚਿਹਰੇ ਉੱਪਰ ਕਾਮਵਾਸ਼ਨਾ ਨਾਚ ਕਰ ਰਹੀ ਹੈ। ਕਿਸੇ ਚਿਹਰੇ ਉੱਪਰ ਨਫ਼ਰਤ ਸਾਕਾਰ ਹੋ ਰਹੀ ਹੈ ਅਤੇ ਕਿਸੇ ਚਿਹਰੇ ਵਿਚੋਂ ਖ਼ੂਨ ਦੀ ਅਮਿੱਟ ਪਿਆਸ ਝਲਕਦੀ ਹੈ। ਉਸਨੇ ਅਜਿਹੇ ਕਿਰਦਾਰ ਨਾਵਲਾਂ ਵਿਚ ਤਾਂ ਪੜ੍ਹੇ ਹਨ, ਪਰ ਜ਼ਿੰਦਗੀ ਵਿਚ ਵੀ ਉਸਨੂੰ ਕਦੇ ਅਜਿਹੇ ਇਨਸਾਨੀ ਗਿਰਾਵਟ ਅਤੇ ਆਤਮਕ ਪਤਨ ਵਾਲੇ ਬੰਦੇ ਮਿਲਣਗੇ, ਉਸਨੇ ਕਦੇ ਸੋਚਿਆ ਵੀ ਨਹੀਂ ਸੀ।

ਉਸਨੂੰ ਅਤੇ ਡੂਰੋਵ ਨੂੰ ਨਿੱਕੀ ਜਿਹੀ ਗੰਦੀ, ਠੰਡੀ ਹਨੇਰੀ ਕੋਠੜੀ ਵਿਚ ਰੱਖਿਆ ਜਾਂਦਾ ਹੈ। ਡੂਰੋਵ ਉੱਪਰ ਇਸ ਜੇਲ੍ਹ ਦੀ ਭਿਆਨਕਤਾ ਦਾ ਬਹੁਤ ਦੀ ਘਾਤਕ ਅਸਰ ਹੁੰਦਾ ਹੈ। ਉਹ ਘੋਰ ਨਿਰਾਸ਼ਾ ਵਿਚ ਡੁੱਬ ਜਾਂਦਾ ਹੈ। ਇਸ ਜੇਲ੍ਹ ਵਿਚੋਂ ਉਸਨੂੰ [illegible]ਗਾਲੀ ਜੇਲ੍ਹ ਦਾ ਭਿਆਨਕ ਰੂਪ ਨਜ਼ਰ ਆਉਂਦਾ ਹੈ। ਇਸ ਤਰ੍ਹਾਂ ਹਨੇਰੀ ਕੋਠੜੀ ਵਿਚ ਬੰਦ ਹੋ ਕੇ ਗਲਣ ਸੜਨ ਨਾਲੋਂ ਉਹ ਮਰਨਾ ਬਿਹਤਰ ਸਮਝਦਾ ਹੈ। ਉਹ ਇਨ੍ਹਾਂ ਭਿਆਨਕ ਮੁਸੀਬਤਾਂ ਤੋਂ ਬਚਣ ਲਈ ਆਤਮਹੱਤਿਆ ਕਰਨ ਦਾ ਫੈਸਲਾ ਕਰਦਾ ਹੈ। ਦਸਤੋਵਸਕੀ ਭਾਵੇਂ ਖ਼ੁਦ ਬੀਮਾਰ ਹੈ ਪਰ ਇਸ ਸਮੇਂ ਉਹ ਕਮਾਲ ਦਾ ਹੌਂਸਲਾ ਦਿਖਾਉਂਦਾ ਹੈ। ਉਹ ਸਿਰਫ਼ ਆਪਣੇ ਆਪ ਨੂੰ ਹੀ ਨਹੀਂ ਸੰਭਾਲਦਾ, ਆਪਣੇ ਸਾਥੀ ਨੂੰ ਵੀ ਸੰਭਾਲਦਾ ਹੈ। ਉਸਦਾ ਧਿਆਨ ਬਦਲਣ ਲਈ ਉਹ ਆਪਣੇ ਸਾਮਾਨ ਵਿਚ ਲੁਕਾਕੇ ਲਿਆਂਦਾ ਸਿਗਰਟਾਂ ਦਾ ਡਿੱਬਾ ਕੱਢਦਾ ਹੈ। ਇਕ ਸਿਗਰਟ ਸੁਲਘਾਕੇ ਡੂਰੋਵ ਨੂੰ ਫੜਾਉਂਦਾ ਹੈ। ਮਿਹਰਬਾਨ ਹਰਕਾਰਾ ਉਨ੍ਹਾਂ ਵਾਸਤੇ ਚਾਹ ਅਤੇ ਚਰਬੀ ਦੀਆਂ ਮੋਮਬੱਤੀਆਂ ਭੇਜ ਦਿੰਦਾ ਹੈ।

ਦਸਤੋਵਸਕੀ ਸਿਗਰਟ ਦੇ ਕਸ਼ ਲਗਾਉਂਦਾ ਸਾਰੀ ਰਾਤ ਬੈਠਾ ਡੂਰੋਵ ਨੂੰ ਬਾਈਬਲ ਦੀਆਂ ਕਹਾਣੀਆਂ ਸੁਣਾਉਂਦਾ ਰਹਿੰਦਾ ਹੈ। ਜੋਬ ਦੀ ਕਹਾਣੀ ਵਰਗੀਆਂ ਅਨੇਕ ਕਹਾਣੀਆਂ ਸੁਣਾਕੇ ਉਸਦੇ ਅੰਦਰ ਜਿਉਣ ਲਈ ਉਤਸ਼ਾਹ ਜਗਾਉਣ ਦੀ ਕੋਸ਼ਿਸ਼ ਕਰਦਾ ਹੈ। ਮਿੱਠੀਆਂ ਪਿਆਰੀਆਂ ਗੱਲਾਂ ਨਾਲ ਉਸਦਾ ਮਨ ਪ੍ਰਚਾਉਂਦਾ ਹੈ। ਕਦੇ ਔਰਤ ਵਾਂਗ ਨਖਰੇ ਕਰਦਾ ਹੈ।

ਔਰਤਾਂ ਵਾਂਗ ਬੋਲਕੇ ਉਸਨੂੰ ਹਸਾਉਂਦਾ ਹੈ। ਕਦੇ ਔਰਤ ਵਾਂਗ ਰੁੱਸ ਜਾਣ ਦਾ ਪੋਜ਼ ਬਣਾਕੇ ਉਸਦਾ ਮਨ ਖੁਸ਼ ਕਰਦਾ ਹੈ। ਉਹ ਨਿੱਘ ਭਰੇ ਪਿਆਰ ਅਤੇ ਹਮਦਰਦੀ ਦਾ ਅਜਿਹਾ ਵਾਤਾਵਰਨ ਪੈਦਾ ਕਰਦਾ ਹੈ ਕਿ ਡੂਰੋਵ ਆਤਮ ਹੱਤਿਆ ਕਰਨ ਦਾ ਖ਼ਿਆਲ ਦਿਮਾਗ ਵਿਚੋਂ ਕੱਢ ਦਿੰਦਾ ਹੈ।

ਦਸਤੋਵਸਕੀ ਨੇ ਹੁਣ ਤੱਕ ਆਪਣੀ ਜ਼ਿੰਦਗੀ ਵਿਚ ਨਿਰਾਸ਼ਾ ਭਰੀਆਂ ਘੁੱਪ ਹਨੇਰੀਆਂ ਰਾਤਾਂ ਦੇਖੀਆਂ ਹਨ। ਉਸਦੇ ਮਨ ਵਿਚ ਹਮੇਸ਼ਾ ਇਹ ਆਸ ਰਹੀ ਹੈ ਕਿ ਜਦ ਰਾਤ ਬਹੁਤ ਹੀ ਜ਼ਿਆਦਾ ਘੁੱਪ ਹਨੇਰੀ ਹੁੰਦੀ ਹੈ ਤਾਂ ਅਚਾਨਕ ਕਿਧਰੋਂ ਕੋਈ ਤਾਰਾ ਲਿਸ਼ਕਦਾ ਹੈ। ਉਸਦੀ ਘੁੱਪ ਹਨੇਰੀ ਰਾਤ ਜਗਮਗਾ ਉੱਠਦੀ ਹੈ ਅਤੇ ਉਸਦੇ ਅੰਦਰ ਜਿਉਣ ਲਈ ਮੱਠਾ ਹੋਇਆ ਉਤਸ਼ਾਹ ਮੁੜ ਲਟ-ਲਟ ਬਲਨ ਲੱਗ ਜਾਂਦਾ ਹੈ। ਇਸ ਤਰ੍ਹਾਂ ਉਹ ਆਪਣੇ ਆਪ ਨੂੰ ਜ਼ਿੰਦਗੀ ਦੀ ਹਰ ਮੁਸ਼ਕਿਲ ਲਈ ਤਿਆਰ ਕਰ ਲੈਂਦਾ ਹੈ।

ਉਹ ਡੂਰੋਵ ਨੂੰ ਤਾਂ ਆਪਣੀਆਂ ਗੱਲਾਂ ਨਾਲ ਘੋਰ ਨਿਰਾਸ਼ਾ ਵਿਚੋਂ ਕੱਢਣ ਵਿਚ ਸਫਲ ਹੋ ਜਾਂਦਾ ਹੈ ਪਰ ਖੁਦ ਨਿਰਾਸ਼ਾ ਵਿਚ ਡੁੱਬ ਜਾਂਦਾ ਹੈ। ਉਸਨੂੰ ਜ਼ਿੰਦਗੀ ਲੰਬੀ ਘੁੱਪ ਹਨੇਰੀ ਰਾਤ, ਹਨੇਰੀ ਸੁਰੰਗ ਮਹਿਸੂਸ ਹੁੰਦੀ ਹੈ। ਜਿਸ ਵਿਚ ਕਿਸੇ ਪਾਸਿਓਂ ਵੀ ਚਾਨਣ ਦੀ ਕਿਰਨ ਨਜ਼ਰ ਨਹੀਂ ਆਉਂਦੀ। ਉਹ ਇਨ੍ਹਾਂ ਉਦਾਸ ਵਿਚਾਰਾਂ ਵਿਚ ਡੁੱਬਿਆ ਬੈਠਾ ਹੈ। ਇਕ ਦਿਨ ਉਸਨੂੰ ਪਤਾ ਲੱਗਦਾ ਹੈ ਕਿ ਚਾਰ ਇਸਤਰੀਆਂ ਉਨ੍ਹਾਂ ਨੂੰ ਇਸ ਨਰਕ ਵਰਗੀ ਜੇਲ੍ਹ ਵਿਚ ਮਿਲਣ ਆਈਆਂ ਹਨ। ਕੌਣ ਹਨ ਉਹ ਅਜਿਹੀਆਂ ਔਰਤਾਂ ਜਿਹੜੀਆਂ ਮੁਜਰਮਾਂ ਨਾਲ ਭਰੇ ਸਾਇਬੇਰੀਆ ਵਿਚ ਉਨ੍ਹਾਂ ਨੂੰ ਜੇਲ ਵਿਚ ਮਿਲਣ ਆ ਸਕਦੀਆਂ ਹਨ? ਖਬਰ ਸੁਣਕੇ ਇਕਦਮ ਉਸਦੇ ਅੰਦਰਲੀ ਘੁੱਪ ਹਨੇਰੀ ਰਾਤ ਜਗਮਗਾ ਉੱਠਦੀ ਹੈ। ਬੜੀ ਛੇਤੀ ਪਤਾ ਲੱਗ ਜਾਂਦਾ ਹੈ ਕਿ ਦਸੰਬਰਵਾਦੀ ਕ੍ਰਾਂਤੀਕਾਰੀਆਂ ਦੀਆਂ ਪਤਨੀਆਂ ਉਨ੍ਹਾਂ ਨੂੰ ਇਸ ਕੈਂਪ-ਜੇਲ੍ਹ ਵਿਚ ਮਿਲਣ ਆਈਆਂ ਹਨ। ਦਸਤੋਵਸਕੀ ਜਾਣਦਾ ਹੈ ਕਿ ਦਸੰਬਰਵਾਦੀ ਉਨ੍ਹਾਂ ਵਰਗੇ ਹੀ ਕ੍ਰਾਂਤੀਕਾਰੀ ਸਨ, ਜਿਨ੍ਹਾਂ ਨੇ 25 ਸਾਲ ਪਹਿਲਾਂ ਉਨ੍ਹਾਂ ਵਾਂਗ ਹੀ ਰੂਸ ਦੀ ਵਰਤਮਾਨ ਸਮਾਜਿਕ ਵਿਵਸਥਾ ਬਦਲਣ ਲਈ ਬਾਦਸ਼ਾਹ ਅਤੇ ਉਸਦੇ ਪਰਿਵਾਰ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਸੀ। ਅੰਦਰਲੇ ਭੇਤੀਆਂ ਦੀ ਗੱਦਾਰੀ ਕਾਰਨ ਉਨ੍ਹਾਂ ਦੀ ਸਾਰੀ ਸਕੀਮ ਫੇਲ੍ਹ ਹੋ ਗਈ ਸੀ। ਉਨ੍ਹਾਂ ਵਿਚੋਂ ਪ੍ਰਮੁੱਖ ਨੇਤਾਵਾਂ ਨੂੰ ਫਾਂਸੀ ਦੇ ਤਖਤੇ ਉੱਪਰ ਲਟਕਾ ਦਿੱਤਾ ਗਿਆ ਸੀ ਅਤੇ ਬਾਕੀਆਂ ਨੂੰ ਦੇਸ਼ ਨਿਕਾਲੇ ਦੀ ਸਜ਼ਾ ਮਿਲੀ ਸੀ। ਪਿਛਲੇ ਪੱਚੀ ਸਾਲਾਂ ਤੋਂ ਉਹ ਇਥੇ ਸਜ਼ਾ ਭੁਗਤ ਰਹੇ ਹਨ। ਕਈਆਂ ਕ੍ਰਾਂਤੀਕਾਰੀਆਂ ਦੀਆਂ ਪਤਨੀਆਂ ਸਭ ਸੁੱਖ ਆਰਾਮ ਤਿਆਗਕੇ ਆਪਣੇ ਪਤੀਆਂ ਦੇ ਪਿੱਛੇ ਇਥੇ ਹੀ ਆ ਗਈਆਂਸਨ। ਅੱਜ ਉਨ੍ਹਾਂ ਵਿਚੋਂ ਚਾਰ ਇਸਤਰੀਆਂ ਉਨ੍ਹਾਂ ਨੂੰ ਮਿਲਣ ਆਈਆਂ ਹਨ। ਉਨ੍ਹਾਂ ਦੀ ਘੁੱਪ ਹਨੇਰੀ ਵਰਗੀ ਜ਼ਿੰਦਗੀ ਨੂੰ ਜਗਮਗਾਉਣ ਆਈਆਂ ਹਨ। ਇਸ ਮੁਸੀਬਤ ਵਿਚ ਉਨ੍ਹਾਂ ਦੀ ਸਹਾਇਤਾ ਕਰਨ ਆਈਆਂ ਸਨ, ਉਨ੍ਹਾਂ ਨੂੰ ਹੌਸਲਾ ਦੇਣ ਆਈਆਂ ਸਨ। ਇਹ ਅਣਜਾਣੀਆਂ ਰੂਸੀ ਔਰਤਾਂ ਜਿਨਾਂ ਨੇ ਆਪਣੀ ਪ੍ਰੇਰਣਾਦਾਇਕ ਸ਼ਕਤੀ ਦਾ ਸਬੂਤ ਦਿੱਤਾ ਹੈ, ਉਨ੍ਹਾਂ ਨੇ ਉਨ੍ਹਾਂ ਨੂੰ ਮਿਲਣ ਦੀ



ਦਲੇਰੀ ਦਿਖਾਕੇ ਨਵੇਂ ਕੈਦੀਆਂ ਦੇ ਅੰਦਰ ਜਿਉਣ ਦਾ ਨਵਾਂ ਉਤਸ਼ਾਹ ਜਗਾਇਆ ਹੈ।

ਨੈਕਰਾਸੋਵ ਨੇ ਇਨ੍ਹਾਂ ਵਿਚੋਂ ਦੋ ਔਰਤਾਂ ਤਰੂਬਰਸਕਾਇਆ ਅਤੇ ਵੋਲਕੋਸਕਾਇਆ ਦਾ ਆਪਣੀਆਂ ਪ੍ਰਸਿੱਧ ਕਵਿਤਾਵਾਂ ਵਿਚ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਜ਼ਿਕਰ ਕੀਤਾ ਹੈ-

ਦੇਵੀਆਂ ਵਰਗੀਆਂ ਉਹ ਸ਼ਖ਼ਸੀਅਤਾਂ
ਜਿਨ੍ਹਾਂ ਪਤਨੀ-ਧਰਮ ਨਿਭਾਇਆ
ਤਰੂਬਰਤਸਕਾਇਆ, ਵੋਲਕੋਂਸਕਾਇਆ
ਆਪਣਾ ਸੁੱਖ ਆਰਾਮ ਭੁਲਾਇਆ
ਕ੍ਰਾਂਤੀਕਾਰੀ ਜੋਧਿਆਂ ਪਿੱਛੇ
ਬਰਫਾਂ ਢੱਕੀਆਂ ਰੋਹੀਆਂ ਅੰਦਰ
ਜਾ ਆਪਣਾ ਘਰ-ਬਾਰ ਵਸਾਇਆ
ਪਤੀਆਂ ਦਾ ਜਾ ਸਾਥ ਨਿਭਾਇਆ
ਸੁੱਖਾਂ ਦਾ ਸਭ ਲਾਲਚ ਤੱਜ ਕੇ
ਜਾ ਦੁੱਖਾਂ ਨੂੰ ਗਲ ਨਾਲ ਲਾਇਆ
ਪਤੀਆਂ ਦਾ ਜਾ ਦੁੱਖ ਵੰਡਾਇਆ
ਲਾਸਾਨੀ ਕੁਰਬਾਨੀ ਕਰਕੇ
ਜੱਗ ਦੇ ਅੰਦਰ ਨਾਮ ਕਮਾਇਆ
ਉਨ੍ਹਾਂ ਅੱਗੇ ਸੀਸ ਝੁਕਾਓ
ਉਨ੍ਹਾਂ ਦੇ ਨਾਂ ਦਿਲੀਂ ਵਸਾਓ
ਉਨ੍ਹਾਂ ਨੂੰ ਆਦਰਸ਼ ਬਣਾਓ
ਸੱਚ ਦੇ ਰਾਹ ਤੇ ਚਲਦੇ ਜਾਓ।

ਚਾਰ ਆਪਾ ਵਾਰਨ ਵਾਲੀਆਂ ਬਹਾਦਰ, ਸੁੰਦਰ ਸ਼ਖ਼ਸੀਅਤਾਂ ਵਾਲੀਆਂ ਚਾਰੇ ਔਰਤਾਂ ਜਿਨ੍ਹਾਂ ਦੇ ਨਾਂ ਹਨ ਪੋਲੀਨਾ ਅਨੈਨਕੋਵਾ, ਉਸਦੀ ਧੀ ਓਲਗਾ ਨਤਾਲੀਆ ਫੌਨਵੀਜ਼ੀਨਾ ਅਤੇ ਜ਼ੈਡ.ਏ. ਮੁਰਾਵੀਓਵਾ ਅਸਥਾਈ ਜੇਲ੍ਹ ਇੰਸਪੈਕਟਰ ਨੂੰ ਬੇਨਤੀ ਕਰਦੀਆਂ ਹਨ ਕਿ ਉਹ ਉਨ੍ਹਾਂ ਨੂੰ ਆਪਣੇ ਕੁਆਟਰ ਵਿਚ ਨਵੇਂ ਆਏ ਰਾਜਸੀ ਕੈਦੀਆਂ ਨੂੰ ਮਿਲਣ ਦੀ ਆਗਿਆ ਦੇਵੇ। ਉਹ ਕੈਦੀਆਂ ਵਾਸਤੇ ਖਾਣਾ, ਕੱਪੜੇ ਅਤੇ ਬਾਈਬਲ ਦੀ ਇਕ-ਇਕ ਕਾਪੀ ਵੀ ਲੈ ਕੇ ਆਈਆਂ ਹਨ ਕਿਉਂਕਿ ਇਹੀ ਇਕੋ ਇਕ ਪੁਸਤਕ ਹੈ ਜਿਸਦੀ ਜੇਲ੍ਹ ਵਿਚ ਪੜ੍ਹਨ ਦੀ ਆਗਿਆ ਹੈ। ਪੁਸਤਕਾਂ ਦੀਆਂ ਜਿਲਦਾਂ ਪਾੜਕੇ ਵਿਚ ਦਸ-ਦਸ ਰੂਬਲ ਦਾ ਇਕ-ਇਕ ਨੋਟ ਵੀ ਰੱਖ ਦਿੱਤਾ ਗਿਆ ਹੈ। ਦਸਤੋਵਸਕੀ ਅਤੇ ਡੂਰੋਵ ਜਦ ਇਨ੍ਹਾਂ ਦੇਵੀ ਸਰੂਪ ਬਹਾਦਰ ਰੂਸੀ ਔਰਤਾਂ ਨੂੰ ਇੰਸਪੈਕਟਰ ਦੇ ਕੁਆਟਰ ਵਿਚ ਆ ਕੇ ਮਿਲਦੇ ਹਨ, ਦਸਤੋਵਸਕੀ ਭਾਵੁਕ ਹੋ ਜਾਂਦਾ ਹੈ। ਮੱਲੋ-ਮੱਲੀ ਉਸਦੀਆਂ ਅੱਖਾਂ ਛਲਕ ਜਾਂਦੀਆਂ ਹਨ।

ਉਸਦੇ ਮਨ ਵਿਚ ਇਕੱਠਾ ਹੋਇਆ ਨਿਰਾਸ਼ਾ ਦਾ ਹਨੇਰਾ ਇਕ ਦਮ ਚਾਨਣ ਵਿਚ ਵਟ ਜਾਂਦਾ ਹੈ। ਇਨ੍ਹਾਂ ਬਹਾਦਰ ਇਸਤਰੀਆਂ ਦੀਆਂ ਆਪਾ ਵਾਪਰਨ ਵਾਲੀਆਂ ਸੁੰਦਰ ਸ਼ਖ਼ਸੀਅਤਾਂ ਉਹ ਸਾਰੀ ਉਮਰ ਨਹੀਂ ਭੁੱਲ ਸਕਦੇ। ਉਨ੍ਹਾਂ ਵਲੋਂ ਦਿੱਤੀ ਬਾਈਬਲ ਉਹ ਹਮੇਸ਼ਾ ਆਪਣੇ ਕੋਲ ਰੱਖਦਾ ਹੈ। ਇਹ ਬਾਈਬਲ ਪੜ੍ਹਨ ਸਮੇਂ ਉਸਨੂੰ ਯਸੂਹ ਦੇ ਸ਼ਬਦਾਂ ਵਿਚੋਂ ਹੀ ਧਰਵਾਸ ਨਹੀਂ ਮਿਲਦਾ, ਇਨ੍ਹਾਂ ਬਹਾਦਰ ਸੁੰਦਰ ਸ਼ਖ਼ਸੀਅਤ ਵਾਲੀਆਂ ਇਸਤਰੀਆਂ ਦੀ ਯਾਦ ਵੀ ਉਸਦੇ ਮਨ ਵਿਚ ਜਿਉਣ ਲਈ ਨਵਾਂ ਉਤਸ਼ਾਹ ਜਗਾਉਂਦੀ ਹੈ।

ਇਨ੍ਹਾਂ ਔਰਤਾਂ ਨਾਲ ਦਸਤੋਵਸਕੀ ਅਤੇ ਉਸਦੇ ਸਾਥੀਆਂ ਦੀ ਮੁਲਾਕਾਤ ਇਕ ਘੰਟਾ ਚੱਲਦੀ ਹੈ। ਆਪਾ ਵਾਰਨ ਵਾਲੀਆਂ ਇਨ੍ਹਾਂ ਵੀਰਾਂਗਣ ਦੀਆਂ ਗੱਲਾਂ ਵਿਚ ਵੀ ਅਕਹਿ ਪ੍ਰੇਰਨਾ ਹੈ। ਉਹ ਉਨ੍ਹਾਂ ਨੂੰ ਅਗਲੇ ਸਫਰ ਲਈ ਆਸ਼ੀਰਵਾਦ ਦਿੰਦੀਆਂ ਹਨ। ਉਨ੍ਹਾਂ ਦੇ ਪਤੀਆਂ ਨੂੰ ਅਪਰਾਧੀਆਂ ਨਾਲ ਗੱਲ ਕਰਨ ਦੀ ਆਗਿਆ ਨਹੀਂ। ਇਸ ਲਈ ਇਹ ਜ਼ਿੰਮੇਵਾਰੀ ਉਨ੍ਹਾਂ ਦੀਆਂ ਪਤਨੀਆਂ ਅਤੇ ਧੀਆਂ ਨਿਭਾਉਂਦੀਆਂ ਹਨ। ਦਸਤੋਵਸਕੀ ਦੇ ਪਹਿਲੇ ਨਾਵਲ ਨੇ ਉਸਨੂੰ ਇਨ੍ਹਾਂ ਦਸੰਬਰਵਾਦੀਆਂ ਵਿਚ ਹਰਮਨ ਪਿਆਰਾ ਕਰ ਦਿੱਤਾ ਹੈ।

20 ਜਨਵਰੀ ਵਾਲੇ ਦਿਨ ਦਸਤੋਵਸਕੀ ਅਤੇ ਡੂਰੋਵ ਨੂੰ ਓਮਸਕ ਭੇਜਣ ਦੇ ਹੁਕਮ ਆ ਜਾਂਦੇ ਹਨ। ਉਨ੍ਹਾਂ ਬਾਰੇ ਪੱਛਮੀ ਸਾਇਬੇਰੀਆ ਦੇ ਗਵਰਨਰ ਜਨਰਲ ਨੂੰ ਬਾਦਸ਼ਾਹ ਵਲੋਂ ਹਦਾਇਤਾਂ ਹਨ ਕਿ 'ਇਨ੍ਹਾਂ ਨੂੰ ਜ਼ੰਜੀਰਾਂ ਵਿਚ ਹੀ ਰੱਖਿਆ ਜਾਵੇ ਅਤੇ ਕਿਸੇ ਕਿਸਮ ਦੀ ਸਹੂਲਤ ਨਾ ਦਿੱਤੀ ਜਾਵੇ।' ਹਦਾਇਤਾਂ ਅਨੁਸਾਰ ਇਨ੍ਹਾਂ ਦੋਸ਼ੀਆਂ ਨੇ ਪੈਰੀਂ ਪਾਈਆਂ ਬੇੜੀਆਂ ਨਾਲ ਪੈਦਲ ਤੁਰਕੇ ਛੇ ਸੌ ਮੀਲ ਦਾ ਲੰਬਾ ਸਫ਼ਰ ਤਹਿ ਕਰਨਾ ਹੈ। ਬਹੁਤ ਕਰੜੀ ਸਜ਼ਾ ਹੈ। ਸੁਣਕੇ ਦਸਤੋਵਸਕੀ ਦਾ ਦਿਮਾਗ ਚਕਰਾ ਜਾਂਦਾ ਹੈ। ਛੇ ਸੌ ਮੀਲ ਦਾ ਲੰਬਾ ਸਫ਼ਰ ਅਤੇ ਉਹ ਵੀ ਪੈਰੀਂ ਬੇੜੀਆਂ ਪਾਕੇ। ਉਨ੍ਹਾਂ ਦੀ ਸਹਾਇਤਾ ਕਰਨ ਆਈਆਂ ਔਰਤਾਂ ਉਨ੍ਹਾਂ ਦੀ ਮੁਸੀਬਤ ਬਾਰੇ ਜਾਣਦੀਆਂ ਹਨ। ਉਨ੍ਹਾਂ ਨੇ ਪਹਿਲਾਂ ਹੀ ਇਸ ਦਾ ਪ੍ਰਬੰਧ ਸੋਚ ਰੱਖਿਆ ਹੈ। ਨੇਕ ਦਿਲ ਓਲਗਾ ਅਨੈਨਕੋਵਾ ਇਨ੍ਹਾਂ ਦੋਹਾਂ ਵਾਸਤੇ ਤੋਬਲਸਕ ਤੋਂ ਓਮਸਕ ਤੱਕ ਜਾਣ ਲਈ ਘੋੜਿਆਂ ਵਾਲੀਆਂ ਦੋ ਸਲੈੱਜਾਂ ਦਾ ਪ੍ਰਬੰਧ ਕਰ ਦਿੰਦੀ ਹੈ। ਨਤਾਲੀਆ ਫੌਵੀਜ਼ੀਨਾ ਉਨ੍ਹਾਂ ਨੂੰ ਦੱਸਦੀ ਹੈ ਕਿ ਉਹ ਇਤਰੀਸ਼ ਦਰਿਆ ਤੋ ਪਾਰ ਇਨ੍ਹਾਂ ਨੂੰ ਅਲਵਿਦਾ ਆਖਣ ਲਈ ਉਨ੍ਹਾਂ ਦੀ ਉਡੀਕ ਕਰੇਗੀ। ਉਹ ਇਕ ਹੋਰ ਔਰਤ ਨੂੰ ਆਪਣੇ ਨਾਲ ਲੈਂਦੀ ਹੈ ਅਤੇ ਤੋਬਲਸਕ ਤੋਂ ਪੰਜ ਮੀਲ ਦੇ ਫਾਸਲੇ ਤੇ ਇਕ ਅਜਿਹੀ ਥਾਂ ਖੜ੍ਹ ਜਾਂਦੀ ਹੈ ਜਿੱਥੇ ਤਾਪਮਾਨ ਜ਼ੀਰੋ ਤੋਂ ਵੀ ਤੀਹ ਦਰਜ਼ੇ ਘੱਟ ਹੈ।

ਨਤਾਲੀਆ ਫੌਵੀਜ਼ੀਨਾ ਅਤੇ ਉਸਦੀ ਸਾਥਣ ਬੜੀ ਬੇਸਬਰੀ ਨਾਲ ਸਲੈੱਜਾਂ ਦੀ ਉਡੀਕ ਕਰ ਰਹੀਆਂ ਹਨ। ਅਖ਼ੀਰ ਉਨ੍ਹਾਂ ਨੂੰ ਟੱਲੀਆਂ ਦੀ ਆਵਾਜ਼ ਸੁਣਾਈ ਦਿੰਦੀ ਹੈ। ਤਿੰਨ ਘੋੜਿਆਂ ਵਾਲੀ ਇੱਕ ਸਲੈੱਜ ਜਿਸ ਵਿਚ ਦੋ ਆਦਮੀ ਬੈਠੇ ਹਨ ਜੰਗਲ ਦੇ ਮੋੜ ਤੇ ਨਜ਼ਰ ਆਉਂਦੀ ਹੈ। ਉਸਦੇ ਪਿੱਛੇ ਦੂਜੀ ਸਲੈੱਜ ਆ ਰਹੀ ਦਿਖਾਈ ਦਿੰਦੀ ਹੈ। ਦੋਵੇਂ ਇਸਤਰੀਆਂ ਸੜਕ ਦੇ ਵਿਚਕਾਰ ਖੜ੍ਹ ਜਾਂਦੀਆਂ ਹਨ। ਸੋਚੀ ਸਮਝੀ ਵਿਉਂਤ ਅਨੁਸਾਰ



ਉਹ ਸਿਪਾਹੀ ਨੂੰ ਰੁਕਣ ਦਾ ਇਸ਼ਾਰਾ ਕਰਦੀਆਂ ਹਨ।

ਦਸਤੋਵਸਕੀ ਅਤੇ ਡੂਰੋਵ ਤੁਰੰਤ ਛਾਲਾਂ ਮਾਰਕੇ ਸਲੈੱਜਾਂ ਵਿਚੋਂ ਬਾਹਰ ਆ ਜਾਂਦੇ ਹਨ। ਉਨ੍ਹਾਂ ਨੇ ਭੇਡ-ਖੱਲ ਦੀਆਂ ਜੈਕਟਾਂ ਅਤੇ ਬੁਰਦਾਰ ਟੋਪੀਆਂ ਪਹਿਣ ਰੱਖੀਆਂ ਹਨ। ਪੈਰੀਂ ਉਨ੍ਹਾਂ ਦੇ ਭਾਰੀ ਬੇੜੀਆਂ ਹਨ। ਦੋਵੇਂ ਔਰਤਾਂ ਕਾਹਲੀ-ਕਾਹਲੀ ਉਨ੍ਹਾਂ ਨੂੰ ਅਲਵਿਦਾ ਆਖਦੀਆਂ ਹਨ ਅਤੇ ਹੌਸਲਾ ਰੱਖਣ ਲਈ ਉਤਸ਼ਾਹ ਦਿੰਦੀਆਂ ਹਨ ਅਤੇ ਦੱਸਦੀਆਂ ਹਨ ਕਿ ਚੰਗੇ ਲੋਕ ਉਥੇ ਵੀ ਉਨ੍ਹਾਂ ਦਾ ਖ਼ਿਆਲ ਰੱਖਣਗੇ। ਆਜ਼ਾਦ ਦੁਨੀਆਂ ਵਲੋਂ ਉਨ੍ਹਾਂ ਨੂੰ ਮਿਲੀ ਇਹ ਆਖ਼ਰੀ ਵਿਦਾਇਗੀ ਹੈ।

23 ਜਨਵਰੀ ਨੂੰ ਉਹ ਓਮਸਕ ਪਹੁੰਚਦੇ ਹਨ। ਓਮਸਕ ਦਾ ਕਿਲਾ ਅਠਾਰਵੀਂ ਸਦੀ ਸ਼ੁਰੂ ਵਿਚ ਸਤੈਪੀ ਦੇ ਖਾਨਾਬਦੋਸ਼ਾਂ ਦੇ ਹਮਲਿਆਂ ਨੂੰ ਅਸਫਲ ਕਰਨ ਲਈ ਬਣਾਇਆ ਗਿਆ ਸੀ, ਪਰ ਛੇਤੀ ਹੀ ਇਸਨੂੰ ਫੌਜੀ ਜੇਲ੍ਹ ਵਿਚ ਬਦਲ ਦਿੱਤਾ ਜਾਂਦਾ ਹੈ। ਇਸ ਦੇ ਚਾਰੇ ਪਾਸੇ ਉੱਚੀਆਂ ਦੀਵਾਰਾਂ ਅਤੇ ਡੂੰਘੀਆਂ ਖਾਈਆਂ ਸਨ। ਦਸਤੋਵਸਕੀ ਤੋਂ ਪਹਿਲਾਂ ਕਦੇ ਵੀ ਕੋਈ ਆਦਮੀ ਉਸ ਵਾਂਗ ਜ਼ਿੰਦਗੀ ਲਈ ਏਨਾ ਪਿਆਰ ਅਤੇ ਅਟੱਲ ਵਿਸ਼ਵਾਸ ਲੈ ਕੇ ਇਸ ਜੇਲ੍ਹ ਵਿਚ ਨਹੀਂ ਸੀ ਆਇਆ।

ਜੇਲ੍ਹ ਵਿਚ ਵੜਨ ਸਾਰ ਜੇਲ੍ਹ ਦਾ ਮੁੱਖ ਪ੍ਰਬੰਧਕ ਡਰਿਲ-ਮੇਜਰ ਕ੍ਰਿਸ਼ਕੋਵ ਉਨ੍ਹਾਂ ਦੇ ਮੱਥੇ ਲੱਗਦਾ ਹੈ। ਉਹ ਸ਼ਕਲ ਸੂਰਤ ਤੋਂ ਹੀ ਅਜਿਹਾ ਵਹਿਸ਼ੀ ਬੇਕਿਰਕ ਜ਼ਾਲਮ ਜਾਪਦਾ ਹੈ ਜਿਸਦੇ ਹਰ ਅੰਗ ਵਿਚੋਂ ਵਹਿਸ਼ੀਪੁਣਾ ਝਲਕਦਾ ਹੈ। ਸ਼ਰਾਬ ਨਾਲ ਲਾਲ ਸੁਰਖ ਉਸਦੇ ਖ਼ੂੰਖਾਰ ਚਿਹਰੇ ਤੋਂ ਜਾਪਦਾ ਹੈ ਕਿ ਜਿਵੇਂ ਉਹ ਦਹਿਸ਼ਤ ਦਾ ਸਾਕਾਰ ਰੂਪ ਹੋਵੇ। ਖਾਕੀ ਟੋਪੀ ਹੇਠ ਫਿੰਨਸੀਆਂ ਨਾਲ ਭਰਿਆ ਬਦਸੂਰਤ ਉਸਦਾ ਚਿਹਰਾ ਨਫ਼ਰਤ ਦਾ ਮੁਜੱਸਮਾ ਪ੍ਰਤੀਤ ਹੁੰਦਾ ਹੈ। ਉਸਨੂੰ ਦੇਖਣ ਸਾਰ ਦੋਵੇਂ ਦੋਸਤ ਨਿਰਾਸ਼ਾ ਵਿਚ ਡੁੱਬ ਜਾਂਦੇ ਹਨ। ਜਾਪਦਾ ਹੈ ਜਿਵੇਂ ਘਿਨਾਉਣਾ ਗਲੀਜ਼ ਮੱਕੜਾ ਉਨ੍ਹਾਂ ਬੇਬੱਸ ਮੱਖੀਆਂ ਉੱਪਰ ਝਪਟਣ ਲਈ ਤਿਆਰ ਹੋਵੇ। ਜਿਹੜੀਆਂ ਆਪਣੇ ਆਪ ਹੀ ਉਸਦੇ ਜਾਲ ਵਿਚ ਆ ਫਸੀਆਂ ਹਨ। ਗਲੀਜ਼ ਮੱਕੜੇ ਵਰਗਾ ਕਰੂਪ ਚੀਫ਼ ਜੇਲ੍ਹਰ ਜੇਲ੍ਹ ਦੇ ਮਾਹੌਲ ਅਨੁਸਾਰ ਕੈਦੀਆਂ ਨੂੰ ਮਾਵਾਂ ਭੈਣਾਂ ਦੀਆਂ ਗਾਲ੍ਹਾਂ ਕੱਢਦਾ ਹੋਇਆ ਉਨ੍ਹਾਂ ਨੂੰ ਚਿਤਾਵਨੀ ਦਿੰਦਾ ਹੈ ਕਿ ਜੇ ਕਿਸੇ ਨੇ ਨਿੱਕੀ ਜਿਹੀ ਵੀ ਗਲਤੀ ਕੀਤੀ, ਉਸਨੂੰ ਕੋਰੜਿਆਂ ਦੀ ਅਜਿਹੀ ਮਾਰ ਪਵੇਗੀ ਕਿ ਉਹ ਸਾਰੀ ਉਮਰ ਯਾਦ ਰੱਖੇਗਾ।

ਇਸ ਜੇਲ੍ਹ ਵਿਚਲੇ ਬਾਕੀ ਕੈਦੀਆਂ ਵਰਗਾ ਹੁਲੀਆ ਬਣਾਉਣ ਲਈ ਸਭ ਤੋਂ ਪਹਿਲਾਂ ਦਸਤੋਵਸਕੀ ਨੂੰ ਗਾਰਡ-ਰੂਮ ਵਿਚ ਲਿਜਾ ਕੇ ਉਸਦਾ ਅੱਧਾ ਸਿਰ ਮੁੰਨ ਦਿੱਤਾ ਜਾਂਦਾ ਹੈ ਅਤੇ ਇਕ ਪਾਸੇ ਦੀ ਮੁੱਛ ਵੀ ਸਫਾ ਚੱਟ ਕਰ ਦਿੱਤੀ ਜਾਂਦੀ ਹੈ। ਪਹਿਨਣ ਵਾਸਤੇ ਉਸਨੂੰ ਦੋਰੰਗੀ ਜੈਕਟ ਦਿੱਤੀ ਜਾਂਦੀ ਹੈ ਜਿਸਦੇ ਪਿਛਲੇ ਪਾਸੇ ਪੀਲੇ ਰੰਗ ਦੀ ਟਾਕੀ ਲੱਗੀ ਹੋਈ ਹੈ। ਸਿਰ ਵਾਸਤੇ ਉਸਨੂੰ ਇਕ ਨਰਮ ਟੋਪੀ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਦਾ ਹੁਲੀਆ ਬਣਾਉਣ ਪਿਛੋਂ ਉਸਨੂੰ ਕੈਦੀਆਂ ਵਾਸਤੇ ਬਣੀਆਂ ਕੋਠੜੀਆਂ ਵਿਚ ਲਿਜਾਇਆ ਜਾਂਦਾ ਹੈ ਜਿਹੜੀਆਂ

ਇਮਾਰਤ ਦੇ ਉਸ ਖਸਤਾ ਹਾਲ ਹਿੱਸੇ ਵਿਚ ਬਣੀਆਂ ਹੋਈਆਂ ਹਨ ਜਿਸ ਹਿੱਸੇ ਨੂੰ 'ਨਾਕਾਬਲੇ ਰਿਹਾਇਸ਼' ਕਰਾਰ ਦਿੱਤਾ ਹੋਇਆ ਹੈ ਅਤੇ ਜਿਸਨੂੰ ਢਾਹੇ ਜਾਣ ਦੇ ਹੁਕਮ ਕਈ ਵਾਰ ਜਾਰੀ ਹੋ ਚੁੱਕੇ ਹਨ। ਕੋਠੜੀਆਂ ਦੇ ਫਰਸ਼ਾਂ ਦੀ ਲੱਕੜ ਗਲ ਚੁੱਕੀ ਹੈ, ਛੱਤਾਂ ਚੋਂਦੀਆਂ ਹਨ, ਅੰਗੀਠੀਆਂ ਠੀਕ ਕੰਮ ਨਹੀਂ ਕਰਦੀਆਂ, ਪਿਸੂਆਂ, ਜੂੰਆਂ ਅਤੇ ਕਾਕਰੋਚਾਂ ਦੀ ਭਰਮਾਰ ਹੈ। ਅਲਮਾਰੀਆਂ ਦੀਆਂ ਨੰਗੀਆਂ ਸ਼ੈਲਫਾਂ ਕੈਦੀਆਂ ਲਈ ਸੌਣ ਵਾਸਤੇ ਫੱਟਿਆਂ ਦਾ ਕੰਮ ਦਿੰਦੀਆਂ ਹਨ। ਟੱਟੀ ਪਿਸ਼ਾਬ ਲਈ ਸਵੇਰ ਤੋਂ ਸ਼ਾਮ ਤੱਕ ਸਾਰੇ ਕੈਦੀਆਂ ਵਾਸਤੇ ਸਿਰਫ਼ ਇਕ ਹੀ ਟੱਬ ਹੈ। ਅੰਦਰ ਅਸਹਿ ਘੁਟਣ ਹੈ। ਗਾਲ੍ਹਾਂ, ਧਮਕੀਆਂ, ਜ਼ੰਜ਼ੀਰਾਂ ਦਾ ਅਮੁੱਕ ਸ਼ੋਰ ਹੈ। ਘੁੱਪ ਹਨ੍ਹੇਰੇ ਵਾਲਾ ਧਰਤੀ ਉੱਤੇ ਇਹ ਸਾਕਾਰ ਨਰਕ ਹੈ।

ਇਸ ਨਰਕ ਨੂੰ ਸੰਵੇਦਨਸ਼ੀਲ ਲੇਖਕ ਦਸਤੋਵਸਕੀ ਨੂੰ ਸ਼ਾਸ਼ਕਾਂ ਵਲੋਂ ਬਣਾਏ ਪੁਰਾਣੇ ਫੌਜੀ ਦੰਡ-ਵਿਧਾਨ ਉੱਪਰ ਪੂਰੀ ਤਰ੍ਹਾਂ ਅਮਲ ਵਿਚ ਲਿਆਉਣ ਦੇ ਭਿਆਨਕ ਦ੍ਰਿਸ਼ ਦੇਖਣ ਨੂੰ ਮਿਲਦੇ ਹਨ, ਜਿਨ੍ਹਾਂ ਦ੍ਰਿਸ਼ਾਂ ਨੂੰ ਦੇਖਕੇ ਉਹ ਸਿਰਫ਼ ਕੰਬਦਾ ਹੀ ਨਹੀਂ, ਨੀਂਦ ਵਿਚ ਵੀ ਤ੍ਰਬਕ-ਤ੍ਰਬਕ ਉੱਠਦਾ ਹੈ। ਇਨ੍ਹਾਂ ਹੌਲਨਾਕ ਦ੍ਰਿਸ਼ਾਂ ਵਿਚ ਕੈਦੀਆਂ ਦੇ ਉਹ ਚਿਹਰੇ ਹਨ ਜਿਨ੍ਹਾਂ ਨੂੰ ਗਰਮ ਸੁਲਾਖਾਂ ਨਾਲ ਲੂਹਿਆ ਗਿਆ ਹੈ। ਉਨ੍ਹਾਂ ਉੱਪਰ ਇਉਂ ਪੱਕੀਆਂ ਮੋਹਰਾਂ ਲਗਾ ਦਿੱਤੀਆਂ ਗਈਆਂ ਹਨ ਜਿਵੇਂ ਜ਼ਿੰਦਗੀ ਨੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੋਵੇ। ਉਸਨੂੰ ਅਜਿਹੀਆਂ ਮਨੁੱਖੀ ਪਿੱਠਾਂ ਨਜ਼ਰ ਆਉਂਦੀਆਂ ਹਨ ਜਿਨ੍ਹਾਂ ਉੱਪਰ ਡੰਡਿਆਂ ਦੀ ਵਹਿਸ਼ੀਆਨਾ ਮਾਰ ਨਾਲ ਕਾਲੇ-ਨੀਲੇ ਨਿਸ਼ਾਨ ਹੀ ਨਹੀਂ ਪਏ ਸਗੋਂ ਉਨ੍ਹਾਂ ਵਿਚ ਡੰਡਿਆਂ ਦੀਆਂ ਛਿਲਤਾਂ ਵੀ ਧਸ ਗਈਆਂ ਹਨ। ਭਾਰੀਆਂ ਜ਼ੰਜ਼ੀਰਾਂ ਇਸ ਜੇਲ੍ਹ ਦੇ ਕੈਦੀਆਂ ਦਾ ਅਨਿੱਖੜ ਅੰਗ ਹਨ। ਜੰਜ਼ੀਰਾਂ ਨਾਲ ਹੀ ਉਹ ਲੱਕੜ ਦੇ ਫੱਟਿਆਂ ਉੱਪਰ ਸੌਂਦੇ ਹਨ। ਜੰਜ਼ੀਰਾਂ ਨਾਲ ਹੀ ਉਹ ਸਵੇਰੇ ਜਾਗਦੇ ਹਨ। ਜੰਜ਼ੀਰਾਂ ਨਾਲ ਹੀ ਨਹਾਉਂਦੇ ਹਨ। ਜੰਜ਼ੀਰਾਂ ਨਾਲ ਹੀ ਉਹ ਸਟੇਜ ਉੱਪਰ ਐਕਟਿੰਗ ਕਰਦੇ ਹਨ। ਬਿਮਾਰ ਹੋਣ ਸਮੇਂ ਜੰਜ਼ੀਰਾਂ ਨਾਲ ਹੀ ਉਹ ਹਸਪਤਾਲ ਦਾਖਲ ਹੁੰਦੇ ਹਨ। ਜਦ ਕੋਈ ਬੀਮਾਰ ਕੈਦੀ ਮਰ ਜਾਂਦਾ ਹੈ ਉਸਦੀਆਂ ਅੰਤਿਮ ਰਸਮਾਂ ਵਿਚੋਂ ਸਭ ਤੋਂ ਪਹਿਲੀ ਰਸਮ ਹੁੰਦੀ ਹੈ ਲੁਹਾਰ ਬੁਲਾਕੇ ਉਸਦੀਆਂ ਜੰਜ਼ੀਰਾਂ ਕੱਟੀਆਂ ਜਾਣੀਆਂ। ਚਾਰ ਸਾਲ ਬਾਮੁਸ਼ੱਕਤ ਕੈਦ ਸਮੇਂ ਉਹ ਜੰਜ਼ੀਰਾਂ ਦਸਤੋਵਸਕੀ ਦੇ ਵੀ ਅੰਗ ਸੰਗ ਰਹਿੰਦੀਆਂ ਹਨ।

ਦਸਤੋਵਸਕੀ ਨੇ ਕਿਉਂਕਿ ਕਿਸੇ ਕਿੱਤੇ ਦੀ ਸਿਖਲਾਈ ਨਹੀਂ ਲਈ ਹੋਈ। ਇਸ ਲਈ ਉਸਨੂੰ ਮੁਸ਼ੱਕਤ ਵਾਸਤੇ ਮਜ਼ਦੂਰਾਂ ਦੀ ਸ਼੍ਰੇਣੀ ਵਿਚ ਰੱਖਿਆ ਜਾਂਦਾ ਹੈ। ਕਲਮ ਵਾਹੁਣ ਵਾਲਾ ਦਸਤੋਵਸਕੀ ਹੁਣ ਕਦੇ ਆਟੇ ਵਾਲੀ ਚੱਕੀ ਦਾ ਪਹੀਆ ਘੁੰਮਾਉਂਦਾ ਹੈ, ਕਦੇ ਹੋ ਰਹੀ ਉਸਾਰੀ ਵਾਸਤੇ ਗਾਰੇ-ਚੂਨੇ ਦੇ ਤਸਲੇ ਚੁੱਕਦਾ ਹੈ, ਕਦੇ ਇਤਰੀਸ਼ ਦਰਿਆ ਦੇ ਬਰਫ ਵਰਗੇ ਠੰਢੇ ਪਾਣੀ ਵਿਚ ਖੜ੍ਹਕੇ ਸਰਕਾਰੀ ਕਿਸ਼ਤੀਆਂ ਵਿਚੋਂ ਸਾਮਾਨ ਚੁੱਕ ਕੇ ਕੰਢੇ ਤੱਕ ਲਿਆਉਂਦਾ ਹੈ। ਅਸਹਿ ਸਰਦੀ ਵਿਚ ਜਿਥੇ ਪਾਰਾ ਵੀ ਜੰਮ ਜਾਂਦਾ ਹੈ ਉਸਨੂੰ ਕਈ-ਕਈ ਘੰਟੇ ਪਾਣੀ ਵਿਚ ਖੜ੍ਹਕੇ ਕੰਮ ਕਰਨਾ ਪੈਂਦਾ ਹੈ। ਬਾਦਸ਼ਾਹ ਵਲੋਂ ਜੇਲ੍ਹ ਅਧਿਕਾਰੀਆਂ ਨੂੰ ਸਖ਼ਤ ਹਦਾਇਤਾਂ



ਹਨ - "ਕੈਦੀ ਦਸਤੋਵਸਕੀ ਨਾਲ ਕੋਈ ਨਰਮਾਈ ਨਾ ਵਰਤੀ ਜਾਵੇ, ਉਸਨੂੰ ਪੂਰੀ ਮੁਸ਼ੱਕਤ ਕਰਵਾਈ ਜਾਵੇ।" ਜੇਲ੍ਹ ਅਧਿਕਾਰੀ ਬਾਦਸ਼ਾਹ ਸਲਾਮਤ ਵਲੋਂ ਮਿਲੀਆਂ ਉਨ੍ਹਾਂ ਹਦਾਇਤਾਂ ਉੱਪਰ ਪੂਰੀ ਇਮਾਨਦਾਰੀ ਨਾਲ ਅਮਲ ਕਰਦੇ ਹਨ।

ਬਾਮੁਸ਼ੱਕਤ ਜ਼ਿੰਦਗੀ ਵਿਚ, ਨਰਕ ਵਰਗੀ ਇਸ ਜੇਲ੍ਹ ਵਿਚ ਇਕ ਦਿਨ ਉਸਨੂੰ ਮਿਰਗੀ ਦਾ ਦੌਰਾ ਪੈਂਦਾ ਹੈ। ਉਹ ਬੇਹੋਸ਼ ਹੋ ਜਾਂਦਾ ਹੈ, ਸਾਰਾ ਸਰੀਰ ਵੱਟੇ ਖਾ ਰਿਹਾ ਹੈ, ਮੂੰਹ ਵਿਚੋਂ ਝੱਗ ਨਿਕਲ ਰਹੀ ਹੈ, ਸੰਘ ਵਿਚੋਂ ਜਾਨਵਰਾਂ ਵਰਗੀਆਂ ਆਵਾਜ਼ਾਂ ਨਿਕਲ ਰਹੀਆਂ ਹਨ। ਦੇਖਣ ਵਾਲੇ ਜੰਜ਼ੀਰਾਂ ਵਾਲੇ ਕੈਦੀ ਕੁਝ ਕੁ ਤਾਂ ਭੈਭੀਤ ਹੋ ਜਾਂਦੇ ਹਨ ਪਰ ਬਹੁਤਿਆਂ ਲਈ ਉਹ ਇਕ ਤਮਾਸ਼ਾ ਹੈ। ਦੇਖਕੇ ਉੱਚੀ-ਉੱਚੀ ਹੱਸਦੇ ਹਨ। ਗਾਰਡ ਭੱਜਕੇ ਆਉਂਦਾ ਹੈ। ਤਮਾਸ਼ਬੀਨ ਕੈਦੀ ਆਪਣੀਆਂ ਕੋਠੜੀਆਂ ਵਿਚ ਜਾ ਵੜਦੇ ਹਨ। ਗਾਰਡ ਕੁਝ ਦੇਰ ਉਸਨੂੰ ਹਾਲੋਂ ਬੇਹਾਲ ਹੁੰਦਾ ਦੇਖਦਾ ਰਹਿੰਦਾ ਹੈ। ਫਿਰ ਭੱਜਕੇ ਜੇਲ੍ਹ ਦੇ ਹਸਪਤਾਲ ਵਿਚ ਜਾਂਦਾ ਹੈ। ਡਾਕਟਰ ਨੂੰ ਬੁਲਾਕੇ ਲਿਆਉਂਦਾ ਹੈ। ਡਾਕਟਰ ਜਾਣਦਾ ਹੈ, ਇਹ ਮਿਰਗੀ ਦਾ ਦੌਰਾ ਹੈ। ਉਸਨੂੰ ਪਤਾ ਨਹੀਂ ਇਹ ਦੌਰਾ ਕਿੰਨੀ ਦੇਰ ਰਹੇਗਾ। ਹਰ ਮਰੀਜ਼ ਵਿਚ ਦੌਰਿਆਂ ਦੀ ਤੀਬਰਤਾ ਵੱਖ-ਵੱਖ ਹੁੰਦੀ ਹੈ। ਉਹ ਦੌਰਾ ਮੁੱਕਣ ਦੀ ਉਡੀਕ ਕਰਦਾ ਹੈ। ਅਜਿਹੀ ਹਾਲਤ ਵਿਚ ਮਰੀਜ਼ ਨੂੰ ਹਸਪਤਾਲ ਲਿਜਾਣ ਦਾ ਵੀ ਕੋਈ ਲਾਭ ਨਹੀਂ। ਅਖ਼ੀਰ ਦੋ ਘੰਟਿਆਂ ਬਾਅਦ ਦਸਤੋਵਸਕੀ ਦੇ ਕੜਵੱਲ ਰੁਕਦੇ ਹਨ, ਝੱਗ ਆਉਣੋਂ ਵੀ ਬੰਦ ਹੋ ਜਾਂਦੀ ਹੈ। ਸੁਰਤ ਵਾਪਸ ਮੁੜ ਆਉਂਦੀ ਹੈ। ਅੱਖਾਂ ਖੋਲ੍ਹਦਾ ਹੈ। ਡਾਕਟਰ ਦੇ ਪੁੱਛਣ ਤੇ ਉਸਨੂੰ ਆਪਣੇ ਰੋਗ ਦਾ ਇਤਿਹਾਸ ਦੱਸਦਾ ਹੈ। ਡਾਕਟਰ ਉਸਨੂੰ ਕੁਝ ਦਵਾਈਆਂ ਦਿੰਦਾ ਹੈ ਅਤੇ ਚਲਾ ਜਾਂਦਾ ਹੈ। ਉਹ ਦੌਰੇ ਨਾਲ ਨਿਢਾਲ ਪਿਆ ਰਹਿੰਦਾ ਹੈ। ਉਸਦਾ ਸਾਰਾ ਸਰੀਰ ਦਰਦ ਕਰ ਰਿਹਾ ਹੈ। ਜਿਵੇਂ ਕਿਸੇ ਨੇ ਡਾਂਗਾਂ ਨਾਲ ਕੁੱਟਿਆ ਹੋਵੇ। ਡਾਕਟਰ ਵਾਰਡ ਨੂੰ ਹਦਾਇਤਾਂ ਦਿੰਦਾ ਹੈ ਕਿ ਮਰੀਜ਼ ਨੂੰ ਘੱਟੋ-ਘੱਟ ਇਕ ਦਿਨ ਬਾ-ਮੁਸ਼ੱਕਤ ਕੰਮ ਨਾ ਦਿੱਤਾ ਜਾਵੇ। ਜੇਲ੍ਹ ਦੇ ਚੀਫ਼ ਵਾਰਡ ਨੂੰ ਵੀ ਉਹ ਆਖਦਾ ਹੈ ਕਿ ਇਸ ਕੈਦੀ ਨਾਲ ਜ਼ਰਾ ਨਰਮੀ ਦਾ ਵਰਤਾਓ ਕੀਤਾ ਜਾਵੇ। ਪਰ ਕਿਸੇ ਅਧਿਕਾਰੀ ਨੂੰ ਅਧਿਕਾਰ ਨਹੀਂ ਕਿ ਦਸਤੋਵਸਕੀ ਨਾਂ ਦੇ ਕੈਦੀ ਨਾਲ ਨਰਮੀ ਦਾ ਵਰਤਾਓ ਕਰੇ ਕਿਉਂਕਿ ਬਾਦਸ਼ਾਹ ਸਲਾਮਤ ਦੀਆਂ ਸਖ਼ਤ ਹਦਾਇਤਾਂ ਹਨ ਕਿ ਉਸ ਨਾਲ ਕੋਈ ਨਰਮੀ ਨਾ ਵਰਤੀ ਜਾਵੇ। ਇਥੋਂ ਤੱਕ ਇਸ ਪ੍ਰਾਂਤ ਦਾ ਗਵਰਨਰ ਜਨਰਲ ਵੀ ਬਾਦਸ਼ਾਹ ਸਲਾਮਤ ਦੀਆਂ ਹਦਾਇਤਾਂ ਦੀ ਉਲੰਘਣਾ ਕਰਨ ਦੀ ਜੁਅਰਤ ਨਹੀਂ ਕਰ ਸਕਦਾ। ਬਾਦਸ਼ਾਹ ਸਲਾਮਤ ਦੇ ਉਚ-ਅਧਿਕਾਰੀ ਵੀ ਬਾਦਸ਼ਾਹ ਸਲਾਮਤ ਵਾਂਗ ਬੇਕਿਰਕ ਤਾਨਾਸ਼ਾਹ ਹਨ। ਇਥੇ ਉਸ ਨਾਲ ਮੁਲਾਕਾਤ ਕਰਨ ਵਾਸਤੇ ਵੀ ਕੋਈ ਭੈਣ, ਭਰਾ ਰਿਸ਼ਤੇਦਾਰ, ਦੋਸਤ ਨਹੀਂ ਆਉਂਦਾ। ਇਸ ਜੇਲ੍ਹ ਦੇ ਕੈਦੀਆਂ ਨੂੰ ਮੁਲਾਕਾਤਾਂ ਕਰਨ ਦੀ ਵੀ ਆਗਿਆ ਨਹੀਂ। ਉਸਨੇ ਚਾਰ ਸਾਲ ਬਾਮੁਸ਼ੱਕਤ ਕੈਦ ਭੁਗਤਣੀ ਹੈ। ਕੈਦ ਦੀਆਂ ਸਖ਼ਤੀਆਂ ਦੇ ਨਾਲ-ਨਾਲ ਆਪਣੀ ਬੀਮਾਰੀ ਨਾਲ ਵੀ ਜੂਝਣਾ ਹੈ। ਉਸਨੇ ਬਿਨਾਂ ਕਿਸੇ ਦੀ ਹਮਦਰਦੀ ਦੇ ਇਕੱਲੇ ਨੇ ਹੀ ਇਸ ਕਠਿਨਾਈਆਂ ਭਰੀ ਜ਼ਿੰਦਗੀ ਦਾ ਮੁਕਾਬਲਾ ਕਰਨਾ ਹੈ। ਉਸਨੂੰ ਸਿਰਫ਼ ਰੱਬ ਦਾ ਜਾਂ ਰੱਬ ਦੇ

ਪੁੱਤਰ ਯਸੂਹ ਦਾ ਆਸਰਾ ਹੈ। ਜਿਸ ਦਿਨ ਉਸਨੂੰ ਦੌਰਾ ਪੈਂਦਾ ਹੈ, ਹੋਸ਼ ਆਉਣ ਪਿਛੋਂ ਜੋਬ ਦੀ ਕਹਾਣੀ ਆਪਣੇ ਮਨ ਵਿਚ ਦੁਹਰਾ ਲੈਂਦਾ ਹੈ। ਕਦੇ-ਕਦੇ ਮਹਿਸੂਸ ਕਰਦਾ ਹੈ ਕਿ ਉਹ ਖ਼ੁਦ ਹੀ ਜੋਬ ਹੈ। ਅਜਿਹੇ ਸਖ਼ਤ ਤਸੀਹਿਆਂ ਨਾਲ ਰੱਬ ਜਿਸਦਾ ਇਮਤਿਹਾਨ ਲੈ ਰਿਹਾ ਹੈ। ਹਰ ਦੌਰੇ ਬਾਅਦ ਰੱਬ ਵਿਚ ਉਸਦਾ ਵਿਸ਼ਵਾਸ ਹੋਰ ਦ੍ਰਿੜ ਹੋ ਜਾਂਦਾ ਹੈ ਅਤੇ ਉਹ ਅਗਲੇ ਤਸੀਹਿਆਂ ਵਾਸਤੇ ਆਪਣੇ ਆਪ ਨੂੰ ਤਿਆਰ ਕਰਨ ਲੱਗ ਜਾਂਦਾ ਹੈ। ਇਸ ਆਸ ਨਾਲ ਕਿ ਆਖ਼ਰ ਇਕ ਦਿਨ ਇਹ ਤਸੀਹਿਆਂ ਭਰੀ ਜ਼ਿੰਦਗੀ ਦਾ ਅੰਤ ਹੋਵੇਗਾ ਅਤੇ ਉਸਦੀ ਖ਼ੁਸ਼ੀਆਂ ਭਰੀ ਜ਼ਿੰਦਗੀ ਸ਼ੁਰੂ ਹੋਵੇਗੀ ਅਤੇ ਉਹ ਆਪਣੇ ਮਨ ਵਿਚਲੇ ਸਾਰੇ ਸੁਪਨੇ ਸਾਕਾਰ ਕਰੇਗਾ।

ਕੁਝ ਕੈਦੀਆਂ ਨੂੰ ਪਤਾ ਲੱਗ ਜਾਂਦਾ ਹੈ ਕਿ ਉਹ ਭੂਮੀ-ਮਾਲਕ ਦਾ ਪੁੱਤਰ ਹੈ। ਇਕ ਕਿਸਾਨ ਜੋ ਆਪਣੇ ਮਾਲਕ ਦੇ ਕਤਲ ਦੇ ਜੁਰਮ ਵਿਚ ਉਮਰ ਕੈਦ ਭੁਗਤ ਰਿਹਾ ਹੈ ਉਸਨੂੰ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੰਦਾ ਹੈ।

"ਲੋਹੇ ਦੀਆਂ ਚੁੰਝਾਂ ਵਾਲੇ ਸ਼ਰੀਫ਼ ਜ਼ਾਦਿਓ। ਤੁਸੀਂ ਜਦ ਮਾਲਕ ਹੁੰਦੇ ਸੀ, ਆਪਣੀਆਂ ਬੇਲਗਾਮ ਚੁੰਝਾਂ ਨਾਲ ਮੇਰੇ ਵਰਗੇ ਕਿਸਾਨਾਂ ਨੂੰ ਤਸੀਹੇ ਦਿੰਦੇ ਸੀ। ਉਨ੍ਹਾਂ ਨੂੰ ਕੋਰੜੇ ਮਾਰ-ਮਾਰ ਅਧਮੋਏ ਕਰ ਦਿੰਦੇ ਸੀ। ਹੁਣ ਤੁਹਾਡਾ ਜਦ ਸਾਡੇ ਨਾਲੋਂ ਵੀ ਵੱਧ ਭੈੜਾ ਹਾਲ ਹੈ, ਤੁਸੀਂ ਕਿਹੜੇ ਮੂੰਹ ਨਾਲ ਆਪਣੇ ਆਪ ਨੂੰ ਸਾਡੇ ਭਰਾ ਆਖਦੇ ਹੋ?"

ਉਸ ਦਿਨ ਤਾਂ ਗਾਰਡ ਉਸ ਕੈਦੀ ਨੂੰ ਡਾਂਟ-ਡਪਟ ਕਰ ਕੇ ਚੁੱਪ ਕਰਾ ਦਿੰਦਾ ਹੈ ਪਰ ਫਿਰ ਕਿਸੇ ਦਿਨ ਉਹ ਦਸਤੋਵਸਕੀ ਉਪਰ ਹਮਲਾ ਕਰ ਦਿੰਦਾ ਹੈ। ਉਸਨੂੰ ਫੜਕੇ ਢਾਹ ਲੈਂਦਾ ਹੈ ਅਤੇ ਉਸਦੀ ਸੰਘੀ ਘੁੱਟਣ ਲੱਗ ਜਾਂਦਾ ਹੈ। ਜੇਕਰ ਗਾਰਡ ਉਸ ਦਿਨ ਦਖ਼ਲ ਨਾ ਦਿੰਦਾ, ਦਸਤੋਵਸਕੀ ਦੀ ਜਾਨ ਵੀ ਜਾ ਸਕਦੀ ਸੀ। ਉਸ ਦਿਨ ਤੋਂ ਬਾਅਦ ਦਸਤੋਵਸਕੀ ਨੂੰ ਆਪਣੇ ਅਤੇ ਬਾਕੀ ਕੈਦੀਆਂ ਵਿਚਕਾਰ ਇਕ ਅਜਿਹੀ ਖਾਈ ਨਜ਼ਰ ਆਉਂਦੀ ਹੈ ਜਿਸਨੂੰ ਟੱਪਿਆ ਨਹੀਂ ਜਾ ਸਕਦਾ। ਉਹ ਮਹਿਸੂਸ ਕਰਦਾ ਹੈ ਕਿ ਜਿਵੇਂ ਉਹ ਅਤੇ ਬਾਕੀ ਕੈਦੀ ਵੱਖ-ਵੱਖ ਦੁਸ਼ਮਣ ਕੌਮਾਂ ਦੇ ਬੰਦੇ ਹੋਣ। ਬਹੁਤੇ ਕੈਦੀ ਸ਼ਰੀਫ਼ ਖ਼ਾਨਦਾਨਾਂ ਵਿਚੋਂ ਆਉਣ ਵਾਲੇ ਦਸਤੋਵਸਕੀ ਵਰਗੇ ਕੈਦੀਆਂ ਨੂੰ ਨਫ਼ਰਤ ਕਰਦੇ ਹਨ।

ਪਰ ਉਹ ਆਪਣੇ ਲੋਕ-ਪੱਖੀ ਵਿਚਾਰਾਂ ਅਤੇ ਮਾਨਵਵਾਦੀ ਵਿਵਹਾਰ ਨਾਲ ਕਈ ਤੁਅੱਸਬੀ ਕੈਦੀਆਂ ਦਾ ਮਨ ਵੀ ਜਿੱਤ ਲੈਂਦਾ ਹੈ। ਹੌਲੀ-ਹੌਲੀ ਕਈ ਕੈਦੀ ਉਸਦੇ ਦੋਸਤ ਬਣ ਜਾਂਦੇ ਹਨ। ਉਨ੍ਹਾਂ ਨੂੰ ਉਸਦੇ ਲੇਖਕ ਹੋਣ ਬਾਰੇ ਪਤਾ ਲੱਗ ਜਾਂਦਾ ਹੈ। ਉਹ ਉਸਨੂੰ ਆਪਣੀਆਂ ਕਹਾਣੀਆਂ ਸੁਣਾਉਂਦੇ ਹਨ ਅਤੇ ਉਹ ਉਨ੍ਹਾਂ ਦੀਆਂ ਕਹਾਣੀਆਂ ਵਿਚ ਦਿਲਚਸਪੀ ਲੈਂਦਾ ਹੈ। ਉਨ੍ਹਾਂ ਦੇ ਗੀਤ ਸੁਣਦਾ ਹੈ ਅਤੇ ਉਨ੍ਹਾਂ ਦੀਆਂ ਨੈਤਿਕ ਸਮੱਸਿਆਵਾਂ ਵਿਚ ਦਿਲਚਸਪੀ ਦਿਖਾਉਂਦਾ ਹੈ।

ਇਸ ਜੇਲ੍ਹ ਵਿਚ ਰੂਸ ਦੇ ਸਾਰੇ ਹਿੱਸਿਆਂ ਤੋਂ ਆਏ ਮੁਜ਼ਰਮ ਹਨ। ਇਥੇ ਸਮਗਲਰ ਹਨ, ਨਕਲੀ ਚੀਜ਼ਾਂ ਬਣਾਉਣ ਵਾਲੇ ਹਨ, ਬੱਚਿਆਂ ਨਾਲ ਬਦਫੈਲੀਆਂ ਕਰਨ ਵਾਲੇ ਹਨ, ਡਾਕੂ ਹਨ, ਲੁਟੇਰੇ ਹਨ, ਚੋਰ ਹਨ, ਠੱਗ ਹਨ - ਗੱਲ ਕੀ ਹਰ ਕਿਸਮ ਦੇ ਮੁਜ਼ਰਮ ਹਨ ਜਿਹੜੇ



ਆਪਣੇ-ਆਪਣੇ ਜੁਰਮ ਦੀ ਸਜ਼ਾ ਭੁਗਤ ਰਹੇ ਹਨ। ਇਨ੍ਹਾਂ ਕੈਦੀਆਂ ਵਿਚ ਵੱਖਰੇ-ਵੱਖਰੇ ਸੁਭਾਵਾਂ ਵਾਲੇ ਆਦਮੀ ਹਨ - ਭੋਲੇ ਭਾਲੇ, ਸਿੱਧੇ ਸਾਦੇ, ਗਲਾਕੜ, ਭੌਂਕੇ, ਬਿਲਕੁਲ ਚੁੱਪ ਰਹਿਣ ਵਾਲੇ, ਨਾ ਕਿਸੇ ਨਾਲ ਗੱਲ ਕਰਦੇ ਹਨ ਨਾ ਹੀ ਕਿਸੇ ਗੱਲ ਦਾ ਹੁੰਘਾਰਾ ਭਰਦੇ ਹਨ। ਇਨ੍ਹਾਂ ਤੋਂ ਇਲਾਵਾ ਇਥੇ ਗੰਭੀਰ, ਉਦਾਸ, ਖ਼ੁੰਧਕੀ, ਦਿਆਲੂ, ਖ਼ੁਸ਼ਤਬੀਅਤ ਆਦਮੀ ਵੀ ਹਨ। ਦਸਤੋਵਸਕੀ ਵਾਸਤੇ ਆਪਣੇ ਨਾਵਲਾਂ ਦੇ ਪਾਤਰਾਂ ਦੀਆਂ ਤਸਵੀਰਾਂ ਵਿਚ ਸਜਾਉਣ ਵਾਸਤੇ ਜਿਉਂਦੀਆਂ ਜਾਗਦੀਆਂ ਤਸਵੀਰਾਂ ਵਾਲੀ ਜ਼ਿੰਦਗੀ ਦੀ ਖੁੱਲ੍ਹੀ ਕਿਤਾਬ ਵਾਂਗ ਉਸਦੇ ਸਾਹਮਣੇ ਹੈ।

ਲੇਖਕ ਹੋਣ ਦੇ ਨਾਤੇ ਉਸਨੂੰ ਉਦਾਸ, ਰੁੱਖੇ, ਅਸਮਾਜਿਕ ਅਤੇ ਖ਼ੁੰਧਕੀ ਕਿਸਮ ਦੇ ਕੈਦੀਆਂ ਵਿਚ ਜ਼ਿਆਦਾ ਦਿਲਚਸਪੀ ਹੈ। ਚਾਰ ਸਾਲਾਂ ਵਿਚ ਉਸਨੂੰ ਮਨੁੱਖ ਦੀ ਮੁਜਰਮਾਨਾ ਖ਼ਸਲਤ ਦਾ ਬੜਾ ਡੂੰਘਾ ਅਤੇ ਵਿਸ਼ਾਲ ਅਨੁਭਵ ਹੁੰਦਾ ਹੈ। ਇਨ੍ਹਾਂ ਕੈਦੀਆਂ ਵਿਚ ਗਜ਼ੀਨ ਨਾਂ ਵਾਲਾ ਇਕ ਤਾਤਾਰ ਹੈ ਜਿਸਨੇ ਮਾਸੂਮ ਬੱਚੇ ਕਤਲ ਕੀਤੇ ਹਨ। ਅਨੇਕਾਂ ਕਤਲ ਕਰਨ ਵਾਲਾ ਬੇਕਿਰਕ ਆਦਮੀ ਇਕ ਹੋਰ ਕੈਦੀ ਹੈ ਪਰ ਦਸਤੋਵਸਕੀ ਦੇ ਸੰਪਰਕ ਵਿਚ ਆਉਣ ਨਾਲ ਉਸਦੇ ਅੰਦਰ ਆਪਣੀ ਮੁਜਰਮਾਨਾ ਤਬੀਅਤ ਦਾ ਅਹਿਸਾਸ ਜਾਗਦਾ ਹੈ ਅਤੇ ਉਹ ਆਪਣੇ ਗੁਨਾਹ ਦੀ ਤਲਾਫ਼ੀ ਕਰਨ ਵਾਸਤੇ ਪਸ਼ਚਾਤਾਪ ਕਰਨਾ ਚਾਹੁੰਦਾ ਹੈ। ਦਸਤੋਵਸਕੀ ਉਸਦਾ ਬਦਲਿਆ ਸੁਭਾਅ ਦੇਖਕੇ ਆਪਣੀ ਪਿਆਰੀ ਬਾਈਬਲ ਉਸਨੂੰ ਦੇ ਦਿੰਦਾ ਹੈ। ਦਸਤੋਵਸਕੀ ਇਹ ਜਾਣ ਕੇ ਖ਼ੁਸ਼ ਹੁੰਦਾ ਹੈ ਕਿ ਹੁਣ ਉਹ ਬੇਕਿਰਕ ਦਿਲ ਵਾਲਾ ਆਦਮੀ ਹਰ ਰੋਜ਼ ਬਾਈਬਲ ਪੜ੍ਹਦਾ ਹੈ ਅਤੇ ਹੌਲੀ-ਹੌਲੀ ਖ਼ੂੰਖ਼ਾਰ ਵਹਿਸ਼ੀ ਤੋਂ ਇਨਸਾਨ ਬਣ ਰਿਹਾ ਹੈ। ਹੁਣ ਉਹ ਕਦੇ-ਕਦੇ ਉਸ ਤੋਂ ਬਾਈਬਲ ਦੀਆਂ ਕਈ ਕਹਾਣੀਆਂ ਦੇ ਡੂੰਘੇ ਅਰਥ ਸਮਝਣ ਲਈ ਉਸ ਕੋਲ ਆ ਜਾਂਦਾ ਹੈ ਅਤੇ ਗੱਲਾਂ ਕਰਦਾ-ਕਰਦਾ ਰੋ ਪੈਂਦਾ ਹੈ।

ਉਥੇ ਇਕ ਹੋਰ ਕੈਦੀ ਹੈ ਜਿਸਦਾ ਨਾਂ ਅਰਿਸਤੋਵ ਹੈ। ਉਹ ਬਾਕੀ ਸਾਰੇ ਕੈਦੀਆਂ ਨਾਲੋਂ ਵੱਖਰੀ ਕਿਸਮ ਦਾ ਬੰਦਾ ਹੈ। ਉਸਨੇ ਭਾਵੇਂ ਹਰ ਕਿਸਮ ਦੇ ਜੁਰਮ ਕੀਤੇ ਹਨ, ਪਰ ਉਸਦੇ ਨਫ਼ੀਸ ਸਲੀਕੇ, ਸ਼ਿਸ਼ਟਤਾ ਭਰੀ ਗੱਲਬਾਤ ਤੋਂ ਉਹ ਮੁਜਰਿਮ ਬਿਲਕੁਲ ਨਹੀਂ ਜਾਪਦਾ। ਅਸਲ ਵਿਚ ਉਸਦਾ ਉੱਪਰਲਾ ਰੂਪ ਉਸਦੇ ਅੰਦਰਲੇ ਅਪਰਾਧੀ ਰੂਪ ਨਾਲੋਂ ਬਿਲਕੁਲ ਉਲਟ ਹੈ। ਹੁਣ ਸਭ ਨੂੰ ਪਤਾ ਹੈ ਕਿ ਉਹ ਲੁੱਚਾ ਲਫੰਗਾ, ਵਿਸ਼ਵਾਸਘਾਤੀ, ਧੋਖੇਬਾਜ਼ ਅਤੇ ਦੂਜਿਆਂ ਦਾ ਖ਼ੂਨ ਚੂਸਣ ਵਾਲਾ ਅਸਾਧ ਮੁਜਰਮ ਹੈ। ਮੁਜਰਮਾਂ ਨਾਲ ਭਰੇ ਅਜਿਹੇ ਭਿਆਨਕ ਮਾਹੌਲ ਵਿਚੋਂ ਦਸਤੋਵਸਕੀ ਜ਼ਿੰਦਗੀ ਦੀ ਅਜਿਹੀ ਦੁਰਲੱਭ ਜਾਣਕਾਰੀ ਪ੍ਰਾਪਤ ਕਰਦਾ ਹੈ ਜਿਹੜੀ ਬਾਹਰਲੀ ਜ਼ਿੰਦਗੀ ਵਿਚੋਂ ਪ੍ਰਾਪਤ ਹੋ ਸਕਣੀ ਅਸੰਭਵ ਹੈ।

ਪਰ ਇਥੇ ਅਰਿਸਤੋਵ ਵਰਗੇ ਅਸਾਧ ਮੁਜਰਮਾਂ ਤੋਂ ਬਿਲਕੁਲ ਵੱਖਰੀ ਕਿਸਮ ਦੇ ਕੈਦੀ ਵੀ ਹਨ ਜਿਹੜੇ ਦਿਆਲੂ, ਕਿਰਪਾਲੂ, ਚਕਾਚੌਂਧ ਕਰਨ ਵਾਲੇ ਇਨਸਾਨੀ ਗੁਣਾਂ ਦਾ ਮੁਜੱਸਮਾ ਹਨ। ਕਦੇ-ਕਦੇ ਉਹ ਉਸ ਕੋਲ ਆਪਣੇ ਦਿਲ ਦਾ ਬੋਝ ਹਲਕਾ ਕਰਦੇ ਹਨ। ਉਨ੍ਹਾਂ ਵਿਚ ਇਕ ਅਜਿਹਾ ਨਿਰਛਲ, ਨਿਸ਼ਕਪਟ, ਨਿਰਮਾਨ, ਮਸਕੀਨ ਕੈਦੀ ਵੀ ਹੈ ਜੋ ਆਪਣੇ

ਦ੍ਰਿੜ੍ਹ ਧਾਰਮਿਕ ਵਿਸ਼ਵਾਸਾਂ ਕਾਰਨ ਸਜ਼ਾ ਭੁਗਤ ਰਿਹਾ ਹੈ। ਇਨ੍ਹਾਂ ਅਦਭੁੱਤ ਕੈਦੀਆਂ ਵਿਚੋਂ ਕੋਹਕਾਫ ਪਹਾੜਾਂ ਦੇ ਵਾਸੀ ਉਹ ਬਹਾਦਰ, ਸੂਰਮੇ ਲੋਕ ਵੀ ਹਨ ਜੋ ਆਪਣੀ ਜਨਮ-ਭੂਮੀ ਦੇ ਪਿਆਰ ਲਈ ਸਜ਼ਾ ਭੁਗਤ ਰਹੇ ਹਨ। ਇਹ ਕੈਦੀ ਨਾ ਡਾਕੂ ਹਨ, ਨਾ ਲੁਟੇਰੇ ਹਨ, ਨਾ ਹੀ ਘੋੜਿਆਂ ਦੀਆਂ ਚੋਰੀਆਂ ਕਰਨ ਵਾਲੇ ਹਨ, ਸਗੋਂ ਰਾਜਸੀ ਕੈਦੀ ਹਨ, ਜਿਨ੍ਹਾਂ ਨੇ ਗੁਰੀਲੇ ਬਹਾਦਰ ਦੇਸ਼ ਭਗਤ ਬਣਕੇ ਰੂਸ ਦੀਆਂ ਸਰਹੱਦੀ ਚੌਕੀਆਂ ਦੀਆਂ ਫੌਜਾਂ ਨਾਲ ਇਕੱਲੇ-ਇਕੱਲੇ ਜਾਂ ਨਿੱਕੇ-ਨਿੱਕੇ ਗਰੁੱਪ ਬਣਾਕੇ ਆਪਣੇ ਤੇਜ਼ ਰਫਤਾਰ ਘੋੜਿਆਂ ਉੱਪਰ ਬਹਿਕੇ ਗੁਰੀਲਾ ਕਿਸਮ ਦੀਆਂ ਲੜਾਈਆਂ ਲੜੀਆਂ ਹਨ। ਉਨ੍ਹਾਂ ਨੇ ਆਪਣੀ ਬਹਾਦਰੀ ਦੀਆਂ ਅਜਿਹੀਆਂ ਧੁੰਮਾਂ ਪਾਈਆਂ ਹਨ ਕਿ ਪੁਸ਼ਕਿਨ ਅਤੇ ਲਮਰਦੋਵ ਵਰਗੇ ਰੂਸੀ ਕਵੀਆਂ ਨੇ ਇਨ੍ਹਾਂ ਕੋਹਕਾਫੀ ਜਾਂਬਾਜਾਂ ਦੀ ਦਲੇਰਾਨਾ ਜਾਂਬਾਜ਼ੀ ਦੀ ਪ੍ਰਸ਼ੰਸਾ ਵਿਚ ਕਵਿਤਾਵਾਂ ਲਿਖੀਆਂ ਹਨ। ਇਹ ਚੈਚਨੀਆਂ, ਦਾਗਸਤਾਨ ਅਤੇ ਸਿਰੇਸ਼ੀਆ ਦੇ ਬਹਾਦਰ ਲੋਕ ਜ਼ਾਰਸ਼ਾਹੀ ਜ਼ੁਲਮ ਵਿਰੁੱਧ ਆਪਣੀ-ਆਪਣੀ ਜਨਮ-ਭੂਮੀ ਦੀ ਆਜ਼ਾਦੀ ਲਈ ਸੰਘਰਸ਼ ਕਰ ਰਹੇ ਸਨ। ਅਜਿਹੇ ਸੂਰਮੇ ਦੇਸ਼ ਭਗਤ ਵਿਚੋਂ ਇਕ ਨੂਰਾ ਨਾਂ ਦਾ ਕੈਦੀ ਹੈ। ਇਹ ਕੈਦੀ ਨਾ ਗੋਲੀ ਤੋਂ ਡਰਦਾ ਹੈ ਨਾ ਤਲਵਾਰ ਤੋਂ। ਉਸਨੂੰ ਮੌਤ ਦਾ ਕੋਈ ਭੈ ਨਹੀਂ। ਸਾਰੇ ਕੈਦੀ ਸਤਿਕਾਰ ਨਾਲ ਉਸਨੂੰ 'ਬਬਰ ਸ਼ੇਰ ਨੂਰਾ' ਆਖਦੇ ਹਨ। ਆਪਣੇ ਲੋਕਾਂ ਦੀ ਆਜ਼ਾਦੀ ਵਾਸਤੇ ਲੜਨ ਵਾਲਾ ਉਹ ਫੌਲਾਦੀ ਜੁੱਸੇ ਅਤੇ ਦ੍ਰਿੜ੍ਹ ਇਰਾਦੇ ਵਾਲਾ ਬੇਖੌਫ਼ ਲੜਾਕਾ ਹੈ। ਕਾਕੇਸ਼ੀਆ ਵਿਖੇ ਉਹ ਕਿਸੇ ਨਿੱਕੇ ਜਿਹੇ ਪਿੰਡ ਦਾ ਵਸਨੀਕ ਹੈ। ਲੁਕ ਛਿਪਕੇ ਉਹ ਪਹਾੜੀ ਗੁਰੀਲਿਆਂ ਵਿਚ ਰਲ ਜਾਂਦਾ ਸੀ ਅਤੇ ਰੂਸੀ ਚੌਕੀਆਂ ਉਪਰ ਛਾਪੇ ਮਾਰਕੇ ਉਨ੍ਹਾਂ ਦੀ ਨੀਂਦ ਹਰਾਮ ਕਰਿਆ ਕਰਦਾ ਸੀ। ਜਿਨ੍ਹਾਂ ਦਿਨ ਵਿਚ ਪ੍ਰਸਿੱਧ ਕਾਕੇਸ਼ੀ ਬਹਾਦਰ ਸ਼ਮੀਲ ਦੇ ਛਾਪੇ ਆਪਣੀ ਸਿਖ਼ਰ ਉੱਤੇ ਸਨ, ਨੂਰਾ ਉਨ੍ਹਾਂ ਛਾਪਿਆਂ ਵਿਚ ਸ਼ਾਮਲ ਹੁੰਦਾ ਸੀ।

ਇਨ੍ਹਾਂ ਇਲਾਕਿਆਂ ਦੇ ਕਈ ਹੋਰ ਬਹਾਦਰ ਤਾਤਾਰ ਵੀ ਦਸਤੋਵਸਕੀ ਨੂੰ ਇਥੇ ਮਿਲਦੇ ਹਨ, ਜਿਨ੍ਹਾਂ ਨੂੰ ਦੇਸ਼ ਨਿਕਾਲੇ ਦੀ ਸਜ਼ਾ ਦੇ ਕੇ ਇਸ ਜੇਲ੍ਹ ਵਿਚ ਭੇਜਿਆ ਗਿਆ ਹੈ। ਉਸਦੀ ਕੋਠੜੀ ਦਾ ਸਾਥੀ ਅਲੀ ਬਹੁਤ ਹੀ ਖ਼ੂਬਸੂਰਤ ਨੌਜਵਾਨ ਅਤੇ ਨੇਕ ਦਿਲ ਤਾਤਾਰ ਹੈ। ਉਸ ਨਾਲ ਆਪਣੀ ਮੁਲਾਕਾਤ ਨੂੰ ਦਸਤੋਵਸਕੀ ਆਪਣੀ ਜ਼ਿੰਦਗੀ ਦੀਆਂ ਸਭ ਮੁਲਾਕਾਤਾਂ ਨਾਲੋਂ ਮਹੱਤਵਪੂਰਨ ਸਮਝਦਾ ਹੈ। ਅਲੀ ਕੁਦਰਤੀ ਸੁਹੱਪਣ ਵਾਲਾ ਇਕ ਅਜਿਹਾ ਵਿਲੱਖਣ ਆਦਮੀ ਹੈ ਜਿਸ ਨਾਲ ਬੁਰਾਈ ਦੀ ਕੋਈ ਗੱਲ ਸੰਬੰਧਤ ਵੀ ਨਹੀਂ ਕੀਤੀ ਜਾ ਸਕਦੀ ਹੈ।

ਉਸਨੂੰ ਹਰ ਕੈਦੀ ਕਿਸੇ ਨਾਵਲ ਜਾਂ ਕਹਾਣੀ ਦਾ ਪਾਤਰ ਜਾਪਦਾ ਹੈ। ਉਨ੍ਹਾਂ ਨਾਵਲਾਂ ਅਤੇ ਕਹਾਣੀਆਂ ਦੇ ਪਾਤਰ ਉਸਦੇ ਸਾਹਮਣੇ ਹਨ ਜਿਨ੍ਹਾਂ ਨੂੰ ਉਸਨੇ ਅਜੇ ਲਿਖਣਾ ਹੈ। ਉਸਦੇ ਮਨ ਵਿਚ ਹਰ ਰੋਜ਼ ਨਾਵਲਾਂ ਦੇ ਕਈ ਪਲਾਟ ਬਣਦੇ ਹਨ, ਕਹਾਣੀਆਂ ਸਿਰਜੀਆਂ ਜਾ ਰਹੀਆਂ ਹਨ, ਬਸ ਉਸਨੂੰ ਉਡੀਕ ਹੈ ਉਹ ਕਦ ਬਾਹਰ ਨਿਕਲੇ, ਕਦ ਉਸਨੂੰ ਆਪਣੇ ਅੰਦਰ ਜਨਮ ਲੈ ਰਹੇ ਨਾਵਲ ਕਹਾਣੀਆਂ ਨੂੰ ਰੂਪਮਾਨ ਕਰਨ ਦਾ ਅਵਸਰ ਮਿਲੇ। ਮਹਿਸੂਸ ਕਰਦਾ ਹੈ ਕਿ ਉਸਦੇ ਅੰਦਰ ਇਕ ਮਹਾਨ ਨਾਵਲਕਾਰ ਜਨਮ ਲੈ ਰਿਹਾ ਹੈ। ਹਰ ਰੋਜ਼



ਵਿਕਸਿਤ ਹੋ ਰਿਹਾ ਹੈ। ਉਸਨੂੰ ਹਰ ਰੋਜ਼ ਨਵੇਂ ਅਨੁਭਵਾਂ ਨਾਲ ਨਵੀਂ ਸ਼ਕਤੀ, ਨਵੀਂ ਵਿਸ਼ਾਲਤਾ ਮਿਲ ਰਹੀ ਹੈ। ਕੌੜੇ ਅਨੁਭਵਾਂ ਵਿਚੋਂ ਕਿੰਨਾ ਹੀ ਰਸਦਾਇਕ ਅਨੁਭਵ ਖਮੀਰਿਆ ਜਾ ਰਿਹਾ ਹੈ। ਕਿਸੇ ਦਿਨ ਇਸ ਕੁੜੱਤਣ ਨੇ ਸ਼ਹਿਦ ਵਰਗੀ ਮਿਠਾਸ ਵਿਚ ਵਟ ਜਾਣਾ ਹੈ। ਜ਼ਿੰਦਗੀ ਕਿੰਨੀ ਪਰਿਵਤਨਸ਼ੀਲ ਹੈ, ਪਰਿਵਤਨ ਨਾਲ ਹੀ ਵਿਕਾਸ ਹੁੰਦਾ ਹੈ। ਜ਼ਿੰਦਗੀ ਨੇ ਇਸੇ ਤਰ੍ਹਾਂ ਵਿਕਾਸ ਕੀਤਾ ਹੈ। ਹਾਰਾਂ ਵਿਚੋਂ ਕਾਮਯਾਬੀਆਂ ਤਲਾਸ਼ੀਆਂ ਹਨ। ਹਨੇਰਿਆਂ ਵਿਚੋਂ ਚਾਨਣ ਨਿਕਲਿਆ ਹੈ। ਨਿਰਾਸ਼ਾਵਾਂ ਵਿਚੋਂ ਆਸ਼ਾਵਾਂ ਜੰਮੀਆਂ ਹਨ। ਹੁਣ ਉਸਨੂੰ ਜ਼ਿੰਦਗੀ ਦੀ ਸੁਰੰਗ ਹਨੇਰੀ ਨਹੀਂ ਜਾਪਦੀ। ਇਸਦੇ ਅਗਲੇ ਸਿਰੇ ਉੱਪਰ ਉਸਨੂੰ ਚਾਨਣ ਹੀ ਚਾਨਣ ਨਜ਼ਰ ਆਉਂਦਾ ਹੈ, ਅਜਿਹਾ ਚਾਨਣ ਜਿਸ ਵੱਲ ਉਹ ਹਰ ਰੋਜ਼ ਵੱਧ ਰਿਹਾ ਹੈ। ਮੁੱਕਣ ਵਾਲਾ ਦਿਨ ਕਾਲਾ ਹੁੰਦਾ ਹੈ। ਚੜ੍ਹਨ ਵਾਲਾ ਦਿਨ ਚਿੱਟਾ ਹੁੰਦਾ ਹੈ। ਕਾਲੇ ਦਿਨਾਂ ਦੇ ਅਖ਼ੀਰ ਮੁੱਕਣਾ ਹੈ, ਚਿੱਟੇ ਦਿਨਾਂ ਨੇ ਆਉਣਾ ਹੈ, ਜਿਥੇ ਚਾਨਣ ਹੀ ਚਾਨਣ ਹੋਵੇਗਾ, ਗਿਆਨ ਦਾ ਚਾਨਣ, ਪਿਆਰ ਦਾ ਚਾਨਣ, ਭਰੱਪਣ ਦਾ ਚਾਨਣ, ਖ਼ੁਸ਼ਹਾਲੀ ਦਾ ਚਾਨਣ, ਵਿਕਾਸ ਦਾ ਚਾਨਣ.......।

ਉਸਦੇ ਸਾਹਮਣੇ ਓਰਲੋਵ ਹੈ। ਉਹ ਅਜਿਹਾ ਕੈਦੀ ਹੈ ਜਿਸਦੀ ਅਥਾਹ ਸ਼ਕਤੀ, ਦ੍ਰਿੜ੍ਹ ਇਰਾਦਾ, ਅਟੁੱਟ ਲਗਨ ਅਜਿਹੇ ਗੁਣ ਹਨ ਜੋ ਹਰ ਕਿਸੇ ਅੰਦਰ ਜਿਉਣ ਦੀ ਇੱਛਾ ਪੈਦਾ ਕਰਦੇ ਹਨ।

ਇਕ ਹੋਰ ਕੈਦੀ ਹੈ ਪੀਤਰੋਵ। ਉਹ ਦ੍ਰਿੜ੍ਹ ਸੰਕਲਪ, ਨਿਡਰਤਾ ਅਤੇ ਅਮੋੜ ਇੱਛਾਵਾਂ ਦਾ ਸਾਕਾਰ ਰੂਪ ਹੈ।

ਇਨ੍ਹਾਂ ਕੈਦੀਆਂ ਵਿਚ ਬੈਠਾ ਉਹ ਆਪਣੇ ਆਪ ਨੂੰ ਨਿਰਖ ਪਰਖ ਰਿਹਾ ਹੈ। ਆਪਣੇ ਆਪ ਦਾ ਉਨ੍ਹਾਂ ਨਾਲ ਮੁਕਾਬਲਾ ਕਰਦਾ ਹੈ। ਉਨ੍ਹਾਂ ਤੋਂ ਪ੍ਰੇਰਨਾ ਲੈਂਦਾ ਹੈ। ਨਵੇਂ ਹਾਲਾਤ ਅਨੁਸਾਰ ਆਪਣਾ ਦ੍ਰਿਸ਼ਟੀਕੋਣ ਬਦਲਦਾ ਹੈ, ਉਸ ਕਿਸਮਤ ਦਾ ਧੰਨਵਾਦ ਕਰਦਾ ਹੈ ਜਿਸਨੇ ਉਸਨੂੰ ਇਹ ਇਕਾਂਤ, ਇਹ ਇਕੱਲਤਾ ਪ੍ਰਦਾਨ ਕੀਤੀ ਹੈ ਜਿਸ ਬਿਨਾਂ ਉਸ ਤੋਂ ਆਪਣੇ ਆਪ ਬਾਰੇ ਫੈਸਲਾ ਹੀ ਨਹੀਂ ਸੀ ਹੋਣਾ, ਨਾ ਹੀ ਉਸਨੇ ਆਪਣੀ ਬੀਤੀ ਜ਼ਿੰਦਗੀ ਦਾ ਪੁਨਰ ਨਿਰੀਖਣ ਕਰ ਸਕਣਾ ਸੀ।

ਉਸਦੀ ਚਾਰ ਸਾਲਾਂ ਬਾਮੁਸ਼ੱਕਤ ਕੈਦ 23 ਜਨਵਰੀ ਨੂੰ ਖ਼ਤਮ ਹੋ ਜਾਂਦੀ ਹੈ। ਇਕ ਫਰਵਰੀ ਨੂੰ ਓਮਸਕ ਜੇਲ੍ਹ ਵਿਚੋਂ ਉਸਨੂੰ ਰਿਹਾਅ ਕਰ ਦਿੱਤਾ ਜਾਂਦਾ ਹੈ। ਸਾਰੇ ਕੈਦੀਆਂ ਨੂੰ ਅਲਵਿਦਾ ਕਹਿਣ ਵਾਸਤੇ ਉਹ ਉਨ੍ਹਾਂ ਦੀਆਂ ਬੈਰਕਾਂ ਵਿਚ ਜਾਂਦਾ ਹੈ। ਡੂਰੋਵ ਵੀ ਉਸਦੇ ਨਾਲ ਹੀ ਰਿਹਾਅ ਹੋ ਰਿਹਾ ਹੈ। ਦੋਹਾਂ ਦੋਸਤਾਂ ਨੂੰ ਲੁਹਾਰ ਦੇ ਕਾਰਖਾਨੇ ਵਿਚ ਲਿਜਾਇਆ ਜਾਂਦਾ ਹੈ। ਉਨ੍ਹਾਂ ਦੀਆਂ ਬੇੜੀਆਂ ਕੱਟੀਆਂ ਜਾਂਦੀਆਂ ਹਨ। ਮਹਿਸੂਸ ਕਰਦਾ ਹੈ ਕਿ ਮੁਰਦਿਆਂ ਦੇ ਘਰ ਵਿਚੋਂ ਬਾਹਰ ਆ ਕੇ ਮੁੜ ਜ਼ਿੰਦਗੀ ਨਾਲ ਜੁੜ ਗਿਆ ਹੈ। ਉਸਦਾ ਪੁਨਰ ਜਨਮ ਹੋ ਗਿਆ ਹੈ। ਸੱਚਮੁੱਚ ਹੀ ਬਹੁਤ ਸ਼ਾਨਦਾਰ ਘੜੀ ਹੈ। ਆਜ਼ਾਦੀ ਸੱਚਮੁੱਚ ਇਕ ਖ਼ੂਬਸੂਰਤ ਅਨੁਭਵ ਹੈ। •੭

(ਦਸਤੋਵਸਕੀ ਬਾਰੇ ਲਿਖੇ ਗਏ ਨਾਵਲ 'ਕੁਠਾਲੀ ਪਿਆ ਸੋਨਾ' ਵਿਚੋਂ)

# ਮੌਤ ਦੇ ਰੂ-ਬ-ਰੂ

- ਹਰਚਰਨ ਸਿੰਘ ਕਪੂਰਥਲਾ

ਬਹੁਤ ਲੰਮੀ ਰੇਲਵੇ ਦੀ ਮੁਲਾਜ਼ਮਤ ਹੋਣ ਕਰਕੇ ਮੈਂ ਲਗਭਗ 60 ਸਾਲ ਰੇਲਵੇ ਦੀ ਸੇਵਾ ਅਤੇ ਟਰੇਡ ਯੂਨੀਅਨ ਨਾਲ ਜੁੜਿਆ ਰਿਹਾ ਹਾਂ। ਭਾਵੇਂ ਨਿੱਕੇ ਹੁੰਦਿਆਂ ਮੈਂ ਰੇਲਵੇ ਇੰਜਣ ਦੇ ਖੜਾਕ ਤੋਂ ਬਹੁਤ ਹੀ ਡਰਦਾ ਹੁੰਦਾ ਸਾਂ ਤੇ ਜਦੋਂ ਤੋਂ ਮੈਂ ਹੋਸ਼ ਸੰਭਾਲੀ ਹੈ ਜਾਂ ਇੰਜ ਕਹਿ ਲਓ ਕਿ ਜਦੋਂ ਤੋਂ ਬਾਹਰੀ ਦ੍ਰਿਸ਼ ਮੇਰੀ ਚੇਤਨਾ ਵਿਚ ਉੱਗੜਨੇ ਸ਼ੁਰੂ ਹੋਏ ਹਨ, ਉਸ ਵੇਲੇ ਤੋਂ ਹੀ ਰੇਲਵੇ ਦੇ ਇੰਜਣ ਦੇ ਖੜਾਕ ਦਾ ਡਰ ਮੈਨੂੰ ਸੁੰਨ ਕਰ ਦਿਆ ਕਰਦਾ ਸੀ। ਜਦ ਕਦੀਂ ਵੀ ਮੈਂ ਆਪਣੇ ਮਾਪਿਆਂ ਨਾਲ ਗੱਡੀ ਚੜ੍ਹਨ ਲਈ ਸਟੇਸ਼ਨ ਤੇ ਆਉਣਾ ਤਾਂ ਗੱਡੀ ਪਲੇਟਫਾਰਮ ਅੰਦਰ ਦਾਖਲ ਹੋਣ ਤੇ ਮੈਂ ਡਰ ਨਾਲ ਉੱਚੀ-ਉੱਚੀ ਚੀਕਾਂ ਮਾਰਨੀਆਂ ਅਤੇ ਜਾਂ ਮੈਂ ਆਪਣੀ ਭਾਬੀ (ਮਾਂ) ਦੀਆਂ ਲੱਤਾਂ ਨੂੰ ਚਿੰਬੜ ਕੇ ਘੁੱਟ ਕੇ ਕੰਨਾਂ ਵਿਚ ਉਂਗਲਾਂ ਲੈ ਲੈਣੀਆਂ, ਜਾਂ ਭੱਜ ਕੇ ਸਟੇਸ਼ਨ ਦੇ ਜੰਗਲੇ ਤੋਂ ਬਾਹਰ ਨਿਕਲ ਜਾਣਾ ਅਤੇ ਗੱਡੀ ਦੇ ਖਲੋ ਜਾਣ ਪਿੱਛੋਂ ਹੀ ਆਪਣੇ ਮਾਪਿਆਂ ਕੋਲ ਪਰਤਣਾ। ਗੱਡੀ ਦੇ ਸਫ਼ਰ ਅਤੇ ਸੇਵਾ ਦੀਆਂ ਅਨੇਕਾਂ ਯਾਦਾਂ ਅਤੇ ਸਰੀਰ ਨੂੰ ਸੁੰਨ ਕਰ ਦੇਣ ਵਾਲੀਆਂ ਅਨੇਕਾਂ ਘਟਨਾਵਾਂ ਅੱਜ ਵੀ ਮੇਰੇ ਮਸਤਕ ਵਿਚ ਉਸੇ ਤਰ੍ਹਾਂ ਰੂਪਮਾਨ ਹਨ।

ਉਬਲਿਆ ਅੰਡਾ ਅਤੇ ਫੁੱਲਿਆ ਭਕਾਨਾ ਪਹਿਲੀ ਵਾਰੀ ਰਾਵਲਪਿੰਡੀ ਰੇਲਵੇ ਸਟੇਸ਼ਨ ਦੇ ਪਲੇਟਫਾਰਮ ਤੇ ਮੇਰੀ ਚੇਤਨਾ ਦਾ ਹਿੱਸਾ ਬਣਿਆ। ਕੋਠੇ ਚੜ੍ਹਨ ਵਾਲੀ ਲੱਕੜ ਦੀ ਪੌੜੀ ਤੋਂ ਡਿੱਗਣ ਕਾਰਨ ਮੇਰੇ ਸਿਰ ਦੀ ਖੋਪੜੀ ਪਾਟ ਗਈ ਸੀ। ਜਦੋਂ ਮੈਂ ਅਜੇ ਮੁਸ਼ਕਿਲ ਨਾਲ ਢਾਈ ਤਿੰਨ ਸਾਲ ਦਾ ਸੀ। ਮੇਰਾ ਬਾਪ ਫੌਜੀ ਸੀ ਅਤੇ ਉਸ ਵੇਲੇ ਉਹ ਨੌਸ਼ਹਿਰਾ ਛਾਉਣੀ ਵਿਚ ਸਨ। ਉਹ ਮੇਰੇ ਇਲਾਜ ਲਈ ਮੈਨੂੰ ਅਤੇ ਮੇਰੀ ਮਾਂ ਨੂੰ ਛੁੱਟੀ ਆ ਕੇ ਨਾਲ ਲੈ ਗਏ। ਤੜਕੇ ਸਵੇਰੇ ਜਦ ਗੱਡੀ ਰਾਵਲਪਿੰਡੀ ਪਹੁੰਚੀ ਤਾਂ ਮੈਨੂੰ ਜਗਾ ਕੇ ਉਹਨਾਂ ਅੰਡੇ ਦੀ ਜ਼ਰਦੀ ਖਵਾਈ। ਉਸੇ ਵੇਲੇ ਹੀ ਫੁਲਾਏ ਹੋਏ ਭਕਾਨੇ ਵੇਚਣ ਵਾਲਾ ਭਕਾਨੇ ਲੈਕੇ ਸਾਡੇ ਡੱਬੇ ਕੋਲੋਂ ਲੰਘਿਆ। ਮੈਂ ਭਕਾਨਾ ਲੈਣ ਲਈ ਰੌਲਾ ਪਾ ਦਿੱਤਾ।

1944 ਵਿਚ ਅਜੇ ਮੈਂ ਛੇਵੀਂ ਜਮਾਤ ਵਿਚ ਪੜ੍ਹਦਾ ਸਾਂ ਅਤੇ ਆਪਣੇ ਬਾਪ ਨੂੰ ਕੈਮਲਪੁਰ ਛਾਉਣੀ ਵਿਖੇ ਆਪਣੇ ਤਾਇਆ ਨਾਲ ਮਿਲਣ ਜਾ ਰਿਹਾ ਸੀ। ਉਸ ਵੇਲੇ ਤੜਕਸਾਰ ਮੈਂ ਰੇਲਵੇ ਦੇ ਰੰਗਬਰੰਗੇ ਜਗਦੇ ਸਿਗਨਲ ਪਹਿਲੀ ਵਾਰ ਵਜ਼ੀਰਾਬਾਦ ਦੇ ਸਟੇਸ਼ਨ ਤੇ ਵੇਖੇ ਸਨ। ਇਸੇ ਤਰ੍ਹਾਂ ਹੀ ਇਕ ਵਾਰ ਮੈਨੂੰ ਅਤੇ ਮੇਰੀ ਮਾਂ ਨੂੰ ਲਾਹੌਰ ਭਾਈਆ ਜੀ ਨੂੰ ਮਿਲਣ ਜਾਣਾ ਪਿਆ। ਜਦੋਂ ਉਹਨਾਂ ਦੀ ਪਲਟਣ ਗੱਡੀ ਰਾਹੀਂ ਲਾਹੌਰ ਲੰਘ ਰਹੀ ਸੀ ਅਤੇ ਬਰਮਾ ਦੂਸਰੇ ਵਿਸ਼ਵ ਯੁੱਧ ਵਿਚ ਜਾ ਰਹੀ ਸੀ। ਭਾਬੀ ਜੀ ਅਤੇ ਮੈਂ ਪਹਿਲੇ ਦਿਨ ਹੀ ਲਾਹੌਰ ਨੂੰ ਚਾਲੇ ਪਾਏ ਸਨ। ਸ. ਦਿਆਲ ਸਿੰਘ ਜੋ ਦੂਰ ਤੋਂ ਸਾਡਾ ਰਿਸ਼ਤੇਦਾਰ ਸੀ ਅਤੇ ਲਾਇਲਪੁਰ ਤੋਂ ਲਾਹੌਰ ਦੀ ਗੱਡੀ ਤੇ ਫਾਇਰਮੈਨ ਦੀ ਡਿਊਟੀ ਭੁਗਤਾ ਰਿਹਾ ਸੀ, ਸਾਨੂੰ ਨਾਲ ਲੈ ਗਿਆ ਅਤੇ ਲਾਹੌਰ ਜਾ ਕੇ ਉਸ ਸਾਨੂੰ ਦੋਵਾਂ ਮਾਂ-ਪੁੱਤ ਨੂੰ ਇੰਜਣ ਤੇ ਚੜ੍ਹਾ ਲਿਆ ਅਤੇ ਸ਼ੈਡ ਵਿਚ ਇੰਜਣ ਜਮ੍ਹਾਂ ਕਰਵਾਉਣ ਉਪਰੰਤ ਆਪਣੇ ਘਰ ਲੈ ਗਿਆ ਸੀ। ਇਹ ਰੇਲਵੇ ਦੇ ਉਸ ਇੰਜਣ ਦੀ ਮੇਰੀ ਪਹਿਲੀ ਯਾਤਰਾ ਸੀ। ਜਿਸ ਤੋਂ ਮੈਂ ਹਮੇਸ਼ਾ ਡਰਦਾ ਚੀਕਾਂ ਮਾਰਦਾ ਹੁੰਦਾ ਸੀ। ਪ੍ਰੰਤੂ ਉਸ ਵੇਲੇ ਇਹ ਕੀ ਪਤਾ ਸੀ ਕਿ ਮੈਂ ਵੱਡੇ ਹੋਕੇ ਜੀਵਨ ਯਾਤਰਾ ਦੀ ਸ਼ੁਰੂਆਤ ਅਤੇ ਜੀਵਨ ਲੋੜਾਂ ਇਸ ਇੰਜਣ ਨੂੰ ਚਲਾਉਣ ਦੀ ਸੇਵਾ ਕਰਕੇ ਹੀ ਪੂਰੀਆਂ ਕਰਨੀਆਂ ਹਨ।



ਪਾਕਿਸਤਾਨ ਦੇ ਬਣਨ ਪਿੱਛੋਂ ਉੱਜੜ ਕੇ ਉਧਰੋਂ ਇਧਰ ਆਉਣ ਕਰਕੇ ਅਤੇ ਆਪਣੇ ਬਾਪ ਦੇ ਰੇਲ ਗੱਡੀ ਥੱਲੇ ਆ ਕੇ (ਦੁਰਘਟਨਾ ਨਾਲ) ਮੌਤ ਹੋ ਜਾਣ ਨਾਲ ਘਰ ਦੀ ਆਰਥਿਕ ਹਾਲਤ ਅਤਿਅੰਤ ਖਸਤਾ ਹੋਣ ਕਰਕੇ ਮੈਂ ਮੈਟ੍ਰਿਕ ਤੋਂ ਅੱਗੇ ਪੜ੍ਹਾਈ ਜਾਰੀ ਨਾ ਰੱਖ ਸਕਿਆ ਅਤੇ ਇਕ ਮਿਹਰਬਾਨ ਰੇਲਵੇ ਸਹਾਇਕ ਸਟੇਸ਼ਨ ਮਾਸਟਰ ਦੀ ਸਹਾਇਤਾ ਨਾਲ 1952 ਵਿਚ ਰੇਲਵੇ ਵਿਚ ਸ਼ੈੱਡ ਕਲੀਨਰ ਭਰਤੀ ਹੋ ਗਿਆ, ਜਿਸਨੇ ਤਰੱਕੀ ਕਰਕੇ ਅੱਗੇ ਚੱਲਕੇ ਰੇਲਵੇ ਡਰਾਇਵਰ ਬਣਨਾ ਸੀ। 1947 ਦੀ ਵੰਡ ਤੋਂ ਪਹਿਲਾਂ ਮੈਂ ਘਰਦਿਆਂ ਦਾ ਛਿੰਦਾ ਪੁੱਤ ਸੀ। ਪ੍ਰੰਤੂ ਛੇ ਜੀਆਂ ਦੇ ਟੱਬਰ ਵਿਚ ਸਭ ਤੋਂ ਵੱਡਾ ਹੋਣ ਕਰਕੇ ਅਤੇ ਆਰਥਿਕ ਹਾਲਤ ਮਾੜੀ ਹੋਣ ਕਰਕੇ ਕੋਈ ਹੋਰ ਚੰਗੀ ਨੌਕਰੀ ਦੀ ਉਡੀਕ ਕਰਨਾ ਬਿਲਕੁਲ ਅਸੰਭਵ ਸੀ। ਉਸ ਵੇਲੇ ਥੋੜ੍ਹੀ ਜਿਹੀ ਕੋਸ਼ਿਸ਼ ਨਾਲ ਮੈਟ੍ਰਿਕ ਨੂੰ ਤੀਸਰੇ ਦਰਜ਼ੇ ਦੀਆਂ ਨੌਕਰੀਆਂ ਆਮ ਹੀ ਮਿਲ ਜਾਂਦੀਆਂ ਸਨ। ਪ੍ਰੰਤੂ ਤੱਤਕਾਲੀ ਹਾਲਤਾਂ ਨੇ ਇਸਦੀ ਕੋਈ ਗੁੰਜਾਇਸ਼ ਹੀ ਬਾਕੀ ਨਹੀਂ ਸੀ ਛੱਡੀ।

ਅਜੇ ਮੁਸ਼ਕਿਲ ਨਾਲ ਮੇਰੀ ਨੌਕਰੀ ਤਕਰੀਬਨ ਦੋ ਸਾਲ ਹੀ ਹੋਈ ਸੀ ਕਿ ਇਕ ਦਿਨ ਮੈਨੂੰ ਮੇਰੇ ਇਕ ਹੋਰ ਕੁਲੀਗ ਮੁਕਟ ਬਿਹਾਰੀ ਨਾਲ ਰੇਲਵੇ ਸਟੇਸ਼ਨ ਤੇ ਸ਼ੰਟ ਕਰ ਰਹੇ ਇੰਜਣਾਂ ਦੀ ਝਾੜ ਪੂੰਜ ਕਰਨ ਨੂੰ ਭੇਜ ਦਿੱਤਾ ਗਿਆ। ਅਸੀਂ ਆਪਣਾ ਕੰਮ ਮੁਕਾ ਕੇ ਡੇਹਰਾ ਬਾਬਾ ਨਾਨਕ ਵਾਲੇ (ਅੰਮ੍ਰਿਤਸਰ) ਪਲੇਟਫਾਰਮ ਤੇ ਇਕ ਬੈਂਚ ਤੇ ਸਾਹ ਲੈਣ ਲਈ ਬੈਠ ਗਏ। ਉਸ ਵੇਲੇ ਡੇਹਰਾ ਬਾਬਾ ਨਾਨਕ ਤੋਂ ਗੱਡੀ ਆ ਕੇ ਖਲੋ ਗਈ। ਸਵਾਰੀਆਂ ਉੱਤਰ ਗਈਆਂ। ਇਕ ਸਵਾਰੀ (ਬੀਬੀ) ਜੋ ਸਰੀਰ ਤੋਂ ਬਹੁਤ ਭਾਰੀ ਸੀ ਅਤੇ ਉਮਰੋਂ ਵੀ 50 ਵਰ੍ਹਿਆਂ ਤੋਂ ਉੱਪਰ ਲੱਗਦੀ ਸੀ ਅਤੇ ਜਿਸਦੇ ਨਾਲ ਸੱਤਾਂ-ਅੱਠਾਂ ਵਰ੍ਹਿਆਂ ਦੀ ਉਸਦੀ ਪੋਤੀ ਸੀ, ਜੋ ਪਹਿਲਾਂ ਹੀ ਛਾਲ ਮਾਰ ਕੇ ਗੱਡੀ ਵਿਚੋਂ ਉਤਰ ਗਈ ਸੀ। ਇਹ ਇਕ ਇਤਫ਼ਾਕ ਦੀ ਹੀ ਗੱਲ ਸੀ ਕਿ ਬੀਬੀ ਗੱਡੀ ਤੋਂ ਉਤਰਨ ਲਈ ਪਹਿਲਾਂ ਬਾਰੀ ਵਿਚ ਬੈਠੀ ਅਤੇ ਦੋਵਾਂ ਹੀ ਡੰਡਿਆਂ ਨੂੰ ਹੱਥ ਪਾ ਕੇ ਜਦੋਂ ਹੀ ਉਸ ਆਪਣੇ ਪੈਰ ਪਲੇਟਫਾਰਮ ਤੇ ਰੱਖੇ ਤਾਂ ਗੱਡੀ ਪਿੱਛੇ ਨੂੰ ਤੁਰ ਪਈ। ਕਿਉਂ ਜੋ ਗੱਡੀ ਨੂੰ ਪਲੇਟਫਾਰਮ ਤੋਂ ਖਿੱਚ ਕੇ ਕਿਤੇ ਹੋਰ ਲਾਈਨ ਤੇ ਕਰਨਾ ਸੀ ਤਾਂ ਜੋ ਉਸ ਪਲੇਟਫਾਰਮ ਤੇ ਹੋਰ ਗੱਡੀ ਲਈ ਜਾ ਸਕੇ। ਬੀਬੀ ਗੱਡੀ ਦੇ ਨਾਲ-ਨਾਲ ਹੀ ਘੜੀਸੀ ਜਾਣ ਲੱਗੀ। ਬੀਬੀ ਦੇ ਤਾਂ ਸ਼ਾਇਦ ਹੋਸ਼ ਹੀ ਗੁੰਮ ਹੋ ਗਏ ਸਨ ਪ੍ਰੰਤੂ ਉਸਦੇ ਨਾਲ ਛੋਟੀ ਬੱਚੀ ਉੱਚੀ-ਉੱਚੀ ਚੀਕਾਂ ਮਾਰ-ਮਾਰ ਰੌਲਾ ਪਾਉਣ ਲੱਗ ਗਈ। 'ਹਾਏ ਮੇਰੀ ਮਾਂ ਗੱਡੀ ਥੱਲੇ ਆ ਚੱਲੀ ਏ।' ਉਹ ਇਹੋ ਚੀਕਦੀ ਅਤੇ ਦੁਹਰਾਈ ਜਾਂਦੀ ਸੀ। ਸਾਡੇ ਤੋਂ ਬਿਨਾਂ ਪਲੇਟਫਾਰਮ ਤੇ ਕੋਈ ਵਿਰਲਾ ਵਾਂਝਾ ਹੀ ਮਨੁੱਖ ਸੀ। ਮੈਂ ਜਦ ਸੁਣਿਆ ਤਾਂ ਮੈਂ ਬੀਬੀ ਨੂੰ ਫੜਕੇ ਬਚਾਉਣ ਲਈ ਦੌੜਿਆ। ਪਰੰਤੂ ਬੀਬੀ ਨੇ ਡੰਡਿਆਂ (ਦਰਵਾਜ਼ੇ ਦੀਆਂ ਸੀਖਾਂ) ਨੂੰ ਹੱਥ ਐਨੇ ਘੁੱਟ ਕੇ ਪਾਏ ਹੋਏ ਸਨ ਕਿ ਉਹ ਉਹਨਾਂ ਨੂੰ ਛੱਡ ਹੀ ਨਹੀਂ ਸੀ ਰਹੀ। ਇੰਜਣ ਉਥੋਂ ਪਲੇਟਫਾਰਮ ਦੇ ਬਿਲਕੁਲ ਦੂਜੇ ਸਿਰੇ ਤੇ ਗੱਡੀ ਨੂੰ ਖਿੱਚੀ ਲਈ ਜਾ ਰਿਹਾ ਸੀ। ਮੇਰੇ ਨਾਲ ਵਾਲੇ ਦਾ ਰੌਲਾ ਵੀ ਡਰਾਈਵਰ ਜਾਂ ਹੋਰ ਕਿਸੇ ਨੂੰ ਨਾ ਸੁਣਿਆ। ਬੀਬੀ ਘੜੀਸੀ ਹੀ ਜਾਂਦੀ ਸੀ।ਇਸੇ ਹੀ ਖਿਚੋਤਾਣੀ ਵਿਚ ਮੇਰੇ ਪੈਰ ਤਿਲਕ ਗਏ ਅਤੇ ਮੈਂ ਬੀਬੀ ਦੇ ਅਗਲੇ ਪਾਸੇ ਡਿਗ ਪਿਆ ਅਤੇ ਨਾਲ ਹੀ ਘੜੀਸੀ ਜਾਣ ਲੱਗ ਪਿਆ। ਮੇਰਾ ਅੱਧਿ ਤੋਂ ਵੱਧ ਧੜ ਪਲੇਟਫਾਰਮ ਤੋਂ ਥੱਲੇ ਵੱਲ ਲਮਕ ਗਿਆ, ਅਤੇ ਹਰ ਪਲ ਘੜੀਸੇ ਜਾਣ ਨਾਲ ਥੱਲੇ ਹੀ ਥੱਲੇ ਤਿਲਕਦਾ ਜਾ ਰਿਹਾ ਸੀ। ਕਿਸੇ ਵੀ ਚੀਜ਼ ਨੂੰ ਹੱਥ ਨਹੀਂ ਸੀ ਪੈ ਰਿਹਾ। ਡੱਬੇ ਦੇ ਘੁੰਮਦੇ ਪਹੀਆ ਨਾਲ ਮੇਰਾ ਸਿਰ ਖਹਿ ਰਿਹਾ ਸੀ ਅਤੇ ਮੈਨੂੰਮੌਤ ਦੇ ਭਿਆਨਕ ਦਰਸ਼ਨ ਹੋਣ ਲੱਗੇ। ਸ਼ਾਇਦ ਮੈਂ ਗੋਡਿਆਂ ਤੱਕ ਲਮਕਿਆ ਇਸ ਹੈਰਾਨੀਜਨਕ ਸਥਿਤੀ ਨੂੰ

ਦੇਖ ਰਿਹਾ ਸੀ। ਮੇਰਾ ਸਿਰ ਲਾਈਨ ਤੋਂ ਮੁਸ਼ਕਿਲ ਨਾਲ ਅੱਧਾ ਫੁੱਟ ਉੱਚਾ ਲਾਈਨ ਦੇ ਨਾਲ-ਨਾਲ ਅਤੇ ਪਹੀਏ ਦੇ ਨਾਲ ਖਹਿੰਦਾ ਘੜੀਸੀ ਜਾਣ ਲੱਗਾ। ਹੁਣ ਕੁਝ ਹੀ ਸਕਿੰਟਾਂ ਵਿਚ ਮੇਰੀ ਜੀਵਨ ਲੀਲ੍ਹਾ ਦਾ ਅੰਤ ਹੋਣ ਵਾਲਾ ਸੀ।

ਮੁਕਟਬਿਹਾਰੀ ਨੇ ਸਹਿਵਨ ਹੀ ਪੈਦਾ ਹੋਈ ਹਫਰਾ-ਤਫਰੀ ਵਿਚ ਮੈਨੂੰ ਜੱਫਾ ਪਾਕੇ ਬਾਹਰ ਖਿੱਚਣ ਦੀ ਕੋਸ਼ਿਸ਼ ਕੀਤੀ। ਪਰ ਉਹ ਵੀ ਤਿਲਕ ਕੇ ਡਿੱਗ ਪਿਆ ਅਤੇ ਥੋੜ੍ਹਾ ਜਿਹਾ ਘੜੀਸਿਆ ਵੀ ਗਿਆ। ਪ੍ਰੰਤੂ ਉਹ ਫਿਰ ਬੜੀ ਫੁਰਤੀ ਨਾਲ ਉਠਿਆ, ਸੰਭਲਿਆ ਅਤੇ ਪੂਰੇ ਜ਼ੋਰ ਨਾਲ ਮੈਨੂੰ ਪਲੇਟਫਾਰਮ ਅਤੇ ਗੱਡੀ ਦੇ ਪਾਏਦਾਨ ਵਿਚਕਾਰੋਂ ਖਿੱਚ ਕੇ ਬਾਹਰ ਕੱਢਿਆ ਅਤੇ ਫਿਰ ਉਸ ਬੀਬੀ ਨੂੰ ਜ਼ੋਰ ਨਾਲ ਖਿੱਚ ਕੇ ਹੱਥੋਂ ਹੈਂਡਲ ਛੁਡਾਉਣ ਦੀ ਕੋਸ਼ਿਸ਼ ਕੀਤੀ। ਪਰ ਸ਼ਾਇਦ ਇਹ ਸਭ ਕੁਝ ਜਾਂ ਤਾਂ ਡਰਾਈਵਰ ਦੀ ਨਜ਼ਰੀਂ ਪੈ ਗਿਆ ਸੀ ਜਾਂ ਫਿਰ ਸ਼ੰਟ ਕਰਵਾਉਣ ਵਾਲੇ ਕਾਮਿਆਂ ਨੇ ਦੇਖ ਲਿਆ ਸੀ ਅਤੇ ਗੱਡੀ ਨੂੰ ਖੜੀ ਕਰ ਲਿਆ ਅਤੇ ਪਲੇਟਫਾਰਮ ਤੇ ਘੜੀਸਦੀ ਆ ਰਹੀ ਬੀਬੀ ਨੂੰ ਬਚਾ ਲਿਆ ਗਿਆ। ਮੈਨੂੰ ਜਦ ਖਿੱਚ ਕੇ ਪਲੇਟਫਾਰਮ ਤੇ ਧੂਹ ਲਿਆ ਗਿਆ ਤਾਂ ਮੈਂ ਇਤਨਾ ਡਰਿਆ ਅਤੇ ਸਹਿਮਿਆ ਸਾਂ ਕਿ ਮੇਰਾ ਸਾਰਾ ਹੀ ਸਰੀਰ ਕੰਬ ਰਿਹਾ ਸੀ। ਮੈਂ ਉੱਠਣ ਦੀ ਕੋਸ਼ਿਸ਼ ਕੀਤੀ, ਤਾਂ ਮੈਂ ਪਲੇਟਫਾਰਮ ਤੇ ਹੀ ਡਿੱਗ ਪਿਆ। ਇਸ ਤਰ੍ਹਾਂ ਮੇਰੇ ਜੀਵਨ ਜੋਤ ਅਤੇ ਭਿਆਨਕ ਮੌਤ ਦੀ ਜਿੱਤ ਹਾਰ ਦਾ ਫੈਸਲਾ ਕੁਝ ਇਕ ਗਜ਼ ਹੋਰ ਘੜੀਸੇ ਜਾਣ ਜਾਂ ਕੁਝ ਇਕ ਸਕਿੰਟਾਂ ਦੀ ਵਿੱਥ ਦਾ ਹੀ ਬਾਕੀ ਸੀ।

ਇਕ ਸ਼ੰਟਰ (ਸ਼ੰਟਿੰਗ ਡਰਾਈਵਰ) ਦਾ ਹੈ ਜਿਸਦਾ ਨਾਂ ਸ਼ਾਇਦ ਨਰਾਇਨਦਾਸ ਸੀ ਅਤੇ ਜਿਸਨੂੰ ਸਟਾਫ਼ ਅਤੇ ਹੋਰ ਲੋਕੀਂ ਨਹਿਸ਼ ਮੰਨਦੇ ਸਨ ਅਤੇ ਇਹ ਆਮ ਪ੍ਰਚਾਰ ਸੀ ਕਿ ਜੋ ਸਵੇਰੇ ਉਸਦੇ ਮੱਥੇ ਲੱਗ ਗਿਆ, ਉਸਦੀ ਖ਼ੈਰ ਨਹੀਂ। ਪ੍ਰੰਤੂ ਉਹ ਵਿਚਾਰਾ ਬੋਲਚਾਲ ਦਾ ਬਹੁਤ ਮਿੱਠਾ ਅਤੇ ਸੁਭਾਅ ਦਾ ਬਹੁਤ ਨਿੱਘਾ ਸੀ। ਇਹ ਵੀ 1953-54 ਦਾ ਅੰਮ੍ਰਿਤਸਰ ਲੋਕੋ ਸ਼ੈੱਡ ਦਾ ਹੀ ਵਾਕਿਆ ਹੈ। ਹੋਇਆ ਇਸ ਤਰ੍ਹਾਂ ਕਿ ਲੋਕੋ ਸ਼ੈੱਡ (ਜਿਥੇ ਭਾਫ ਵਾਲੇ ਰੇਲਵੇ ਦੇ ਇੰਜਣ ਰੱਖੇ ਜਾਂਦੇ ਹਨ) ਅੰਮ੍ਰਿਤਸਰ ਅੰਦਰ ਸ਼ੰਟ ਹੋ ਰਿਹਾ ਸੀ। (ਇਕ ਲਾਈਨ ਤੋਂ ਠੰਡੇ ਹੋਏ ਇੰਜਣ ਜੋ ਉਥੇ ਮੁਰੰਮਤ ਲਈ ਖੜੇ ਕੀਤੇ ਹੁੰਦੇ ਹਨ, ਨੂੰ ਇਕ ਲਾਈਨ ਤੋਂ ਕਿਸੇ ਗਰਮ ਇੰਜਣ ਨਾਲ ਖਿੱਚ ਕੇ ਦੂਸਰੀ ਲਾਈਨ ਤੇ ਮੁਰੰਮਤ ਦੀ ਲੋੜ ਅਨੁਸਾਰ ਖੜ੍ਹਾ ਕਰ ਦੇਣਾ ਹੁੰਦਾ ਹੈ।) ਇਕ ਠੰਡਾ ਇੰਜਣ ਜਿਸ ਦੀ ਮੁਰੰਮਤ ਹੋ ਰਹੀ ਸੀ ਅਤੇ ਉਸਦਾ ਬੁਆਇਲਰ ਹੋਜ਼ ਪਾਈਪ ਦੀ ਧਾਰ ਨਾਲ ਅੰਦਰੋਂ ਧੋ ਕੇ ਅਤੇ ਹੋਜ਼ ਪਾਈਪ ਨੂੰ ਇੰਜਣ ਦੇ ਬਫਰਾਂ (ਉਹ ਉਖਲੀਆਂ ਜਿਹੀਆਂ ਜੋ ਦੋ ਡੱਬਿਆਂ ਦੇ ਵਿਚਕਾਰ ਬਹੁਤ ਸ਼ਕਤੀਸ਼ਾਲੀ ਸਪਰਿੰਗਾਂ ਨਾਲ ਫਿੱਟ ਕੀਤੀਆਂ ਹੁੰਦੀਆਂ ਹਨ ਤਾਂ ਜੋ ਉਹ ਗੱਡੀ ਚਲਦਿਆਂ ਦੋ ਡੱਬਿਆਂ ਦੀ ਆਪਸੀ ਟੱਕਰ ਨਾਲ ਜਰਕ ਨੂੰ ਝੱਲ ਸਕਣ) ਤੇ ਛੱਡ ਦਿੱਤਾ ਗਿਆ ਸੀ। ਇਕ ਆਦਤ ਅਨੁਸਾਰ ਅਤੇ ਕਾਲਖ ਨਾਲ ਲਿੱਬੜੇ ਹੋਏ ਹੱਥਾਂ ਕਾਰਨ ਪਾਣੀ ਹੱਥਾਂ ਨੂੰ ਪ੍ਰਯੋਗ ਵਿਚ ਲਿਆਂਦਿਆਂ ਬਿਨਾਂ ਹੀ ਹੌਜ ਪਾਈਪ ਦੀ ਧਾਰ ਤੋਂ ਹੀ ਪਾਣੀ ਪੀਣ ਦਾ ਇਕ ਤਰੀਕਾ ਕਾਰ ਪ੍ਰਚਲਿਤ ਸੀ। ਉਹ ਸ਼ੰਟਰ ਲਾਈਨ ਦੇ ਅੰਦਰਵਾਰ ਡੱਗ (ਉਹ ਪੱਕਾ ਅਤੇ ਲੰਮਾ ਟੋਇਆ ਜਿੱਥੇ ਇੰਜਣਾਂ ਦੀ ਮੁਰੰਮਤ ਅਤੇ ਬੁਆਲਿਅਰ ਧੋਤੇ ਜਾਂਦੇ ਸਨ) ਦੀ ਬੰਨੀ ਤੇ ਪੈਰ ਟਿਕਾਕੇ ਪਾਣੀ ਪੀਣ ਲੱਗ ਪਿਆ।

ਪਾਣੀ ਦੀ ਧਾਰ ਕਦੇ ਅੱਗੇ ਜਾਵੇ ਅਤੇ ਕਦੇ ਦਬਾਅ ਘੱਟਣ ਨਾਲ ਪਿੱਛੇ ਆ ਜਾਵੇ। ਉਹ ਵੀ ਪਾਣੀ ਦੀ ਧਾਰ ਅਨੁਸਾਰ ਅੱਗੇ ਪਿੱਛੇ ਹਿੱਲ ਕੇ ਅਨਭੋਲ ਪਾਣੀ ਪੀਵੀ ਜਾ ਰਿਹਾ ਸੀ ਕਿ ਇਕਦਮ ਪਿਛੋਂ ਸ਼ੰਟ ਹੋ ਰਹੇ ਇੰਜਣ ਦੇ ਬਫਰ ਹੋਜ਼ ਪਾਈਪ ਵਾਲੇ ਇੰਜਣ ਨਾਲ ਆ ਵੱਜੇ। ਜਿਹਨਾਂ ਉਸ ਸ਼ੰਟਰ



ਨੂੰ ਪਾਣੀ ਪੀਂਦਾ ਵੇਖਿਆ ਸੀ ਉਹਨਾਂ ਰੌਲਾ ਪਾ ਦਿੱਤਾ ਕਿ ਨਰਾਇਨ ਦਾਸ ਸ਼ੰਟਰ ਬਫਰਾਂ ਵਿਚ ਆ ਗਿਆ ਹੈ। ਕਿਉਂ ਜੋ ਇੰਜਣਾਂ ਦਾ ਓਹਲਾ ਹੋਣ ਕਰਕੇ ਉਹਨਾਂ ਨੂੰ ਪਤਾ ਨਾ ਲੱਗਿਆ। ਪ੍ਰੰਤੂ ਜਿਸ ਵੇਲੇ ਸ਼ੰਟ ਹੋ ਰਹੇ ਇੰਜਣ ਦੇ ਬਫਰ ਖੜ੍ਹੇ ਇੰਜਣ ਦੇ ਬਫਰਾਂ ਨਾਲ ਵੱਜੇ ਉਸ ਵੇਲੇ ਕੁਦਰਤੀ ਹੀ ਪਾਣੀ ਦੀ ਧਾਰ ਪਿਛੋਂ ਪ੍ਰੈਸ਼ਰ ਨਾਲ ਤੇਜ਼ ਹੋ ਕੇ ਅੱਗੇ ਨੂੰ ਹੋ ਗਈ ਸੀ ਅਤੇ ਉਹ ਵੀ ਧਾਰ ਦੇ ਬਰਾਬਰ ਮੂੰਹ ਨੂੰ ਅੱਗੇ ਕਰਨ ਦੀ ਪ੍ਰਕਿਰਿਆ ਵਿਚ ਥੋੜ੍ਹਾ ਅੱਗੇ ਨੂੰ ਝੁਕਿਆ। ਇਸੇ ਹੀ ਸਮੇਂ ਉਹ ਬਫਰ ਖੜ੍ਹੇ ਇੰਜਣ ਦੇ ਬਫਰਾਂ ਨਾਲ ਆ ਟਕਰਾਏ। ਜੇ ਕਿਤੇ ਉਹ ਪਾਣੀ ਦੀ ਧਾਰ (ਫਲੋ) ਉਸ ਸਮੇਂ ਵੱਧ ਨਾ ਹੋਈ ਹੁੰਦੀ ਤਾਂ ਮੌਤ ਹੁਰਾਂ ਖਿੜ-ਖਿੜ ਹੱਸਦਿਆਂ ਨਰਾਇਣ ਦਾਸ ਹੁਰਾਂ ਨੂੰ ਅੱਗੇ ਲਾ ਤੁਰਨਾ ਸੀ। ਯਾਨੀ ਉਸ ਵਿਚਾਰੇ ਦਾ ਕੰਮ ਤਮਾਮ ਹੋ ਜਾਣਾ ਸੀ।

ਇੱਕ ਮਾਲਗੱਡੀ ਜਿਸ ਨੂੰ ਧੂਰੀ ਮਾਲਗੱਡੀ (ਧੂਰੀ ਪਾਇਲਟ) ਦਾ ਨਾਂ ਦਿੱਤਾ ਹੋਇਆ ਸੀ ਅਤੇ ਜੋ ਲੁਧਿਆਣੇ ਤੋਂ ਧੂਰੀ ਅਤੇ ਫਿਰ ਵਾਪਿਸ ਲੁਧਿਆਣਾ ਚੱਲਿਆ ਕਰਦੀ ਸੀ। ਇਹ ਉਹਨਾਂ ਦਿਨਾਂ ਦੀ ਗੱਲ ਹੈ ਜਦੋਂ ਕੋਲੇ ਵਾਲੇ ਇੰਜਣ ਸਨ। ਉਸਦਾ ਪ੍ਰਬੰਧ ਇਸ ਤਰ੍ਹਾਂ ਦਾ ਸੀ ਕਿ ਉਹ ਦੁਪਹਿਰ ਵੇਲੇ ਚੱਲਦੀ ਅਤੇ ਰਾਤ ਹਨੇਰੇ ਵਾਪਿਸ ਲੁਧਿਆਣਾ ਮੁੜਦੀ ਸੀ। ਇਸ ਲਈ ਧੂਰੀ ਨੂੰ ਜਾਂਦਿਆਂ ਇੰਜਣ ਦੇ ਕੋਲੇ ਪਾਣੀ ਵਾਲਾ ਹਿੱਸਾ ਅੱਗੇ ਹੁੰਦਾ ਸੀ ਅਤੇ ਇੰਜਣ ਦਾ ਮੂੰਹ ਗੱਡੀ ਨਾਲ ਜੋੜਿਆ ਜਾਂਦਾ ਸੀ। ਤਾਂ ਜੋ ਵਾਪਸੀ ਤੇ ਹਨੇਰਾ ਹੋਣ ਤੇ ਇੰਜਣ ਦਾ ਮੂੰਹ ਅਗਲੇ ਪਾਸੇ ਲੁਧਿਆਣੇ ਵੱਲ ਹੋਵੇ ਤਾਂ ਜੋ ਇੰਜਣ ਦੀ ਹੈੱਡ ਲਾਈਟ (ਸਰਚ ਲਾਈਟ) ਅਗਲੇ ਪਾਸੇ ਆ ਜਾਵੇ। ਮੈਂ ਇਹ ਗੱਡੀ ਲੈ ਕੇ ਜਦੋਂ ਕਿਲਾ ਰਾਏਪੁਰ ਤੋਂ ਅਗਲੇ ਸਟੇਸ਼ਨ ਅਹਿਮਦਗੜ੍ਹ ਨੂੰ ਜਾ ਰਿਹਾ ਸੀ ਤਾਂ ਕੋਲੇ ਵਾਲਾ ਹਿੱਸਾ ਅੱਗੇ ਹੋਣ ਕਰਕੇ ਗੱਡੀ ਦੀ ਰਫਤਾਰ 25 ਕਿਲੋਮੀਟਰ ਤੱਕ ਹੀ ਰੱਖਣੀ ਪੈਣੀ ਸੀ (ਇਹ ਕਾਨੂੰਨ ਹੈ) ਅਤੇ ਇਸੇ ਕਰਕੇ ਉਹ ਹੌਲੀ ਚੱਲ ਰਹੀ ਸੀ। ਜਦੋਂ ਗੱਡੀ ਅਹਿਮਦਗੜ੍ਹ ਲਾਗੇ ਪਹੁੰਚੀ ਤਾਂ ਉਸਦੀ ਰਫਤਾਰ ਹਸਬੇ ਮਾਮੂਲ ਹੋਰ ਵੀ ਘੱਟ ਕਰ ਦਿੱਤੀ ਗਈ। ਅਸੀਂ ਅਚਨਚੇਤ ਕੀ ਵੇਖਦੇ ਹਾਂ ਕਿ ਤਕਰੀਬਨ ਦੋ-ਤਿੰਨ ਫਰਲਾਂਗ ਦੀ ਦੂਰੀ ਤੇ ਕੋਈ ਬੰਦਾ ਲਾਈਨ ਉੱਤੇ ਢਿੱਡ ਭਾਰ ਪਿਆ ਹੋਇਆ ਹੈ! ਇਹ ਵੇਖ ਗੱਡੀ ਦੀ ਰਫਤਾਰ ਹੋਰ ਵੀ ਹੌਲੀ ਕਰ ਦਿੱਤੀ ਗਈ ਅਤੇ ਉਸ ਤੋਂ ਦਸ ਕੁ ਗਜ਼ ਦੀ ਵਿੱਥ ਤੇ ਜਾ ਕੇ ਖੜ੍ਹੀ ਕਰ ਦਿੱਤੀ। ਪ੍ਰੰਤੂ ਉਹ ਉਸੇ ਤਰ੍ਹਾਂ ਹੀ ਬਿਨਾਂ ਹਿੱਲਿਆ-ਜੁਲਿਆ ਲਾਈਨ ਤੇ ਪਿਆ ਰਿਹਾ। ਫਾਇਰਮੈਨਾਂ ਨੇ ਜਾ ਕੇ ਉਸਨੂੰ ਉਠਾਇਆ ਅਤੇ ਇੰਜਣ ਤੇ ਲੈ ਆਏ। ਪੁੱਛਣ ਤੇ ਪਤਾ ਲੱਗਾ ਕਿ ਉਹ ਅਹਿਮਦਗੜ੍ਹ ਦੇ ਮਿਸਤਰੀਆਂ ਦਾ ਮੁੰਡਾ ਹੈ ਅਤੇ ਘਰੋਂ ਲੜ ਕੇ ਲਾਈਨ ਤੇ ਖੁਦਕੁਸ਼ੀ ਕਰਨ ਲਈ ਆਇਆ ਸੀ। ਉਸਨੂੰ ਆਪਣੇ ਵੱਢੇ ਨਾ ਜਾਣ ਜਾਂ ਕਿਹਾ ਜਾਵੇ ਆਪਣੇ ਬਚ ਜਾਣ ਦਾ ਬਹੁਤ ਹੀ ਅਫਸੋਸ ਸੀ। ਉਸਨੇ ਸਾਡੀਆਂ ਬਹੁਤ ਹੀ ਤਰਲੇ ਮਿੰਨਤਾਂ ਕੀਤੀਆਂ ਕਿ ਉਸਦੇ ਉੱਪਰ ਦੀ ਇੰਜਣ ਲੰਘਾ ਦੇਈਏ। ਪ੍ਰੰਤੂ ਅਸੀਂ ਉਸ ਮੁੱਛ ਫੁੱਟਦੇ 18 ਸਾਲਾਂ ਦੇ ਅੱਤ ਦੇ ਸੁਨੱਖੇ ਨੌਜਵਾਨ ਨੂੰ ਸਟੇਸ਼ਨ ਮਾਸਟਰ ਦੇ ਹਵਾਲੇ ਕਰ ਦਿੱਤਾ। ਜਿਸਨੇ ਉਸਦੇ ਮਾਪਿਆਂ ਨੂੰ ਬੁਲਾ ਕੇ ਉਹਨਾਂ ਦੇ ਹਵਾਲੇ ਕਰ ਦਿੱਤਾ।

ਇਹ ਗੱਲ 1980 ਦੀਆਂ ਗਰਮੀਆਂ ਦੀ ਹੈ। ਮੈਂ ਉਸ ਦਿਨ ਲੁਧਿਆਣਾ ਤੋਂ ਜਾਖਲ ਇੱਕ ਫੂਡ ਗਰੇਨ ਸਪੇਸ਼ਲ ਗੱਡੀ ਲੈ ਕੇ ਜਾ ਰਿਹਾ ਸੀ। ਜਦੋਂ ਗੱਡੀ ਜਾਖਲ ਦੇ ਬਾਹਰਵਾਰ ਵਾਲੇ ਸਿੰਗਨਲ (ਆਊਟਰ ਸਿੰਗਨਲ) ਤੋਂ ਲੰਘ ਰਹੀ ਸੀ ਅਤੇ ਸਟੇਸ਼ਨ ਦੇ ਯਾਰਡ ਵਿਚ ਦਾਖਲ ਹੋਣ ਤੋਂ ਕੁਝ ਪਿੱਛੇ ਸੀ ਤਾਂ ਮੈਨੂੰ ਦੂਰ ਲਾਈਨ ਤੇ ਕੁਝ ਪਿਆ ਦਿਸਿਆ। ਸੂਰਜ ਡੁੱਬ ਚੁੱਕਿਆ ਸੀ ਅਤੇ ਅਜੇ ਸ਼ਾਮ ਦਾ ਘੁਸਮੁਸਾ ਸੀ ਅਤੇ ਇਸ ਲਈ ਪੂਰਾ ਸਪੱਸ਼ਟ ਦਿਖਾਈ ਵੀ ਨਹੀਂ ਸੀ ਦੇ ਰਿਹਾ। ਗੱਡੀ ਦੀ ਸਪੀਡ ਤਾਂ

ਉਥੇ ਹੌਲੀ ਹੀ ਕੀਤੀ ਹੁੰਦੀ ਹੈ ਪ੍ਰੰਤੂ ਕੁਝ ਹੋਰ ਕੰਟਰੋਲ ਵਿਚ ਕਰ ਲਈ, ਪਰ ਫਿਰ ਵੀ ਗੱਡੀ ਦਾ ਲੋਡ ਉਸਨੂੰ ਧੱਕੀ ਤੁਰਿਆ ਆ ਰਿਹਾ ਸੀ। ਹੁਣ ਬਿਲਕੁਲ ਸਾਫ਼ ਦਿਖਾਈ ਦੇ ਰਿਹਾ ਸੀ ਕਿ ਕੋਈ ਮਨੁੱਖ ਲਾਈਨ ਤੇ ਸਿਰ ਰੱਖੀ ਪਿਆ ਹੋਇਆ ਹੈ ਅਤੇ ਲਾਗੇ ਹੀ ਇਕ ਸਾਈਕਲ ਖੜ੍ਹਾ ਹੈ। ਪੂਰੀਆਂ ਬਰੇਕਾਂ ਲਾਉਣ ਦੇ ਬਾਵਜੂਦ ਵੀ ਗੱਡੀ ਨਾ ਰੁਕੀ ਅਤੇ ਲਾਈਨ ਤੇ ਸਿਰ ਰੱਖੀ ਪਏ ਮਨੁੱਖ ਦੇ ਉਪਰ ਦੀ ਲੰਘ ਗਈ। ਪੰਜ ਛੇ ਡੱਬੇ (ਮਾਲਗੱਡੀ) ਉਥੋਂ ਅੱਗੇ ਲੰਘ ਗੱਡੀ ਖੜ੍ਹ ਗਈ। ਮੈਂ ਅਸਿਸਟੈਂਟ ਡਰਾਈਵਰ ਨੂੰ ਵੇਖਣ ਲਈ ਘੱਲਿਆ ਕਿ ਪਤਾ ਕਰੇ ਕੀ ਭਾਣਾ ਵਾਪਰਿਆ ਹੈ? ਅਸਿਸਟੈਂਟ ਗਿਆ ਪ੍ਰੰਤੂ ਵੇਖਕੇ ਫਟਾਫਟ ਵਾਪਿਸ ਆ ਗਿਆ ਅਤੇ ਦੱਸਿਆ ਕਿ ਬੰਦਾ ਹਿੱਲਦਾ ਹੈ ਪਰ ਉਸਦਾ ਹੌਂਸਲਾ ਨਹੀਂ ਪਿਆ ਅੱਗੇ ਹੋ ਕੇ ਵੇਖਣ ਦਾ। ਮੈਂ ਆਪ ਇੰਜਣ ਤੋਂ ਉੱਤਰ ਕੇ ਗਿਆ ਅਤੇ ਟਾਰਚ ਨਾਲ ਵੇਖਿਆ ਕਿ ਬੰਦਾ ਲਾਈਨ ਦੇ ਬਾਹਰਵਾਰ ਬਿਲਕੁਲ ਲਾਈਨ ਦੇ ਨਾਲ ਪਿਆ ਹੋਇਆ ਹਾਏ ਹਾਏ ਕਰ ਰਿਹਾ ਹੈ। ਮੈਂ ਹੋਰ ਕੋਲ ਹੋਕੇ ਵੇਖਿਆ ਉਸਦੇ ਮੱਥੇ ਦੇ ਸੱਜੇ ਪਾਸੇ ਮਾੜੀ ਜਿਹੀ ਰਗੜ ਲੱਗਣ ਨਾਲ ਖ਼ੂਨ ਨਿਕਲ ਰਿਹਾ ਹੈ। ਦਰਅਸਲ ਉਹ 21-22 ਸਾਲ ਦਾ ਨੌਜਵਾਨ ਮੁੰਡਾ ਲਾਈਨ ਤੇ ਸਿਰ ਰੱਖ ਕੇ ਆਪ ਬਾਹਰਵਾਰ ਪਿਆ ਸੀ ਅਤੇ (ਕਾਉਕੇਚਰ ਜੋ ਇੰਜਣ ਦੇ ਅੱਗੇ ਲੱਗਾ ਛੱਜਾ) ਛੱਜੇ ਨਾਲ ਦੋ ਲੋਹੇ ਦੇ ਟੁਕੜੇ ਵੈਲਡ ਕੀਤੇ ਹੁੰਦੇ ਹਨ ਜਿਹਨਾਂ ਨੂੰ ਲਾਈਨ ਗਾਰਡ ਦਾ ਨਾਂ ਦਿੱਤਾ ਹੋਇਆ ਹੈ ਅਤੇ ਜਿਹਨਾਂ ਦਾ ਕੰਮ ਲਾਈਨ ਤੇ ਕੁਝ ਪਈ ਚੀਜ਼ ਹੂੰਝ ਦੇਣੀ ਹੁੰਦੀ ਹੈ। ਉਸੇ ਹੀ ਲਾਈਨ ਗਾਰਡ ਨਾਲ ਖਹਿ ਕੇ ਉਸਦਾ ਸਿਰ ਲਾਈਨ ਤੋਂ ਥੱਲੇ ਲੱਥ ਗਿਆ ਅਤੇ ਇੰਜਣ ਦੇ ਪਹੀਏ ਥੱਲੇ ਆਉਣੋਂ ਬੱਚ ਗਿਆ। ਮੈਂ ਉਸਦੀ ਚੰਗੀ ਤਰ੍ਹਾਂ ਪੜਚੋਲ ਕੀਤੀ ਕਿ ਕਿਤੇ ਹੋਰ ਤਾਂ ਸੱਟ ਨਹੀਂ ਹੈ? ਪ੍ਰੰਤੂ ਉਹ ਬਿਲਕੁਲ ਠੀਕ ਸੀ। ਫਿਰ ਮੈਂ ਸੋਚਿਆ ਕਿ ਇਸਨੂੰ ਬੜੀ ਸੰਜੀਦਗੀ ਨਾਲ ਸਾਂਭਣ ਦੀ ਲੋੜ ਹੈ, ਇਹ ਨਾ ਹੋਵੇ ਕਿ ਵੱਢੇ ਜਾਣ ਤੋਂ ਤੇ ਉਹ ਬਚ ਗਿਆ ਕਿਤੇ ਸਦਮੇ ਨਾਲ ਹੀ ਨਾ ਮਰ ਜਾਵੇ। ਕਿਉਂ ਜੋ ਗੱਡੀ ਥੱਲੇ ਆਉਣ ਦੀ ਦਹਿਸ਼ਤ ਹੀ ਜਾਨਲੇਵਾ ਹੋ ਸਕਦੀ ਹੈ।

ਮੈਂ ਕੋਲ ਜਾ ਕੇ ਉਸਨੂੰ ਟੋਹਿਆ, ਉਹ ਹਾਏ ਹਾਏ ਕਰੀ ਜਾ ਰਿਹਾ ਸੀ। ਮੈਂ ਕਿਹਾ "ਉਹ ਸਾਈਕਲ ਹੋਸ਼ ਨਾਲ ਕਿਉਂ ਨਹੀਂ ਚਲਾਉਂਦਾ ਵੇਖ ਡਿੱਗ ਕੇ ਸੱਟ ਲਵਾ ਲਈ ਹੈ।" ਉਸ ਹਾਏ-ਹਾਏ ਕਰਦਿਆਂ ਹੀ ਉੱਤਰ ਦਿੱਤਾ "ਮੈਂ ਸਾਈਕਲ ਤੋਂ ਨਹੀਂ ਡਿੱਗਾ, ਮੈਂ ਤਾਂ ਗੱਡੀ ਥੱਲੇ ਆ ਕੇ ਵੱਢਿਆ ਗਿਆ ਹਾਂ।" ਮੈਂ ਫਿਰ ਕਿਹਾ, "ਉਠ ਤੂੰ ਸਾਈਕਲ ਤੋਂ ਹੀ ਡਿੱਗਿਆ ਹੈਂ ਕੋਈ ਵੱਢਿਆ ਨਹੀਂ ਗਿਆ।" ਮੈਂ ਉਸਦੇ ਸਿਰ ਤੇ ਹੱਥ ਫੇਰਦਿਆਂ ਬੜੇ ਪਿਆਰ ਨਾਲ ਕਿਹਾ "ਉਠ ਤੂੰ ਬਿਲਕੁਲ ਠੀਕ ਹੈਂ ਅਤੇ ਸਾਈਕਲ ਤੋਂ ਹੀ ਡਿੱਗਿਆ ਹੈਂ।" ਉਸਦੀ ਬਾਹੋਂ ਫੜ ਮੈਂ ਕਲਾਵੇ 'ਚ ਲੈ ਉਸਨੂੰ ਖੜ੍ਹਾ ਕੀਤਾ। ਉਸ ਸ਼ਰਾਬ ਪੀਤੀ ਹੋਈ ਸੀ ਅਤੇ ਅਜੇ ਕੁਝ ਸ਼ਰਾਬ ਉਸ ਦੀ ਜੇਬ ਵਿਚ ਇਕ ਸ਼ੀਸ਼ੀ ਵਿਚ ਬਚੀ ਹੋਈ ਸੀ। ਜੋ ਉਸ ਸ਼ਾਇਦ ਗੱਡੀ ਆਉਂਦੀ ਵੇਖ ਲਈ ਤੇ ਸਿਰ ਲਾਈਨ ਤੇ ਰੱਖ ਕੇ ਪੈ ਗਿਆ ਸੀ, ਅਤੇ ਉਸਨੂੰ ਪੀਣ ਦਾ ਸਮਾਂ ਹੀ ਨਹੀਂ ਮਿਲਿਆ ਸੀ। ਅਸੀਂ ਉਸਨੂੰ ਇੰਜਣ ਤੇ ਬਿਠਾਕੇ ਸਟੇਸ਼ਨ ਤੇ ਲੈ ਆਏ ਅਤੇ ਸਟੇਸ਼ਨ ਮਾਸਟਰ ਦੇ ਸਪੁਰਦ ਕੀਤਾ, ਅਤੇ ਪਿੱਛੋਂ ਪੁਲਿਸ ਦੇ ਚੁੰਗਲ ਤੋਂ ਵੀ ਛੁਡਾਇਆ। ਕਿਉਂ ਜੋ ਪੁਲਿਸ ਉਸ ਤੇ ਮੁਕੱਦਮਾ ਦਰਜ਼ ਕਰਨਾ ਚਾਹੁੰਦੀ ਸੀ। ਪ੍ਰੰਤੂ ਮੇਰੀ ਟਰੇਡ ਯੂਨੀਅਨ ਸਾਂਝ ਨੂੰ ਸਟੇਸ਼ਨ ਮਾਸਟਰ ਜਾਣਦਾ ਸੀ, ਇਸ ਲਈ ਉਸਨੇ ਉਸਨੂੰ ਪੁਲਿਸ ਦੇ ਝਮੇਲੇ ਤੋਂ ਵੀ ਛੁਟਕਾਰਾ ਦਿਵਾਇਆ। ਡੇਢ ਕਿਲੋਮੀਟਰ ਦੀ ਵਿੱਥ ਤੇ ਪਿੰਡੋਂ ਉਸਦੇ ਮਾਪਿਆਂ ਨੂੰ ਬੁਲਵਾ ਕੇ ਉਹਨਾਂ ਦੇ ਹਵਾਲੇ ਕੀਤਾ, ਜਿਹਨਾਂ ਨਾਲ ਲੜ ਕੇ ਉਹ ਗੱਡੀ ਥੱਲੇ ਆ ਕੇ ਆਪਣੀ ਜੀਵਨ ਲੀਲਾ ਖ਼ਤਮ ਕਰਨਾ ਚਾਹੁੰਦਾ ਸੀ।



ਹਿੰਦੀ ਕਹਾਣੀ

# ਬਹਿਸ ਵਿਚਕਾਰਲਾ ਇਕਲਾਪਾ

- ਪੰਖੁਰੀ ਰਾਏ

ਜਿਹੜੀ ਪੱਤ੍ਰਿਕਾ ਲਈ ਮੈਂ ਕੰਮ ਕਰਦੀ ਹਾਂ, ਉਹ ਕੁਝ ਵਿਸ਼ੇਸ਼ ਲਿਖਤਾਂ ਤੇ ਚਿੱਤਰਾਂ ਸੰਬੰਧੀ ਸੰਸਕ੍ਰਿਤਕ ਆਦਾਨ-ਪ੍ਰਦਾਨ ਲਈ ਆਪਣੇ ਇਕ ਪ੍ਰਤੀਨਿਧ ਨੂੰ ਜਰਮਨੀ ਭੇਜਣ ਦੀ ਯੋਜਨਾ ਬਣਾ ਰਹੀ ਹੈ। ਸਮਝੋ ਯੋਜਨਾ ਬਣ ਹੀ ਚੁੱਕੀ ਹੈ, ਬੱਸ ਸਰਕਾਰ ਤੋਂ ਅਤੇ ਕੁਲ ਗੈਰ-ਸਰਕਾਰੀ ਸੰਗਠਨਾਂ ਤੋ ਵਿੱਤੀ ਸਹਾਇਤਾ ਮਿਲ ਜਾਣ ਦੀ ਦੇਰ ਹੈ।

ਸੰਪਾਦਕ ਨੇ ਮੈਨੂੰ ਦੱਸਿਆ ਕਿ ਪ੍ਰਕਾਸ਼ਕਾਂ ਤੇ ਸੰਪਾਦਕੀ ਮੰਡਲ ਨੇ ਜਰਮਨੀ ਜਾਣ ਲਈ ਮੇਰੀ ਚੋਣ ਕੀਤੀ ਹੈ। ਪਰ, ਇਕ ਮੁਸ਼ਕਿਲ ਹੈ, ਮੇਰੇ ਪਾਸ ਪਾਸਪੋਰਟ ਨਹੀਂ ਹੈ।

ਇਸ ਮਹਾਂਨਗਰ ਵਿਚ ਸੱਤ ਸਾਲ ਰਹਿਣ ਦੇ ਬਾਵਜੂਦ ਵੀ ਮੇਰੇ ਕੋਲ ਕੋਈ ਸਬੂਤ ਨਹੀਂ ਕਿ ਮੈਂ ਇਥੇ ਰਹਿੰਦੀ ਹਾਂ। ਮੇਰਾ ਨਾਂ ਤਾਂ ਰਾਸ਼ਨਕਾਰਡ ਬਣਿਆ, ਨਾ ਹੀ ਮੇਰੀ ਕੋਈ ਜਾਇਦਾਦ ਹੈ। ਪਾਸਪੋਰਟ ਦਫ਼ਤਰ ਤੇ ਦੋ-ਚਾਰ ਚੱਕਰ ਮਾਰਨ ਪਿੱਛੋਂ ਮੈਨੂੰ ਪਤਾ ਲੱਗਾ ਕਿ ਇਥੇ ਰਹਿ ਕੇ ਪਾਸਪੋਰਟ ਬਣਾਉਣਾ ਬਹੁਤ ਮੁਸ਼ਕਿਲ ਹੈ। ਸੰਭਵ ਹੈ ਮੇਰੇ ਛੋਟੇ ਸ਼ਹਿਰ ਵਿਚ ਇਥੇ ਨਾਲੋਂ ਘੱਟ ਮੁਸ਼ਕਿਲਾਂ ਆਉਣ। ਇਸ ਲਈ ਮੈਂ ਆਪਣੀਆਂ ਬਚਾਈਆਂ ਛੁੱਟੀਆਂ ਬਿਤਾਉਣ ਦੀ ਅਰਜ਼ੀ ਦੇ ਕੇ ਪੰਦਰਾਂ ਦਿਨਾਂ ਲਈ ਆਪਣੇ ਘਰ ਆ ਗਈ ਹਾਂ।

ਰੇਲ ਗੱਡੀ ਦੇ ਮੇਰੇ ਸ਼ਹਿਰ ਪੁੱਜਣ ਦਾ ਸਮਾਂ ਤਾਂ ਸਵੇਰ-ਸਾਰ ਦਾ ਸੀ, ਪਰ ਹਰ ਸਿਗਨਲ ਤੇ ਰੁਕਦੀ-ਰੁਕਦੀ ਨੇ ਇਸਨੇ ਦੁਪਹਿਰ ਦੇ ਢਾਈ ਵਜਾ ਦਿੱਤੇ ਹਨ। ਫਿਰ ਚਾਹ-ਪਾਣੀ ਰੋਟੀ-ਪਾਣੀ ਖਾਂਦਿਆਂ-ਪੀਂਦਿਆਂ ਤ੍ਰਿਕਾਲਾਂ ਪੈ ਗਈਆਂ।

ਆਪਣੇ ਘਰ ਦੇ ਛੋਟੇ ਜਿਹੇ ਬਗੀਚੇ ਤੇ ਨਜ਼ਰ ਮਾਰਨ ਲਈ ਮੈਂ ਅੰਦਰੋਂ ਬਾਹਰ ਨਿਕਲੀ ਤਾਂ ਦੇਖਿਆ ਤੇਜ਼ ਕਦਮੀਂ ਤੁਰਦੀ ਭੂਆ ਆ ਰਹੀ ਹੈ। ਥੋੜ੍ਹੇ ਕੁ ਚਿਰ 'ਚ, ਕੁਝ ਕੁ ਜਾਣਕਾਰ ਗੁਆਂਢੀ ਹੋਰ ਆ ਗਏ। ਮੈਨੂੰ ਲੱਗਾ ਸ਼ਾਇਦ ਮੈਨੂੰ ਮਿਲਣ ਆਏ ਹੋਣ ਜਾਂ ਫਿਰ ਹਰ ਰੋਜ਼ ਇਉਂ ਹੀ ਇਕੱਠੇ ਹੁੰਦੇ ਹੋਣ, ਕਦੀ ਸਾਡੇ ਘਰ, ਕਦੇ ਕਿਸੇ ਹੋਰ ਦੇ। ਕਿਉਂਕਿ ਮੈਂ ਹੁਣੇ-ਹੁਣੇ ਆਈ ਸੀ, ਤੇ ਉਹ ਮੇਰਾ ਹੀ ਹਾਲ-ਹਵਾਲ ਪੁੱਛ ਰਹੇ ਸਨ, ਇਸ ਲਈ ਮੈਂ ਮੇਜ਼ਵਾਨ ਜਿਹੀ ਬਣਦੀ ਨੇ ਪੁੱਛ ਲਿਆ, - "ਕਾਫ਼ੀ?"

ਝੱਟ ਹੀ ਸਭ ਦੇ ਸਭ ਮੇਰੀ ਵੱਲ ਨੂੰ ਹੈਰਾਨ ਜਿਹੇ ਹੋਏ ਦੇਖਣ ਲੱਗ ਪਏ। ਮੇਰੇ ਪੁੱਛਣ ਤੇ ਪਤਾ ਲੱਗਾ ਕਿ ਇਹ ਤਾਂ ਗੋਸ਼ਟੀ ਹੀ ਚਾਹ ਪੀਣ ਦੀ ਹੈ। ਫਿਰ .... ਫਿਰ .... ਮੈਨੂੰ ਚੇਤਾ ਆਇਆ ਕਿ ਭੂਆ ਨਾ ਚਾਹ ਪੀਂਦੀ ਐ ਨਾ ਕਾਫ਼ੀ। ਪਰ, ਉਹ ਵੀ ਇਸ ਊਟ-ਪਟਾਂਗ ਵਿਚ ਸ਼ਾਮਿਲ ਹੈ। ਫਿਰ ਕਿਸੇ ਨੇ ਨਗਾਰੇ ਤੇ ਡੱਗਾ ਮਾਰਨ ਵਰਗਾ ਐਲਾਨ ਕਰ ਮਾਰਿਆ, "ਅੱਜ ਚਾਹ ਨਹੀਂ ਕਾਫ਼ੀ ਹੀ ਚੱਲੇਗੀ।" ਪਰ, ਮੇਰੀ ਮਾਂ ਦੀ ਸਹੇਲੀ ਸੁਨੱਈਆ ਮਾਸੀ ਅਤੇ ਪਿਤਾ ਦੇ ਮਿੱਤਰ, ਸਾਡੇ ਗੁਆਂਢੀ ਮਿਸ਼ਰਾ ਜੀ ਦੋਨੋਂ ਤਾਂ ਚਾਹ ਪੀਣ ਦੇ ਆਦੀ ਹਨ। ਉਂਝ ਉਹਨਾਂ ਨੂੰ ਚਾਹ ਚੰਗੀ ਲੱਗਦੀ ਸੀ ਜਾਂ ਕਾਫ਼ੀ, ਇਹ ਉਹਨਾਂ ਨੂੰ ਆਪ ਨੂੰ ਵੀ ਨਹੀਂ ਸੀ ਪਤਾ।

ਮੈਂ ਚਾਹ ਦਾ ਵਿਕਲਪ ਦਿੱਤੇ ਬਗ਼ੈਰ, ਕਾਫ਼ੀ ਬਣਾ ਲੈਣ ਦਾ ਉੱਤਰ ਉਡੀਕਦੀ ਢੀਠ ਜਿਹੀ ਬਣਕੇ ਖੜ੍ਹੀ ਰਹੀ। ਆਖ਼ਿਰ ਪਿਤਾ ਜੀ ਨੇ ਪਹਿਲ ਕੀਤੀ, - "ਅੱਜ ਕਾਫ਼ੀ ਹੀ ਹੋ ਜਾਏ, ਕਿਉਂ? ਮਿਸ਼ਰਾ ਜੀ ਠੀਕ ਐ ਨਾ....।"

"ਹਾਂ ਠੀਕ ਈ ਐ" ਮਿਸ਼ਰਾ ਜੀ ਸ਼ਰਮਿੰਦਗੀ ਭਰਿਆ ਹਾਸਾ ਹੱਸਦੇ ਬੋਲੇ ਸਨ। ਬਾਕੀ ਸਾਰੇ

ਆਪਣੀ-ਆਪਣੀ ਇੱਛਾ ਮਨਸ਼ਾ ਦੱਸੇ ਬਗੈਰ ਹੀ ਇਸ ਪ੍ਰਸਤਾਵ ਨਾਲ ਸਹਿਮਤ ਹੋ ਗਏ।

ਮੈਨੂੰ ਲੱਗਾ, ਭੂਆ ਨੇ ਆਪਣੀ ਇੱਛਾ ਪ੍ਰਗਟ ਕਰਨ ਦੀ ਜ਼ਿੰਮੇਵਾਰੀ ਬਲਕਿ ਆਪਣੀ ਇੱਛਾ ਦੱਸਣ ਤੋਂ ਵੀ ਆਪਣੇ ਆਪ ਨੂੰ ਬਚਾ ਲਿਆ ਹੈ।

ਆਮ ਤੌਰ ਤੇ ਮੈਨੂੰ ਐਨੇ ਸਾਰੇ ਲੋਕਾਂ ਲਈ ਕਾਫ਼ੀ ਨਹੀਂ ਬਣਾਉਣੀ ਆਉਂਦੀ। ਕੇਵਲ ਆਪਣੇ ਲਈ ਹੀ ਬਣਾਉਂਦੀ ਹਾਂ। ਮੈਂ ਕਦੀ ਇਸ ਨੂੰ ਫੈਂਟਦੀ ਵੀ ਨਹੀਂ। ਪਰ ਹੁਣ ਛੇ ਜਣਿਆਂ ਲਈ ਬਣਾਈ ਕਾਫ਼ੀ ਨੂੰ ਇਉਂ ਫੈਂਟ ਰਹੀ ਹਾਂ ਜਿਉਂ ਕਾਫ਼ੀ ਬਣਾਉਣ ਦੇ ਇਸ ਢੰਗ ਦਾ ਵੀ ਮੈਨੂੰ ਪਤਾ ਹੋਵੇ।

ਇਸ ਫੈਂਟਣ-ਘਚੋਲਣ ਦੀ ਆਵਾਜ਼ 'ਚ ਬਾਹਰਲੀ ਗੱਲਬਾਤ ਦੀ ਆਵਾਜ਼ ਵੀ ਪੁੱਜ ਰਹੀ ਹੈ। ਪਰ ਸ਼ਬਦ ਪੂਰੀ ਤਰ੍ਹਾਂ ਸਮਝ ਨਹੀਂ ਆ ਰਹੇ। ਬਾਹਰੋਂ ਆਉਂਦੀਆਂ ਆਵਾਜ਼ਾਂ ਵਿਚ ਹੱਸਣ ਮੁਸਕਰਾਉਣ ਦਾ ਸਵਰ ਵੀ ਸ਼ਾਮਿਲ ਹੈ। ਮੈਨੂੰ ਹੈਰਾਨੀ ਇਸ ਲਈ ਹੁੰਦੀ ਹੈ ਕਿ ਆਮ ਤੌਰ ਤੇ ਅਜਿਹੀਆਂ ਗੋਸ਼ਟੀਆਂ ਵਿਚ ਕਿਹਾ ਜਾਣ ਵਾਲਾ ਏਨਾਂ ਕੁਝ ਹੁੰਦਾ ਹੈ ਕਿ ਹੱਸਣ-ਮੁਸਕਰਾਉਣ ਲਈ ਥਾਂ ਹੀ ਨਹੀਂ ਬਚਦੀ।

ਮੈਨੂੰ ਲੱਗਾ ਇਉਂ ਸ਼ਾਇਦ ਮੈਨੂੰ ਜੀ ਆਇਆਂ ਕਹਿਣ ਲਈ ਹੋ ਰਿਹਾ ਹੋਵੇ।

ਪਰ, ਹੌਲੀ-ਹੌਲੀ ਇਹਨਾਂ ਅਵਾਜ਼ਾਂ ਵਿਚ ਸਮਤਲ ਧਰਾਤਲ ਛੱਡ ਕੇ, ਉਤਾਰ-ਚੜ੍ਹਾਅ ਤੇਜ਼ ਹੋਣ ਲੱਗਦਾ ਹੈ। ਜਿਹਨਾਂ ਸ਼ਬਦਾਂ ਤੇ ਜ਼ੋਰ ਪਾ ਕੇ, ਕਈ-ਕਈ ਵਾਰ ਤੇ ਕਈਆਂ ਢੰਗਾਂ ਨਾਲ ਉਚਾਰਿਆ ਜਾ ਰਿਹਾ, ਉਹ ਪੂਰੇ ਦੇ ਪੂਰੇ ਅਰਥਾਂ ਸਮੇਤ ਮੇਰੇ ਤੱਕ ਪੁੱਜ ਰਹੇ ਹਨ। ਇਹ ਸ਼ਬਦ ਹਨ - ਪਲਾਇਨਵਾਦੀ ਅਤੇ ਭੋਗਵਾਦੀ।

ਕੋਈ ਹੈ ਜੋ ਪਲਾਇਨਵਾਦੀ ਹੋਵੇ ਤੇ ਨਾਲ ਦੀ ਨਾਲ ਭੋਗਵਾਦੀ ਵੀ ਹੋਵੇ। ਕੋਈ ਨਹੀਂ ਹੋ ਸਕਦਾ। ਪਰ, ਬਾਹਰ ਚਲਦੀ ਗੋਸ਼ਟੀ ਦੇ ਕੁਝ ਨਿਯਮ ਹਨ। ਇਥੇ ਵਿਅਕਤੀ ਵਿਸ਼ੇਸ਼ ਦੀ ਗੱਲ ਨਹੀਂ ਹੁੰਦੀ। ਜੇ ਕਿਧਰੇ ਵਿਅਕਤੀ ਦਾ ਜ਼ਿਕਰ ਆ ਹੀ ਜਾਏ ਤਾਂ ਉਸਨੂੰ ਇਕ ਵਿਅਕਤੀ ਦੀ ਥਾਂ 'ਲੋਕ' ਕਿਹਾ ਜਾਂਦਾ ਹੈ ਅਤੇ ਉਸਦੀ ਵਿਰੋਧੀ ਧਿਰ ਨੂੰ ਜਿਸ ਨਾਲ ਉਹਨਾਂ ਦਾ ਤੁਲਨਾਤਮਿਕ ਅਧਿਐਨ ਹੋ ਰਿਹਾ ਹੋਵੇ, ਉਹਨਾਂ ਨੂੰ 'ਦੂਸਰੀ ਤਰ੍ਹਾਂ ਦੇ ਲੋਕ' ਕਿਹਾ ਜਾਂਦਾ ਹੈ।

ਹੁਣ .... ਹੁਣ ਤਾਂ ਕਾਫੀ ਦੀ ਭੂਰੇ ਰੰਗੀ ਝੱਗ ਨਾਲ ਨੱਕੋ-ਨੱਕ ਭਰੇ ਕੱਪਾਂ ਨੇ ਦੋਨਾਂ ਧਿਰਾਂ ਦਾ ਧਿਆਨ ਆਪਣੀ ਵੱਲ ਖਿੱਚ ਲਿਆ ਹੈ। ਜਿਸ ਤਰ੍ਹਾਂ ਸਭ ਨੇ ਇਹ ਪਿਆਲੇ ਐਨ ਥੱਲੇ ਤੱਕ ਖਾਲੀ ਕੀਤੇ ਹਨ, ਉਸ ਨਾਲ ਬਿਨਾਂ ਕਿਸੇ ਦੇ ਆਖਿਆ ਵੀ ਮੈਨੂੰ ਆਪਣੀ ਸਫ਼ਲਤਾ ਦਾ ਅਹਿਸਾਸ ਹੋ ਰਿਹਾ ਹੈ।

ਕਾਫ਼ੀ ਪੀਣ ਤੋਂ ਪਹਿਲਾਂ ਦੀ ਲੜੀ ਹੁਣ ਸ਼ਹਿਰ ਦੀ ਚਰਚਾ ਵਿਚ ਬਦਲ ਗਈ ਹੈ। ਸ਼ਹਿਰ ਦੀ ਹਾਲਤ, ਯਾਨੀ ਕਿ ਬਿਜਲੀ ਦੀ, ਸੜਕਾਂ ਦੀ, ਥਾਂ-ਥਾਂ ਖੜੇ ਬਰਸਾਤੀ ਪਾਣੀ ਦੀ, ਗਲੀਆਂ-ਮੁਹੱਲਿਆਂ ਚੋਂ ਰੁੱਖਾਂ ਦੇ ਕੱਟੇ ਜਾਣ ਦੀ, ਦਿਨ-ਦਿਹਾੜੇ ਲੁੱਟਾਂ-ਖੋਹਾਂ ਹੋਣ ਦੀ, ਸ਼ਹਿਰ ਦੀ ਹਾਲਤ ਬਦ ਤੋਂ ਬੱਦਤਰ ਹੋ ਜਾਣ ਦੀ ਅਤੇ ਅੰਤ ਵਿਚ ਸਾਰੇ ਦੇਸ਼ ਦੇ ਹੀ ਨਿੱਘਰ ਜਾਣ ਦੀ ਚਰਚਾ।

ਸ਼ਹਿਰ ਦੀ ਹਾਲਤ ਬਦ ਤੋਂ ਬੱਦਤਰ ਹੋਣ ਜਾਣ ਤੱਕ ਦੀ ਸਥਿਤੀ ਨਾਲ ਭੂਆ ਸਹਿਮਤ ਹੈ, ਪਰ ਦੇਸ਼ ਦੇ ਰਸਾਤਲ ਵਲ ਚਲੇ ਜਾਣ ਤੱਕ ਦੀ ਸਥਿਤੀ ਨਾਲ ਉਹ ਸਹਿਮਤ ਨਾ ਹੋਈ। ਉਹ ਕਹਿ ਰਹੀ ਹੈ - "ਵਿਕਸਿਤ ਦੇਸ਼ ਭਾਵ ਕਿ ਯੂਰਪੀ ਦੇਸ਼ਾਂ ਦੀ ਸਥਿਤੀ ਕਿਸੇ ਵੀ ਤਰ੍ਹਾਂ ਪ੍ਰਸ਼ੰਸਾਯੋਗ ਨਹੀਂ। ਉਹਨਾਂ ਦੇਸ਼ਾਂ ਦੇ ਸਕੂਲਾਂ ਦੇ ਛੋਟੇ-ਛੋਟੇ ਬੱਚੇ ਵੀ ਇਕ ਦੂਜੇ ਤੇ ਗੋਲੀਆਂ ਚਲਾਉਂਦੇ ਨੇ।" ਉਹ ਕਹਿ ਰਹੀ ਹੈ - "ਮੈਂ ਮੰਨਦੀ ਹਾਂ ਕਿ ਇਕੱਲਾ ਸਾਡਾ ਸ਼ਹਿਰ ਹੀ ਨਹੀਂ ਦੂਜੇ ਸ਼ਹਿਰਾਂ ਦੀ ਹਾਲਤ ਵੀ ਬਹੁਤ ਮਾੜੀ ਐ, ਪਰ ਇਸ ਨਿਘਾਰ 'ਚੋਂ ਉਭਰਿਆ ਜਾ ਸਕਦਾ ਐ। ਇਸ ਲਈ ਇਹ ਕਹਿਣਾ ਕਿ ਸਾਰਾ ਦੇਸ਼ ਹੀ



ਰਸਾਤਲ 'ਚ ਨਿੱਘਰ ਗਿਆ, ਇਹ ਪਲਾਇਨਵਾਦੀ ਸੋਚ ਐ।"

'ਪਲਾਇਨਵਾਦੀ ਸੋਚ' ਦਾ ਉਚਾਰਨ ਕਰਕੇ ਭੂਆ ਨੇ ਇਕ ਤਸੱਲੀ ਭਰਿਆ ਸਾਹ ਲਿਆ ਹੈ ਤੇ ਆਪਣੀਆਂ ਸਾਰੀਆਂ ਗੱਲਾਂ ਦਾ ਸਾਰ-ਅੰਸ਼ ਦੱਸਣ ਲਈ ਉਹਨੇ ਫਿਰ ਆਖਿਆ ਹੈ - "ਅੱਜਕੱਲ ਜਿਹੜੇ ਲੋਕੀਂ ਰਾਤ-ਪੁਰ-ਦਿਨ ਇਹੀ ਆਖੀ ਜਾਂਦੇ ਆ ਕਿ ਦੇਸ਼ ਦਾ ਦਿਨੋ-ਦਿਨ ਪਤਨ ਹੋ ਰਿਹਾ ਹੈ, ਉਹਨਾਂ ਦੇ ਇਉਂ ਆਖੀ ਜਾਣ ਦਾ ਵੱਡਾ ਕਾਰਨ ਇਹ ਐ ਕਿ ਉਹ ਲੋਕ ਜਾਂ ਤਾਂ ਪੱਛਮੀ ਜੀਣ-ਢੰਗ ਦੀ ਨਕਲ ਕਰ ਰਹੇ ਨੇ ਜਾਂ ਕਰਨਾ ਚਾਹੁੰਦੇ ਨੇ।"

ਪਿਤਾ ਜੀ ਨੇ ਵੀ ਪੱਛਮ ਦੀ ਭੌਤਿਕਵਾਦੀ ਪ੍ਰਗਤੀ ਦੀ ਚਮਕ-ਦਮਕ ਦੇ ਭਰਮਜਾਲ 'ਚ ਫਸੇ ਅੱਜਕੱਲ ਦੇ ਲੋਕਾਂ ਤੇ ਗੰਭੀਰ ਟਿੱਪਣੀ ਕੀਤੀ ਹੈ। ਉਹਨਾਂ ਕਿਹਾ ਹੈ - "ਇਹਨਾਂ ਚਮਕ-ਦਮਕ ਵਾਲੇ ਦੇਸ਼ਾਂ ਦੀ ਸਹੀ-ਸਹੀ ਹਾਲਤ ਬਿਲਕੁਲ ਉਹੀ ਹੈ ਜੋ ਰਾਵਨ ਦੀ ਸੋਨੇ ਦੀ ਲੰਕਾ ਦੀ ਸੀ।

ਮੈਨੂੰ ਲੱਗਿਆ ਕਿ 'ਅੱਜਕੱਲ ਦੇ ਲੋਕਾਂ' ਦਾ ਮਤਲਬ ਨੌਜਵਾਨ ਪੀੜ੍ਹੀ ਹੀ ਹੋ ਸਕਦਾ। ਚੱਲਦੀ ਗੱਲਬਾਤ ਜਿਸ ਮੋੜ ਤੇ ਪੁੱਜ ਗਈ ਹੈ, ਉਸਤੋਂ ਮੈਨੂੰ ਸ਼ੱਕ ਹੋ ਰਿਹਾ ਸੀ ਕਿ ਇਹਨਾਂ ਦੀਆਂ ਸਾਰੀਆਂ ਗੋਸ਼ਟੀਆਂ ਦਾ ਮਨਭਾਉਂਦਾ ਵਿਸ਼ਾ, "ਨੌਜਵਾਨ ਪੀੜ੍ਹੀ ਦੇ ਬਦਲਦੇ ਮੁੱਲਾਂ ਦੀ ਸਮੀਖਿਆ" ਹੀ ਹੈ।

ਪਰ, ਚਾਨਚੱਕ ਘੜੀ ਤੇ ਨਿਗਾਹ ਪੈ ਜਾਣ ਕਾਰਨ ਬੁੜ-ਬੁੜਾਉਂਦੀ ਭੂਆ, ਇਹ ਕਹਿੰਦੀ ਉੱਠ ਖੜੀ ਹੋਈ ਹੈ ਕਿ "ਸਾਢੇ ਸੱਤ ਵੱਜਣ ਵਾਲੇ ਨੇ, ਸੜਕਾਂ ਸੁੰਨਮ-ਸਾਨ ਹੋ ਜਾਣਗੀਆਂ।" ਇਉਂ ਕਿ ਜਿਉਂਦਾ ਜਾਗਦਾ ਵਿਸ਼ਾ ਛੋਹੇ ਬਗੈਰ ਹੀ ਗੋਸ਼ਟੀ ਇਕਠੱਰਤਾ ਖਿੰਡ-ਪੁੰਡ ਗਈ।

ਅਗਲਾ ਦਿਨ ਐਤਵਾਰ ਸੀ। ਮੇਰੇ ਪਾਸਪੋਰਟ ਦਾ ਕੰਮ ਜਿੱਥੇ ਪਿਆ ਸੀ, ਉਥੇ ਹੀ ਪਿਆ ਰਿਹਾ।

ਹਾਲਾਂਕਿ ਮਾਤਾ ਜੀ, ਪਿਤਾ ਜੀ ਸਮੇਤ ਇਹ ਸਾਰੇ ਜਣੇ ਸੇਵਾ-ਮੁਕਤ ਹੋ ਚੁੱਕੇ ਹਨ, ਪਰ ਸਵੇਰ-ਸਾਰ ਤੋਂ ਮਹਿਫ਼ਲ ਫਿਰ ਤੋਂ ਜੰਮ ਗਈ। ਮੇਰੇ, ਕਾਫ਼ੀ ਪੀਣ ਬਾਰੇ ਪੁੱਛਣ ਤੇ ਭੂਆ ਨੇ ਇਸ ਬੋਲੋਂੜੇ ਸੱਦਾ ਪੱਤਰ ਨੂੰ ਤੀਰ-ਕਮਾਨ ਤੇ ਚਿੱਲਾ ਚੜ੍ਹਾਉਣ ਵਾਂਗ ਬਾਂਹ ਉਲਾਰਦੀ ਨੇ ਕਿਹਾ- "ਮੈਂ ਤਾਂ ਜਿਹੜੀ ਕੱਲ ਪੀ ਲਈ, ਪੀ ਲਈ। ਸਾਰੀ ਰਾਤ ਨੀਂਦ ਨਹੀਂ ਆਈ। ਵੀਹ ਵਾਰ ਉੱਠ ਕੇ ਗੁਸਲਖਾਨੇ ਜਾਣਾ ਪਿਆ। ਮੈਂ .... ਮੈਂ ਤਾਂ ਹੁਣ ਨਹੀਂ ਪੀਂਦੀ।" ਏਨਾਂ ਕੁ ਆਖ ਥੋੜ੍ਹਾ ਕੁ ਰੁਕਦੀ ਨੇ ਉਸਨੇ ਦੁਬਾਰਾ ਫਿਰ ਕਿਹਾ "ਮੇਰਾ ਮਤਲਬ ਸਾਰੀ ਰਾਤ ਨੀਂਦ ਨਹੀਂ ਆਈ।"

ਪਹਿਲੀ ਵਾਰ ਉਸਨੇ ਇਹ ਦੱਸਣ ਲਈ ਕਿਹਾ ਹੋਣਾ ਕਿ ਨੀਂਦ ਨਹੀਂ ਆਈ। ਦੂਜੀ ਵਾਰ ਸ਼ਾਇਦ ਇਸ ਲਈ ਕਿ ਕਾਫ਼ੀ ਕਿੰਨੀ ਭਿਅੰਕਰ ਸ਼ੈਅ ਹੈ।

ਮੇਰਾ ਜੀ ਕੀਤਾ ਕਿ ਪੁੱਛਾਂ - "ਭੂਆ ਜੀ ਤੁਸੀਂ ਰਾਤੀਂ ਟਟੀਹਰੀ ਦੀ ਆਵਾਜ਼ ਸੁਣੀ ਸੀ।" ਫਿਰ ਲੱਗਾ ਭੂਆ ਇਸ ਗੱਲ ਦਾ ਗੁੱਸਾ ਹੀ ਨਾ ਕਰ ਜਾਵੇ। ਤੇ ਦੂਜੇ ਜਣੇ ਵੀ ਇਸਨੂੰ ਮਖ਼ੌਲ ਨਾ ਸਮਝ ਲੈਣ। ਤੇ .... ਤੇ ਸਭ ਤੋਂ ਖ਼ਤਰਨਾਕ ਹੋ ਸਕਦਾ ਸੀ ਮਾਂ ਜੀ ਦਾ ਅੱਜਕੱਲ ਦੀ ਕਲਮੂੰਹੀ ਸੱਭਿਅਤਾ ਉੱਤੇ ਲੰਮਾ-ਚੌੜਾ ਵਿਖਿਆਨ। ਇਸ ਲਈ ਮੈਂ ਸਮੇਂ ਸਿਰ ਸੋਚ-ਵਿਚਾਰ ਕਰ ਲੈਣ ਦੀ ਖੁਸ਼ੀ ਵਿਚ ਚੁੱਪ ਹੀ ਧਾਰ ਲਈ।

ਅੱਜ ਵੀ ਬਾਬੂ ਜੀ ਨੇ ਹੀ ਪਹਿਲ ਕੀਤੀ ਹੈ - "ਨਹੀਂ ਅੱਜ ਚਾਹ ਹੀ ਠੀਕ ਰਹੇਗੀ।" ਨਾਲ ਹੀ ਜ਼ਰੂਰੀ ਸਮਝਕੇ ਇਹ ਵੀ ਜੋੜ ਲਿਆ ਹੈ - "ਕਿਉਂ ਮਿਸ਼ਰਾ ਜੀ ਠੀਕ ਐ ਨਾ।" ਮਿਸ਼ਰਾ ਜੀ ਨੇ ਵੀ ਠੀਕ ਕੱਲ੍ਹ ਵਾਲਾ ਹੀ ਜਵਾਬ ਦਿੱਤਾ ਹੈ, "ਹਾਂ ਠੀਕ ਐ, ਤੇ ਠੀਕ ਕੱਲ ਵਾਂਗ ਹੀ ਹੱਸੇ ਹਨ।

ਉਹਨਾਂ ਲਈ ਚਾਹ ਬਣਾਉਣ ਦੇ ਨਾਲ-ਨਾਲ ਮੈਂ ਆਪਣੇ ਲਈ ਕਾਫ਼ੀ ਬਣਾ ਲਈ ਹੈ। ਸਭ ਨੂੰ ਚਾਹ ਵਰਤਾ ਕੇ ਜਦ ਮੈਂ ਆਪਣੇ ਕੱਪ 'ਚੋਂ ਘੁੱਟ ਭਰਨ ਲੱਗੀ ਤਾਂ ਬਾਬੂ ਜੀ ਵੀ ਆਪਣਾ ਨੱਕ ਘੁੱਟਦੇ

ਫੈਲਾਉਂਦੇ ਸੁੰਘਣ ਦੀ ਅਜੀਬ ਤਰ੍ਹਾਂ ਦੀ ਕੋਸ਼ਿਸ਼ ਕਰਨ ਲੱਗ ਪਏ। ਚਾਹ ਦੇ ਚਾਰ ਕੱਪਾਂ 'ਚੋਂ ਉੱਠਦੀ ਹਲਕੀ-ਹਲਕੀ ਖ਼ੁਸ਼ਬੋ ਉੱਤੇ ਕਾਫ਼ੀ ਦੀ ਤੇਜ਼-ਤਰਾਰ ਫੈਲ ਚੁੱਕੀ ਸੁਗੰਧੀ ਨੂੰ ਪਹਿਚਾਣਦੇ, ਦਿਨ 'ਚ ਦਸ ਕੱਪ ਚਾਹ ਪੀਣ ਦੇ ਆਦੀ ਬਾਬੂ ਜੀ ਹੁਣ ਮੈਨੂੰ ਮੁਖ਼ਾਤਿਬ ਹਨ - "ਬੇਟਾ ਰੋਜ਼-ਰੋਜ਼ ਕਾਫ਼ੀ ਪੀਣਾ ਚੰਗੀ ਗੱਲ ਨਹੀਂ। ਇਹਦੀ ਆਦਤ ਪੈ ਗਈ ਤਾਂ ਬੜੀ ਔਖੀ ਹੋਵੇਗੀ।

ਜਿੰਨਾ ਚਿਰ ਬਾਬੂ ਜੀ ਇਹ ਗੱਲ ਕਹੀ ਜਾਂਦੇ ਰਹੇ, ਮੈਂ ਕੱਪ ਫੜ ਕੇ ਬੈਠੀ ਰਹੀ। ਜਦ ਮੁੱਕੀ, ਮੈਂ ਘੁੱਟ ਭਰਨ ਲੱਗ ਪਈ।

ਮੇਰੇ ਚਾਹ-ਕਾਫ਼ੀ ਬਣਾਕੇ ਅੰਦਰੋਂ-ਬਾਹਰ ਆਉਣ ਤੋਂ ਪਹਿਲਾਂ ਭੂਆ ਕੁਝ ਕਹਿ ਰਹੀ ਸੀ। ਉਹ ਵੀ ਚਾਹ-ਕਾਫ਼ੀ ਨੂੰ ਨਿੰਦ ਹੀ ਰਹੀ ਸੀ। ਹੁਣ, ਉਸਨੇ ਆਪਣੀ ਗੱਲ ਨਵੇਂ ਸਿਰਿਉਂ ਸ਼ੁਰੂ ਕਰ ਲਈ- "ਬੰਗਲਾ ਕੋਈ ਵੱਖਰੀ ਭਾਸ਼ਾ ਤਾਂ ਹੈ ਨਹੀਂ। ਮੁੱਢ ਤਾਂ ਇਹਦਾ ਸੰਸਕ੍ਰਿਤ ਨਾਲ ਹੀ ਜੁੜਦਾ। ਇਸ ਲਈ ਸ਼ਬਦ ਤਾਂ 'ਆਰੁਚੀ' ਹੀ ਹੋਵੇਗਾ। ਬੋਲਣ ਉਹ ਲੋਕ ਭਾਵੇਂ ਇਹਨੂੰ 'ਆਰਿਚੋ'।

"ਪ੍ਰੰਤੂ ਆਪਣੇ ਸ਼ਬਦ ਉਚਾਰਨ, ਵਿਸ਼ੇਸ਼ ਕਰਕੇ ਨਾਮ ਦੇ ਸਹੀ-ਸਹੀ ਉਚਾਰਨ ਸੰਬੰਧੀ ਉਹ ਲੋਕ ਬਹੁਤ ਸੈਂਨਸਟਿਵ ਨੇ", ਇਹ ਗੱਲ ਮੈਂ ਉਹਨਾਂ ਦਾ, ਕਾਫ਼ੀ ਦੀ ਸੁਗੰਧੀ ਵਲੋਂ ਧਿਆਨ ਹਟਾਉਣ ਲਈ ਹੀ ਨਹੀਂ ਕਹੀ। ਮੈਨੂੰ ਚੇਤਾ ਆ ਗਿਆ ਕਿ ਹਰ ਵਾਰ ਉਸਦਾ ਨਾਮ 'ਨਿਬੇਦਿੱਤਾ' ਦੀ ਬਜਾਏ 'ਨਿਵੇਦਿੱਤਾ' ਉਚਾਰੇ ਜਾਣ ਤੇ ਮੇਰੀ ਸਹੇਲੀ ਮੈਨੂੰ ਇਕਦਮ ਟੋਕ ਦਿਆ ਕਰਦੀ ਸੀ ਕਿ ਉਹ ਆਪਣੇ ਨਾਂ 'ਚ 'ਵ' ਨਹੀਂ 'ਬ' ਲਿਖਦੀ ਹੈ। ਇਸ ਲਈ ਮੈਂ ਅੱਗੇ ਇਹ ਕਹਿਣਾ ਵੀ ਲਾਜ਼ਮੀ ਸਮਝਿਆ ਕਿ - "ਉਹ ਲੋਕ ਉਚਾਰਨ ਦੇ ਅਨੁਸਾਰ ਲਿਖਦੇ ਵੀ ਨੇ ਜਿਵੇਂ ....।"

"ਹਾਂ.... ਹਾਂ, ਆਹ ਜਿਹੜੀ ਅਭਿਨੇਤਰੀ ਕਾਜ਼ਲ ਐ, ਨਾਂ ਕਾਜ਼ਲ ਇਹਦਾ ਨਾਂ ਵੀ ਲਿਖਿਆ ਹੁੰਦਾ - ਕੇ. ਏ. ਜੇ. ਓ. ਐਲ ਕਾਜੋਲ।" ਮੇਰੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਭੂਆ ਬੋਲ ਪਈ

ਗੱਲਬਾਤ ਦਾ ਸੰਚਾਲਨ ਭੂਆ ਨੇ ਫਿਰ ਆਪਣੇ ਹੱਥ ਲੈ ਲਿਆ ਹੈ।

ਪਰ ਮੈਂ ਵੀ ਆਪਣੀ ਥਾਂ ਬਰਕਰਾਰ ਰੱਖਣ ਲਈ ਉਤਾਵਲੀ ਹਾਂ - "ਅੱਜਕੱਲ ਤਾਂ ਉਚਾਰਨ ਦੇ ਹਿਸਾਬ ਨਾਲ ਲਿਖਣ ਦਾ, ਇਕ ਤਰ੍ਹਾਂ ਦਾ ਅੰਦੋਲਨ ਹੀ ਚੱਲ ਪਿਆ ਹੈ, ਹਰ ਥਾਂ" ਮੈਂ ਉਹਨਾਂ ਨੂੰ ਜਿਵੇਂ ਕੋਈ ਵਿਸ਼ੇਸ਼ ਗੱਲ ਦੱਸੀ ਹੈ। ਪਰ, ਝੱਟ ਹੀ ਮੈਨੂੰ ਲੱਗਾ ਜਿਵੇਂ ਮੈਂ ਬਹੁਤ ਹੀ ਨਿਕੰਮੀ ਗੱਲ ਆਖ ਦਿੱਤੀ ਹੋਵੇ। ਭਲਾ, ਚੱਲਦੀ ਗੱਲਬਾਤ ਦਾ, ਬਾਤਚੀਤ ਦਾ, ਅੰਤਰਰਾਸ਼ਟਰੀਕਰਨ ਕਰਨ ਦੀ ਕੀ ਲੋੜ ਸੀ ਮੈਨੂੰ।

ਮੇਰੇ ਆਖੇ ਨੂੰ ਆਧਾਰ ਬਣਾਕੇ ਭੂਆ ਹੁਣ ਪੌੜੀ ਦੇ ਉੱਪਰਲੇ ਡੰਡੇ ਚੜ੍ਹਨ ਲੱਗ ਪਈ-"ਅਸਲ 'ਚ ਗੱਲ ਏਹ ਐ ਕਿ ਆਹ 'ਕਾਜੋਲ' ਲਿਖਣਾ 'ਆਰੁਚੀ' ਲਿਖਣਾ, ਇਹ ਸਭ ਵਿਦੇਸ਼ੀਆਂ ਦੀ ਸੁਵਿਧਾ ਲਈ ਐ।"

"ਨਹੀਂ ...." ਮੈਂ ਵਿਰੋਧ ਕੀਤਾ। ਪਰ ਭੂਆ, ਨੇ ਹੱਥ ਦੀ ਤਲਵਾਰ ਚਲਾ ਕੇ ਮੈਨੂੰ ਚੁੱਪ ਕਰਾ ਦਿੱਤਾ।

"ਨਹੀਂ ਕਿਉਂ ਨਹੀਂ .... ਹੈ ਈ ਏਦਾਂ, ਮੈਂ ਹਰ ਰੋਜ਼ ਦੇਖਦੀ ਹਾਂ। ਅੱਜ ਦੇ ਅਖ਼ਬਾਰਾਂ- ਰਸਾਲਿਆਂ 'ਚ ਲਿਖੇ ਹੁੰਦੇ ਨਾਂ। ਉਹ ਇਉਂ ਲਿਖਦੇ ਆ - 'ਮਿਤਾਲੀ' ਦੇ ਅੰਤ ਵਿਚ ਐਲ. ਆਈ. ਈ., ਚਾਰਲੀ ਵਾਂਗ। 'ਇੱਲਾ' ਨੂੰ 'ਏਲਾ' ਇਕ ਦਮ ਵਿਦੇਸ਼ੀਆਂ ਵਾਂਗ।

ਹੁਣ ਮੇਰੇ ਤੋਂ ਵੀ ਰਿਹਾ ਨਾ ਗਿਆ - "ਹਾਂ, ਪਰ 'ਵਿਸ਼ਵਜੀਤ' ਦੀ ਥਾਂ 'ਬਿਸ਼ਵਜੀਤ' ਤਾਂ ਵਿਦੇਸ਼ੀਆਂ ਲਈ ਨਹੀਂ। ਇਹ ਤਾਂ ਆਪਣੀ ਭਾਸ਼ਾਗੱਤ ਪਹਿਚਾਣ ਲਈ ਐ।"



"ਇਉਂ'ਹੀ ਹਊ .... ਪਰ ਅੱਜਕੱਲ ਲੋਕੀਂ ਵਿਦੇਸ਼ੀਆਂ ਵਾਂਗ ਨਾਂ ਲਿਖ ਕੇ ਇਕਦਮ ਵਿਦੇਸ਼ੀ ਲਾਈਫ-ਸਟਾਇਲ ਅਪਨਾਉਣਾ ਚਾਹੁੰਦੇ ਐ .... ਬੜੀ ਖ਼ਤਰਨਾਕ ਰੁਚੀ ਐ ਏਹ.।" ਭੂਆ ਨੇ ਮੇਰੀ ਗੱਲ ਅੱਧੀ ਕੁ ਮੰਨ ਵੀ ਲਈ ਅਤੇ ਅੱਧੀ ਕੁ ਗੁੰਮ ਵੀ ਕਰ ਦਿੱਤੀ।

ਉਹ ਹੁਣ ਅਗਲੀ ਪਗਡੰਡੀ ਹੋ ਤੁਰੀ।

ਮੈਨੂੰ ਗੁੱਸਾ ਆ ਗਿਆ - "ਲਿਖਣਾ ਤਾਂ ਇਕ ਪਾਸੇ ਰਿਹਾ, ਲੋਕ ਤਾਂ ਏਦਾਂ ਦੇ ਵੀ ਹੈਗੇ - ਨਾਂ ਹੁੰਦਾ 'ਸਮੀਰ' ਤੇ ਆਪਣਾ ਪਰਿਚੈ 'ਸੈਮ' ਦੱਸਕੇ ਕਰਵਾਉਣਗੇ। ਦੂਜੇ ਵੀ ਉਹਨਾਂ ਨੂੰ 'ਸੈਮ' ਹੀ ਆਖਣਗੇ। ਮੈਂ ਖਿੱਝਦੀ ਨੇ ਅੱਗੇ ਕਿਹਾ - "ਲੋਕ ਵਿਦੇਸ਼ੀਆਂ ਦੇ ਨਾਂ ਵੀ ਚੁਰਾਈ ਜਾਂਦੇ ਆ ਤੇ ਲਾਈਫ਼-ਸਟਾਇਲ ਵੀ ਤੇ ਅਸੀਂ .... ਅਸੀਂ ਬਸ ਘਸੀਆਂ-ਪਿੱਟੀਆਂ ਗੱਲਾਂ ਹੀ ਕਰੀ ਜਾਂਦੀਆਂ।"

ਭੂਆ ਆਪਣੀ ਕੁਰਸੀ ਤੇ ਬੈਠੀ-ਬੈਠੀ ਜਿਵੇਂ ਉੱਛਲ ਪਈ ਹੋਵੇ - "ਗੱਲਾਂ ਹੀ ਕਿਉਂ ਹੈ ਈ ਏਦਾਂ। ਅੰਗਰੇਜ਼ਾਂ ਨੇ ਐਨਾ ਚਿਰ ਏਥੇ ਰਾਜ ਕੀਤਾ। ਹੁਣ ਵੀ ਲੋਕ ਉਹਨਾਂ ਦੇ ਸਾਹਬੀ ਰੰਗ-ਢੰਗ ਨੂੰ ਅਪਨਾਉਂਦੇ ਹਨ, ਯਾਨੀ ਕਿ ਅੰਗਰੇਜ਼ੀਅਤ ਨੂੰ ਚੰਗਾ ਸਮਝਦੇ ਆ।"

ਹੁਣ ਮੈਨੂੰ 'ਸਮੀਰ' ਤੋਂ 'ਸੈਮ' ਕਹਿਣ ਅਖਵਾਉਣ ਵਾਲੀ ਗੱਲ ਕਹਿ ਕੇ ਆਪਣੇ ਆਪ ਤੇ ਗੁੱਸਾ ਆ ਰਿਹਾ ਸੀ। ਭੂਆ ਬਿਨਾਂ ਰੋਕ-ਟੋਕ ਬੋਲਦੀ ਜਾ ਰਹੀ ਸੀ - "ਆਖ਼ਿਰ ਸਾਰੇ ਲੋਕੀਂ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਸਕੂਲ 'ਚ ਹੀ ਪੜ੍ਹਨ ਭੇਜਦੇ ਨੇ, ਭੇਜਦੇ ਕਿ ਨਹੀਂ ਭੇਜਦੇ। ਏਨਾਂ ਹੀ ਨਹੀਂ ਕਿਸੇ ਸਾਹਮਣੇ ਆਪਣੇ ਛੋਟੇ ਬੱਚਿਆਂ ਤੋਂ ਅੰਗਰੇਜ਼ੀ ਕਵਿਤਾ ਸੁਣ ਕੇ ਲੋਕੀਂ ਬੜਾ ਫ਼ਖਰ ਵੀ ਮਹਿਸੂਸ ਕਰਦੇ ਆ।"

"ਕਿਉਂ ਏਦਾਂ ਈ ਨਾ, ਸੁਨੈਨਾ....?" ਆਪਣਾ ਬਹੁਮੱਤ ਸਾਬਤ ਕਰਨ ਲਈ ਉਹਨਾਂ ਸੁਨੈਨਾ ਤੋਂ ਪੁੱਛਿਆ।

"ਹਾਂ ਦੀਦੀ, ਏਦਾਂ ਈ ਆ....।"

ਹੁਣ ਮਾਂ ਵੀ ਪਿੜ 'ਚ ਉੱਤਰ ਆਈ.... "ਏਦੇ ਤੇ ਤਾਂ ਬਹੁਤ ਕੁਝ ਲਿਖਿਆ ਵੀ ਜਾ ਚੁੱਕਾ। ਇਸ ਬਚੀ-ਖੁਚੀ ਅੰਗਰੇਜ਼ੀਅਤ ਤੇ, ਜਿਹਦੀ ਸਾਰੇ ਲੋਕੀਂ ਪੂਛ ਫੜੀ ਬੈਠੇ ਆ। ਪਰ ਅਸੀਂ ਸਾਰਿਆਂ ਨੇ ਵੀ ਤਾਂ ਆਪਣੇ ਬੱਚੇ ਅੰਗਰੇਜ਼ੀ ਸਕੂਲਾਂ 'ਚ ਈ ਪੜ੍ਹਾਏ ਐ, ਕਿਉਂ ਪੜ੍ਹਾਏ ਆ ਭਲਾ....?"

ਇਸਦਾ ਜਵਾਬ ਦੇਣ ਦੀ ਭੂਆ ਨੇ ਕੋਈ ਜ਼ਰੂਰਤ ਨਹੀਂ ਸਮਝੀ। ਉਹ ਬਿਨਾਂ ਰੋਕ-ਟੋਕ ਬੋਲਦੀ ਗਈ - "ਅੱਜਕੱਲ ਤਾਂ ਚਪੜਾਸੀ ਵੀ ਬੱਚੇ ਨੂੰ ਅੰਗਰੇਜ਼ੀ ਸਕੂਲ ਭੇਜ ਕੇ ਹੁੱਬਿਆ ਫਿਰਦਾ। ਬੜੀ ਅਜੀਬ ਦੁਬਿਧਾ ਐ। ਲੱਗਦਾ ਇਹ ਐ ਜਿਵੇਂ ਅੰਗਰੇਜ਼ੀਅਤ ਨੇ ਹੀ ਪਾਰ-ਉਤਾਰਾ ਕਰਨਾ ਹੋਵੇ।" ਆਪ ਅੰਗਰੇਜ਼ੀ ਦੀ ਐਮ. ਏ. ਪਾਸ ਭੂਆ ਹੁਣ ਦੂਜੇ ਰੁਖ਼ ਹੋ ਤੁਰੀ- "ਵਿਚਾਰੇ ਚਪੜਾਸੀ ਨੇ ਕਦੋਂ ਕਿਸੇ ਅੰਗਰੇਜ਼ ਨੂੰ ਦੇਖਿਆ ਹੋਣਾ। ਉਹ ਕਿਉਂ ਸੰਕਟ 'ਚ ਪਏਗਾ। ਉਹ ਉਸਦੀ ਨਕਲ ਕਿਉਂ ਕਰੇਗਾ? ਉਹ ਤਾਂ ਉੱਚ-ਵਰਗ ਦੀ ਉੱਚਤਾ ਤੋਂ ਪ੍ਰਭਾਵਿਤ ਐ। ਜੇ ਉਹ ਅੰਗਰੇਜ਼ੀਅਤ ਦੀ ਨਕਲ ਕਰਦਾ ਐ ਤਾਂ ਸਮਝੋ ਉਹ ਵੀ ਉੱਚ-ਵਰਗ ਦਾ ਹੋਇਆ।"

'ਤੇ....ਤੇ ਵਿਸ਼ਵ-ਬੈਂਕ ਤੋਂ ਹਰ ਸਾਲ ਸਹਾਇਤਾ ਤੇ ਕਰਜ਼ਿਆਂ ਦੀ ਭੀਖ ਮੰਗਣ ਵਾਲਾ ਇਹ ਦੇਸ਼ ਜੇ ਆਪਣੇ ਹਰ ਨਾਗਰਿਕ ਦਾ ਨਾਂ ਬਾਣਭੱਟ ਜਾਂ ਵਿਸ਼ਾਖਾਦੱਤ ਵੀ ਰੱਖ ਲਵੇ, ਤਾਂ ਕਿਹੜਾ ਕਲਿਆਣ ਹੋ ਜਾਊ। ਥਾਂ-ਥਾਂ ਨੌਕਰੀਆਂ ਲੱਭਦੇ, ਭਟਕਦੇ ਫਿਰਨ ਵਾਲਿਆਂ ਦੇ ਨਾਮ ਜੇ ਚੰਦਰਗੁਪਤ ਜਾਂ ਸਿਕੰਦਰਗੁਪਤ ਵੀ ਹੋ ਜਾਣ ਤਾਂ ਵੀ ਕੀ ਦੇਸ਼ ਦਾ ਗੁਆਚਿਆ ਸਵੈਮਾਨ ਵਾਪਿਸ ਮਿਲ ਸਕੂ?"

'ਕੀ ਭੂਆ ਹੁਣ ਸੱਚਮੁਚ ਇਉਂ ਸੋਚਣ ਲੱਗ ਪਈ ਐ ਕਿ ਅੰਗਰੇਜ਼ੀਅਤ ਦੀ ਨਕਲ ਹੀ ਅਸਲ ਸਮੱਸਿਆ ਹੈ। ਤੇ .... ਤੇ ਕੌਣ ਕਰ ਰਿਹਾ ਹੈ ਅੰਗਰੇਜ਼ੀਅਤ ਦੀ ਨਕਲ? ਸਮੀਰ ਜੇ ਆਪਣੇ ਆਪ ਨੂੰ ਸੈਮ ਲਿਖ ਕੇ ਆਪਣੇ ਵਿਦੇਸ਼ੀ ਵਿਉਪਾਰ ਵਿਚ ਵਾਧਾ ਕਰ ਲੈਂਦਾ ਹੈ ਤਾਂ ਕੀ ਉਹ ਕਸੂਰਵਾਰ ਹੈ?"

ਮੇਰੇ ਦਿਮਾਗ 'ਚ ਇਹਨਾਂ ਗੱਲਾਂ ਨੇ ਖ਼ਲਬਲੀ ਮਚਾ ਰੱਖੀ ਹੈ। ਪਰ, ਭੂਆ ਅਜੇ ਵੀ ਬੋਲੀ ਜਾ ਰਹੀ ਹੈ - "ਆਪਣੇ ਬੱਚੇ ਨੂੰ ਅਗਰੇਜ਼ੀ ਸਾਹਿਤ ਪੜ੍ਹਾਕੇ ਭਲਾ ਚਪੜਾਸੀ ਦਾ ਕਿੰਨਾ ਕੁ ਭਲਾ ਹੋ ਜਾਊ।"

ਮੈਂ ਝੱਟਪੱਟ ਉਤਾਵਲੀ ਹੋ ਉੱਠਦੀ ਹਾਂ - "ਉਸਨੂੰ ਲੱਗੇਗਾ ਕਿ ਮੇਰਾ ਬੱਚਾ ਵੀ ਅਫ਼ਸਰ ਦੇ ਬੱਚੇ ਵਾਂਗ ਅੰਗਰੇਜ਼ੀ ਬੋਲ ਰਿਹਾ।" ਬਾਕੀ ਸਾਰੀਆਂ ਗੱਲਾਂ ਦਿਮਾਗ 'ਚ ਚੱਕਰ ਲਾਉਂਦੀਆਂ ਛੱਡ ਕੇ ਮੈਂ ਸਿਰਫ਼ ਇਹ ਦੋ ਬਿੰਦੂ ਹੀ ਉਭਾਰੇ ਹਨ - "ਹੁਣ ਸਿਰਫ਼ ਅੰਗਰੇਜ਼ੀ ਹੀ ਮਾਪਦੰਡ ਬਣੀ ਪਈ ਐ।"

ਮੈਂ ਭੂਆ ਦਾ ਚਿਹਰਾ ਸਹਿਵਨ ਹੀ ਦੇਖਿਆ। ਇਕ ਤਰਲ ਜਿਹੀ ਮੁਸਕਣੀ ਅੱਖਾਂ ਤੋਂ ਲੈ ਕੇ ਉਸਦੇ ਬੁੱਲ੍ਹਾਂ ਤੱਕ ਖਿੱਲਰੀ ਪਈ ਦਿੱਸੀ ਹੈ ਮੈਨੂੰ। ਮੇਰੀ ਵੱਲ ਬੜੇ ਜੇਤੂ ਅੰਦਾਜ਼ ਨਾਲ ਦੇਖਦੀ ਉਸਨੇ ਕਿਹਾ ਹੈ - "ਬਸ ਐਹੀ ਗੱਲ ਸੁਣਨੀ ਸੀ ਤੇਰੇ ਮੂੰਹੋਂ .....।"

ਮੈਂ ਤਿਲਮਿਲਾ ਉੱਠੀ ਹਾਂ। ਬੜੀ ਝੇਂਪ ਮਹਿਸੂਸ ਕਰਦੀ ਹਾਂ।

ਬਾਬੂ ਜੀ ਕੁਝ ਐਸੀ ਨਿਰਵਿਕਾਰ ਮੁਦਰਾ 'ਚ ਬੈਠੇ ਹਨ, ਜਿਵੇਂ ਉਹ ਇਹਨਾਂ ਸਾਰੀਆਂ ਗੱਲਾਂ ਤੋਂ ਉੱਪਰ ਉੱਠ ਚੁੱਕੇ ਹੋਣ।

ਭੂਆ ਦੇ ਚੁੱਪ ਹੋ ਜਾਣ ਨਾਲ ਸਾਰੇ ਚੁੱਪ ਪੱਸਰ ਗਈ ਹੈ।

ਮਿਸ਼ਰਾ ਜੀ ਪ੍ਰਸੰਗ ਬਦਲ ਕੇ ਮਾਹੌਲ ਬਦਲਣ ਦਾ ਯਤਨ ਕਰਦੇ ਹਨ - "ਹੁਣ ਕੱਲ ਨੂੰ ਪਾਸਪੋਰਟ ਬਣਾਉਣਾ ਤੂੰ .....। ਅੱਜਕੱਲ ਪਾਸਪੋਰਟ ਬਣਵਾਉਣਾ ਤਾਂ ਐਨਾ ਔਖਾ ਹੋ ਗਿਆ ਹੈ ਕਿ ਪੁੱਛੋ ਹੀ ਕੁਸ਼ ਨਾ।"

ਸੁਨੱਈਆ ਮਾਸੀ ਨੇ ਉਹਨਾਂ ਦੀ ਹਾਮੀ ਭਰਦਿਆ ਕਿਹਾ ਹੈ - ਹੋਰ ਕੀ, ਪਾਂਡੇ ਜੀ ਨੇ ਕਿੰਨੀ ਦੌੜ ਭੱਜ ਕੀਤੀ, ਆਖ਼ਿਰ ਤੰਗ ਆ ਕੇ ਏਜੰਟ ਨੂੰ ਹੀ ਫੜਾ ਆਏ।"

"ਏਜੰਟ ਵੀ ਕਿਹੜਾ ਘੱਟ ਛੋਈ ਲਾਹੁੰਦੇ ਆ। ਹਜ਼ਾਰ, ਡੂਢ ਹਜ਼ਾਰ ਤਾਂ ਲਿਆ ਹੋਵੇਗਾ?" ਮਾਸੀ ਨੇ ਸ਼ੰਸਾ ਪ੍ਰਗਟਾਈ।

"ਕਰ ਲਓ ਗੱਲ ਮਿਸ਼ਰਾ ਜੀ ਪੈਸੇ ਖਾਣ ਵਾਲਿਆਂ ਦਾ ਤਾਂ ਹੜ੍ਹ ਆਇਆ ਪਿਆ", ਭੂਆ ਨੇ ਦੱਬੀ ਆਵਾਜ਼ ਵਿਚ ਹਾਮੀ ਭਰਦਿਆਂ ਆਪਣੀ ਕਹਿ ਸੁਣਾਈ - "ਅਜੀਂ ਜਿਹੜੇ ਬੰਦੇ ਤੋਂ ਆਲੂ ਲਗਵਾਏ, ਉਹ ਪਤਾ ਨਹੀਂ ਕੀ-ਕੀ ਦੱਸਕੇ ਕਿੰਨੇ ਪੈਸੇ ਲੈ ਗਿਆ। ਮਗਰੋਂ ਆਲੂ ਅੱਧਾ ਕਿਲੋ ਵੀ ਨਾ ਹੋਏ।"

ਪਾਸਪੋਰਟ ਤੇ ਆਲੂਆਂ ਦਾ ਸੰਬੰਧ ਮੇਰੀ ਸਮਝ 'ਚ ਨਹੀਂ ਸੀ ਆ ਰਿਹਾ। ਮੈਂ ਸੋਚਦੀ ਹਾਂ- 'ਕੀ ਭੂਆ ਨੂੰ ਆਲੂ ਉਗਾਣਾ ਤੇ ਪਾਸਪੋਰਟ ਬਣਾਉਣਾ ਇਕੋ ਤਰ੍ਹਾਂ ਦਾ ਕੰਮ ਲੱਗਦਾ।"

"ਪਰ ਆਲੂਆਂ ਦਾ ਤਾਜ਼ਾ ਸਾਗ ਤਾਂ ਖਾਣ ਨੂੰ ਮਿਲਿਆ", ਮਾਂ ਟਕੋਰ ਜਿਹੀ ਕਰਦੀ ਖੁੱਲ ਕੇ ਹੱਸੀ ਹੈ।

ਸਾਗ ਮਾਂ ਨੂੰ ਬਹੁਤ ਚੰਗਾ ਲੱਗਦਾ। ਪਰ ਸਿਧਾਂਤਿਕ ਬਹਿਸ ਚੱਲਦਿਆਂ ਭੋਜਨ ਦੇ ਸਵਾਦੀ ਹੋਣ ਦੀ ਚਰਚਾ ਛੇੜ ਲੈਣਾ ਵੀ ਉਹਨਾਂ ਦੀ ਆਪਣੀ ਵਿਸ਼ੇਸ਼ ਤਰਕੀਬ ਐ।

"ਤੁਸੀਂ ਇਕ ਮਾਲੀ ਕਿਉਂ ਨਹੀਂ ਰੱਖ ਲੈਂਦੇ", ਮੈਥੋਂ ਭੂਆ ਨੂੰ ਸਹਿ-ਸੁਭਾ ਹੀ ਆਖਿਆ ਗਿਆ।

ਭੂਆ ਇਕਦਮ ਜਿਵੇਂ ਤਿਲਮਿਲਾ ਗਈ ਹੋਵੇ - "ਮਾਲੀ ਨਾਲੋਂ ਜ਼ਿਆਦਾ ਜ਼ਰੂਰੀ ਹੈ ਇਕ ਮਾਲਿਸ਼ਵਾਲੀ, ਇਕ ਰੋਟੀ ਪਕਾਉਣ ਵਾਲੀ, ਹੁਣ ਤਾਂ ਗੋਡੇ ਵੀ ਜਵਾਬ ਦਿੰਦੇ ਜਾਂਦੇ ਆ।"

'ਚਲੋ ਮਾਲੀ ਨਹੀਂ ਤਾਂ ਇਹੋ ਦੋਨੋਂ ਰੱਖ ਲਓ। ਜਾਂ ਦੋਹਾਂ 'ਚ ਕੋਈ ਇਕ ਰੱਖ ਲਓ, ਮਾਲਿਸ਼ ਕਰਨ ਵਾਲੀ ਜਾਂ ਖਾਣਾ ਬਣਾਉਣ ਵਾਲੀ।"

"ਕਿੱਦਾਂ ਰੱਖ ਲਾਂ। ਕੋਈ ਢੰਗ ਤਰੀਕਾ ਵੀ ਲੱਭੇ ਨਾ। ਢੰਗ ਵੀ ਤੇ ਟਾਈਮ ਦਾ ਹਿਸਾਬ ਵੀ



ਦੇਖਣਾ ਪੈਣਾ। ਸ਼ਾਮ ਦੀ ਸੈਰ ਕਰਨੀ ਵੀ ਤਾਂ ਬੜੀ ਲਾਜ਼ਮੀ ਐ ਨਾ।" ਫਿਰ ਥੋੜ੍ਹਾ ਚਿਰ ਭੂਆ ਬੁੜਬੁੜ ਕਰਦੀ ਕਲਪਦੀ ਰਹੀ। ਇਸ ਕਲਪਣਾ 'ਚ ਸਮੇਂ ਦਾ ਉਲੇਖ ਵਾਰ-ਵਾਰ ਹੁੰਦਾ ਰਿਹਾ।

ਫਿਰ ਝੱਟ ਹੀ ਭੂਆ ਨੂੰ ਵੱਜ ਰਹੇ ਸਮੇਂ ਦਾ ਚੇਤਾ ਆ ਗਿਆ।

ਉਸਦੇ ਜਾਣ ਦਾ ਸਮਾਂ ਹੋ ਗਿਆ ਸੀ। ਉਂਝ ਵੀ ਅੱਜ ਦੀ ਬਹਿਸ ਖ਼ਤਮ ਹੋ ਚੁੱਕੀ ਸੀ।

ਸਭ ਨੇ ਖਿੰਡ-ਪੁੰਡ ਜਾਣ ਪਿਛੋਂ ਰਾਤ ਦਾ ਖਾਣਾ ਛੇਤੀ ਹੀ ਖਾ ਲਿਆ ਗਿਆ ਹੈ। ਬਾਬੂ ਜੀ ਤੇ ਮਾਂ ਜੀ ਸੌਂ ਗਏ ਹਨ। ਪਰ ਮੈਨੂੰ ਭੂਆ ਦੇ ਉਨੀਂਦਰੇ ਦੀ ਲਾਗ ਲੱਗ ਗਈ ਹੈ। ਨਾ ਨੀਂਦ ਆਉਂਦੀ ਹੈ, ਨਾ ਪੜ੍ਹਿਆ ਜਾਂਦਾ। ਇਕ ਐਹੋ ਜਿਹੀ ਬੇਵੱਸੀ ਨੇ ਘੇਰ ਲਿਆ ਹੈ। ਜਿਹੜੀ ਇਕ ਉਦਾਸ ਕਰ ਦੇਣ ਵਾਲੀ ਕਹਾਣੀ ਪੜ੍ਹਕੇ ਘੇਰ ਲਿਆ ਕਰਦੀ ਹੈ। ਕਹਾਣੀ ਜਿਹਦੇ 'ਚ ਘਿਰਨਾਯੋਗ ਪ੍ਰਸਥਿਤੀਆਂ, ਇਹਨਾਂ ਪ੍ਰਸਥਿਤੀਆਂ ਵਿਰੁੱਧ ਉੱਠਿਆ ਇਕ ਕੱਲਾ-ਇਕਹਿਰਾ ਤੇ ਜ਼ਜਬਾਤੀ ਆਦਮੀ। ਫਿਰ ਉਸਦਾ ਕੀਤਾ ਗਿਆ ਕਤਲ, ਕਾਤਲਾਂ ਤੇ ਪੁਲੀਸਤੰਤਰ ਦੀ ਆਪਸੀ ਸਾਂਝ-ਭਿਆਲੀ, ਸਰਕਾਰੀ ਭ੍ਰਿਸ਼ਟਾਚਾਰ, ਆਮ ਆਦਮੀ 'ਚ ਪੱਸਰੀ ਘੋਰ ਕਿਸਮ ਦੀ ਨਿਰਾਸ਼ਾ, ਇਹਨਾਂ ਸਭਨਾਂ ਦਾ ਮਾਰਮਿੱਕ ਵਰਨਣ ਕਰਦਾ ਲੇਖਕ ਤੇ ਉਸ ਲੇਖਕ ਦੀ ਕਿਰਤ-ਕਹਾਣੀ ਨੂੰ ਪੜ੍ਹਦੀ, ਗੁੱਸੇ ਤੇ ਬੇਵਸੀ ਦੇ ਆਲਮ 'ਚ ਘਿਰੀ ਮੈਂ ਜਿਵੇਂ ਹਾਰੀ-ਹਾਰੀ ਜਿਹੀ ਮਹਿਸੂਸ ਕਰਦੀ ਹਾਂ।

ਇਕ ਵਾਰ ਜੀਅ ਕੀਤਾ ਕਿ ਭੂਆ ਨੂੰ ਫੋਨ ਕਰਾਂ ਤੇ ਪੁੱਛਾਂ ਕਿ "ਕਿਉਂ ਕਰਦੀ ਏ ਤੂੰ ਇਵੇਂ। ਕਿਉਂ ਡਰਦੀ ਏ ਤੂੰ ਏਨਾਂ? ਮੈਨੂੰ..... ਮੈਨੂੰ ਵਿਦੇਸ਼ੀ ਰਹਿਣੀ-ਬਹਿਣੀ ਏਨੀ ਪਸੰਦ ਨਹੀਂ ਕਿ ਮੈਂ ਬਾਹਰਲੇ ਦੇਸ਼ ਗਈ ਉਥੋਂ ਦੀ ਹੋ ਕਿ ਰਹਿ ਜਾਊਂ। ਮੈਂ ਤਾਂ ਬੱਸ ਉਥੋਂ ਦੀ ਆਜ਼ਾਦ ਫ਼ਿਜ਼ਾ 'ਚ ਥੋੜ੍ਹਾ ਕੁ ਚਿਰ ਵਿਚਰਨਾ ਚਾਹੁੰਦੀ ਹਾਂ....।"

ਕਿਸੇ ਪੁਰਾਣੇ ਪਹਾੜੀ ਡਾਕਬੰਗਲੇ 'ਚ ਪੁੱਜਕੇ ਦੋ-ਚਾਰ ਦਿਨ ਕੱਟ ਆਵਾਂ ਤਾਂ ਵੀ ਥੋੜ੍ਹੀ ਕੁ ਰਾਹਤ ਮਿਲ ਸਕਦੀ ਐ।

ਮੇਰਾ ਜੀਅ ਕੀਤਾ ਕਿ ਭੂਆ ਨੂੰ ਕਹਾਂ ਕਿ - "ਮੇਰਾ ਨਾਮ ਨਰਮਦਾ ਮੈਨੂੰ ਬਹੁਤ ਪਸੰਦ ਐ। ਤਾਂ ਕੀ ਹੋਇਆ ਜੇ ਨਰਮਦਾ ਨਦੀ ਨੂੰ ਬੰਨ ਮਾਰ ਲ਼ਿਆ ਗਿਆ। ਹੁਣ ..... ਹੁਣ ਮੈਨੂੰ ਉਹ ਪਹਿਲੀਆਂ ਵਾਂਗ ਉੱਛਲ-ਉੱਛਲ ਵਗਦੀ ਮੁੜ ਕਦੀ ਨਹੀਂ ਦਿਸਣੀ।"

ਫਿਰ ਸੋਚਦੀ ਹਾਂ ਕਿ ਬੇੜੀ ਲੈ ਕੇ ਨਰਮਦਾ ਝੀਲ ਦੀ ਇਕ ਸਿਰੇ ਤੋਂ ਦੂਜੇ ਸਿਰੇ ਤੱਕ ਯਾਤਰਾ ਕਰਾਂ।

ਧੰਨ ਭਾਗ ਮੇਰੇ ਕਿ ਮਾਂ ਨੇ ਮੇਰਾ ਨਾਮ ਨਰਮਦਾ ਰੱਖਿਆ, ਜਮੁਨਾ ਨਹੀਂ। ਜਮੁਨਾ ਦਾ ਜਿਵੇਂ ਗਲ੍ਹ ਘੁੱਟ ਕੇ ਉਈਂ ਮਾਰ ਦਿੱਤਾ ਐ ਲੋਕਾਂ ਨੇ।

ਪਤਾ ਨਹੀਂ ਰਾਇਨ ਨਦੀ ਜੀਉਂਦੀ ਵੀ ਐ ਕਿ ਉਹ ਵੀ ਮਾਰ ਦਿੱਤੀ ਗਈ ਐ, ਜਮੁਨਾ ਵਾਂਗ।

ਰਾਇਨ ਕੋਲੋਨ ਸ਼ਹਿਰ ਦੇ ਵਿਚਕਾਰ ਦੀ ਵਗਦੀ ਐ। ਬੱਸ ਇਕ ਵਾਰ ਦੇਖ ਲਾਂ, ਫਿਰ ਮੁੜ ਆਵਾਂਗੀ।

ਮੁੜ ਆਵਾਂਗੀ ਭੂਆ, ਤੂੰ ਡਰ ਨਾ। ਤੇਰੀ ਬੇਟੀ ਬੱਸ ਗਈ ਤੇ ਆਈ। ਬਰ - ਜ਼ਰੂਰ ਮੁੜ ਆਵਾਂਗੀ।

ਤੇ..... ਤੇ ਮੇਰਾ ਪਾਸਪੋਰਟ। ਪਤਾ ਨਹੀਂ ਪਾਸਪੋਰਟ ਏਜੰਟ ਕਿਹੜਾ ਐ। ਪਰ, ਮੈਂ ਤਾਂ ਉਹਨੂੰ ਇਕ ਧੇਲਾ ਤੱਕ ਨਹੀਂ ਦੇਣਾ। ਦੇਖਦੀ ਹਾਂ ਕੱਲ ਨੂੰ ਕੀ ਹੁੰਦਾ ਆ। ਗੱਲ ਜੇ ਛੇਤੀ ਨਾ ਬਣੀ ਤਾਂ ਛੁੱਟੀ ਹੋਰ ਵਧਾਉਣੀ ਪਊ ਮੈਨੂੰ ..... ਛੁੱਟੀ ਬਿਨਾਂ ਤਨਖਾਹ ਤੋਂ .....।" •

(ਅਨੁਵਾਦ - ਲਾਲ ਸਿੰਘ 'ਨੈਆ ਗਿਆਨ ਉਦੈ' ਦੇ ਧੰਨਵਾਦ ਸਹਿਤ)

# ਨਜ਼ਰਬੰਦੀ ਦੇ ਦਿਨ

(ਹਰਭਜਨ ਸਿੰਘ ਹੁੰਦਲ)

ਕਿਸੇ ਲੇਖਕ ਦੇ ਆਪਣੇ ਸਮਕਾਲੀਨ ਸਮਾਜਿਕ ਯਥਾਰਥ ਨਾਲ ਤਣਾਉਸ਼ੀਲ ਤੇ ਦਵੰਦਾਤਮਿਕ ਸਬੰਧ ਹੀ ਉਸਦੇ ਅਨੁਭਵ ਖੇਤਰ ਨੂੰ ਵਿਸ਼ਾਲਤਾ, ਪ੍ਰੋੜ੍ਹਤਾ, ਤੀਖਣਤਾ ਅਤੇ ਗਹਿਰਾਈ ਪ੍ਰਦਾਨ ਕਰਦੇ ਹਨ। ਪ੍ਰਤੀਕੂਲ ਸਮਾਜਿਕ ਹਲਾਤ ਦੀ ਪਰਖ ਕਸਵੱਟੀ ਜਿੱਥੇ ਲੇਖਕ ਦੀਆਂ ਕਿਰਤਾਂ ਦਾ ਸਿਰਜਣਾਤਮਿਕ ਮੁੱਲ ਨਿਰਧਾਰਿਤ ਕਰਦੀ ਹੈ, ਉੱਥੇ ਉਸਦੀ ਅਭਿਵਿਅਕਤੀਗਤ ਸਮਰੱਥਾ ਨੂੰ ਵੀ ਹੋਰ ਬਲਵਾਨ ਬਣਾਉਂਦੀ ਹੈ। ਵੀਹਵੀਂ ਸਦੀ ਦੇ ਸਤਵੇਂ ਦਹਾਕੇ ਦੌਰਾਨ ਆਏ ਐਮਰਜੈਂਸੀ ਦੇ ਕਾਲੇ ਦੌਰ ਨੇ ਲੋਕ ਪੱਖੀ ਹੋਣ ਦਾ ਦਮ ਭਰਦੇ ਲੇਖਕਾਂ ਦੀ ਸਮਾਜਿਕ ਚੇਤਨਾ ਨੂੰ ਵੱਡੀਆਂ ਚੁਣੌਤੀਆਂ ਦੇ ਸਨਮੁੱਖ ਕੀਤਾ ਤਾਂ ਵਧੇਰੇ ਲੇਖਕ ਆਪਣੀ ਸਿਰਜਣਾਤਮਿਕ ਭੂਮਿਕਾ ਤੇ ਸਾਹਿਤਕ ਫਰਜ਼ਾਂ ਨੂੰ ਲੈ ਕੇ ਦੁਬਿਧਾ ਦੇ ਸ਼ਿਕਾਰ ਹੋ ਗਏ। ਜਦੋਂ ਸਮੇਂ ਦੀ ਤਾਨਾਸ਼ਾਹ ਹਕੂਮਤ ਨੇ ਦੇਸ਼ ਵਾਸੀਆਂ ਤੋਂ ਉਨ੍ਹਾਂ ਦੇ ਮੌਲਿਕ ਅਧਿਕਾਰ ਵੀ ਖੋਹ ਲਏ ਤਾਂ ਹਕੂਮਤੀ ਜਬਰ ਤੋਂ ਡਰਦਿਆਂ ਵਧੇਰੇ ਲੋਕਾਂ ਨੇ ਜਾਂ ਤਾਂ ਚੁੱਪ ਧਾਰ ਲਈ ਜਾਂ ਫਿਰ ਮਰਾਸੀਆਂ ਵਾਂਗ ਰਾਜ ਸੱਤਾ ਦਾ ਹੀ ਗੁਣਗਾਨ ਕਰਨ ਲੱਗੇ। ਅਜਿਹੇ ਸਮੇਂ ਪੰਜਾਬੀ ਲੇਖਕਾਂ ਵਿਚੋਂ ਗੁਰਸ਼ਰਨ ਸਿੰਘ ਤੇ ਹਰਭਜਨ ਸਿੰਘ ਹੁੰਦਲ ਵਰਗੇ ਜਾਗਦੀ ਜ਼ਮੀਰ ਵਾਲੇ ਚੋਣਵੇਂ ਲੇਖਕ ਹੀ ਹਕੂਮਤ ਦੀ ਜਾਬਰ ਤੇ ਅਮਾਨਵੀਂ ਕਾਰਜਸ਼ੈਲੀ ਵਿਰੁੱਧ ਆਪਣੇ ਅੰਦਰਲੇ ਰੋਹ ਦੀ ਸ਼ਨਾਖ਼ਤ ਕਰਵਾ ਸਕੇ।

ਹਰਭਜਨ ਸਿੰਘ ਹੁੰਦਲ ਦੀ ਪੁਸਤਕ 'ਨਜ਼ਰਬੰਦੀ ਦੇ ਦਿਨ' ਐਮਰਜੈਂਸੀ ਦੇ ਦਿਨਾਂ ਵਿਚ ਰਾਜ ਪ੍ਰਬੰਧਕੀ ਤਾਨਾਸ਼ਾਹੀ ਵੱਲੋਂ ਸਿਰਜੇ ਦਮ-ਘੁੱਟਵੇਂ ਸਮਾਜਿਕ ਤੇ ਰਾਜਨੀਤਿਕ ਮਾਹੌਲ ਨੂੰ ਇਤਿਹਾਸਕ ਅੱਖ ਨਾਲ ਵਾਚਦੀ ਤੇ ਪੇਸ਼ ਕਰਦੀ ਹੈ। ਭਾਵੇਂ ਉਹ ਨਕਸਲਬਾੜੀ ਲਹਿਰ ਨਾਲ ਹਮਦਰਦੀ ਰੱਖਣ ਦੇ ਦੋਸ਼ ਅਧੀਨ ਪਹਿਲੋਂ ਹੀ ਪੰਜ ਦਿਨਾਂ ਦੀ ਨਜ਼ਰਬੰਦੀ ਦਾ ਪਾਠ ਪੜ੍ਹ ਚੁੱਕਾ ਸੀ, ਪਰ 1975 ਵਿਚ ਲੱਗੀ ਐਮਰਜੈਂਸੀ ਸਮੇਂ ਕੀਤੀ ਸਾਢੇ ਚਾਰ ਮਹੀਨੇ ਦੀ ਜੇਲ੍ਹ ਯਾਤਰਾ ਦੌਰਾਨ ਹੀ ਉਸ ਲੋਕ ਹਿੱਤਾਂ ਲਈ ਲੜੇ ਜਾਣ ਵਾਲੇ ਸੰਘਰਸ਼ ਦੇ ਅਸਲ ਭਾਵ-ਬੋਧ ਤੀਕ ਪਹੁੰਚਿਆ। ਇਸ ਪੁਸਤਕ ਰਾਹੀਂ ਉਹ ਆਪ ਐਲਾਨ ਕਰਦਾ ਹੈ ਕਿ ਇਸ ਗ੍ਰਿਫਤਾਰੀ ਨੇ ਉਸਨੂੰ ਕਵਿਤਾ ਲਿਖਣ ਦੀ ਜਾਂਚ ਦੱਸ ਦਿੱਤੀ ਤੇ ਸੰਘਰਸ਼ ਦੀ ਕੁਠਾਲੀ ਵਿਚ ਪੈ ਕੇ ਹੀ ਇਸ ਕਵਿਤਾ ਨੇ ਸਿਰਜਣਾਤਮਿਕਤਾ ਦੇ ਹਕੀਕੀ ਰੰਗਾਂ ਨੂੰ ਗ੍ਰਹਿਣ ਕੀਤਾ ਹੈ। ਪੁਸਤਕ ਦੇ ਵਿਸ਼ਲੇਸ਼ਣੀ ਸਿੱਟੇ ਅਨੁਸਾਰ ਐਮਰਜੈਂਸੀ ਦੌਰਾਨ ਕੀਤੀ ਜੇਲ੍ਹ ਯਾਤਰਾ ਨੇ ਹੀ ਉਸ ਨੂੰ ਲੋਕ ਪੱਖੀ ਕਵਿਤਾ ਦੇ ਅਧਿਆਤਮ ਤੀਕ ਪਹੁੰਚਾਇਆ ਹੈ।

ਉਸ ਸਮੇਂ ਦੀ ਐਮਰਜੈਂਸੀ ਦਾ ਵਿਚਾਰਧਾਰਕ ਸਵਰੂਪ ਕੀ ਸੀ, ਤੇ ਸਮੇਂ ਦੀ ਹਕੂਮਤ ਨੇ ਉਸਦੀ ਵਰਤੋਂ ਕਿਉਂ ਕੀਤੀ? ਆਦਿ ਸੁਆਲਾਂ ਦੇ ਜੁਆਬ ਇਸ ਪੁਸਤਕ ਵਿਚ ਵਿਸਥਾਰਿਤ ਰੂਪ ਵਿਚ ਦਰਜ ਹਨ। ਪੁਸਤਕ ਦੱਸਦੀ ਹੈ ਕਿ ਉਸ ਸਮੇਂ ਦੀ ਤਾਨਾਸ਼ਾਹ ਸ੍ਰੀਮਤੀ ਇੰਦਰਾ ਗਾਂਧੀ ਦੀ ਸੱਤਾ ਲਾਲਸਾ ਇਸ ਹੱਦ ਤੀਕ ਪਹੁੰਚ ਗਈ ਸੀ ਕਿ ਉਸਨੇ ਦੁਨੀਆਂ ਦੀ ਸਭ ਤੋਂ ਵੱਡੀ ਲੋਕਤਾਂਤਰਿਕ ਵਿਵਸਥਾ ਦੀਆਂ ਸਾਰੀਆਂ ਲੋਕਤੰਤਰੀ ਸੰਸਥਾਵਾਂ ਹੀ ਖ਼ਤਮ ਕਰ ਦਿੱਤੀਆਂ। ਪ੍ਰਿੰਟ ਤੇ ਇਲੈਕਟ੍ਰੋਨਿਕਸ ਮੀਡੀਆ ਦੇ ਮੂੰਹ 'ਤੇ ਸੈਂਸਰ ਦੇ ਭਾਰੇ ਤਾਲੇ ਲਾ ਦਿੱਤੇ ਗਏ ਅਤੇ ਸਾਰੇ ਦੇਸ਼ ਨੂੰ ਇਕ ਵੱਡੀ ਜੇਲ੍ਹ ਦੇ ਰੂਪ ਵਿਚ ਤਬਦੀਲ ਕਰ ਦਿੱਤਾ ਗਿਆ। ਇਹ ਪੁਸਤਕ ਅਜਿਹੇ ਫਾਸੀਵਾਦੀ ਰੁਝਾਣ ਦਾ ਨੰਗਾ ਚਿੱਟਾ ਵਿਰੋਧ ਕਰਕੇ ਸਮੇਂ ਦੀ ਸਰਕਾਰ ਦੇ ਜਬਰ ਨੂੰ ਲਲਕਾਰਣ ਵਾਲੇ ਪੰਜਾਬੀਆਂ (ਖ਼ਾਸ ਕਰਕੇ ਅਕਾਲੀਆਂ) ਦੀ ਉਸ ਸਮੇਂ ਦੀ ਸੰਘਰਸ਼ੀ ਭੂਮਿਕਾ ਨੂੰ ਵਿਸ਼ੇਸ਼ ਸਤਿਕਾਰ ਦੀ ਨਜ਼ਰ ਨਾਲ ਵੇਖਦੀ ਹੈ। ਪੁਸਤਕ ਰਾਹੀਂ ਅੰਗਰੇਜ਼ ਸ਼ਾਸਨ ਕਾਲ ਤੋਂ ਚੱਲੇ ਆ ਰਹੇ ਨੁਕਸਦਾਰ ਤੇ ਨਾਕਸ ਜੇਲ੍ਹ ਪ੍ਰਬੰਧ ਨੂੰ ਵੀ ਕਟਾਖਸ਼ੀ ਟਿੱਪਣੀਆਂ ਰਾਹੀਂ ਰੂਪਮਾਨ ਕੀਤਾ ਗਿਆ ਹੈ।

ਹੁੰਦਲ ਦੀ ਇਸ ਨਜ਼ਰਬੰਦੀ ਦੇ ਸਮਾਜਿਕ ਸਰੋਕਾਰ ਵੀ ਬੜੇ ਦਿਲ ਟੁੰਬਵੇਂ ਹਨ। ਇਸ ਨਜ਼ਰਬੰਦੀ ਨੇ ਉਸਨੂੰ ਸਾਕ ਸੰਬੰਧੀਆਂ, ਮਿੱਤਰ ਪਿਆਰਿਆਂ ਤੇ ਦੋਸਤਾਂ ਨਾਲ ਜੁੜੇ ਸਮਾਜਿਕ ਰਿਸ਼ਤਿਆਂ ਦਾ



ਪੁਨਰ ਮੁਲਾਂਕਣ ਕਰਨ ਲਈ ਵੀ ਢੁੱਕਵਾਂ ਅਵਸਰ ਪ੍ਰਦਾਨ ਕੀਤਾ। ਲੇਖਕ ਜਿੱਥੇ ਹਕੂਮਤ ਤੋਂ ਡਰਦਿਆਂ ਉਸ ਨਾਲ ਸੰਬੰਧ ਤੋੜਨ ਵਾਲੇ ਲੇਖਕਾਂ ਦੋਸਤਾਂ ਨੂੰ ਆਪਣੀ ਬੇਬਾਕ ਆਲੋਚਨਾ ਦਾ ਨਿਸ਼ਾਨਾ ਬਣਾਉਂਦਾ ਹੈ, ਉਥੇ ਉਹ ਟੀਚਰ ਯੂਨੀਅਨ ਦੇ ਨਿਧੜਕ ਆਗੂਆਂ ਤੇ ਸੁਰਿੰਦਰ ਗਿੱਲ ਵਰਗੇ ਸੁਹਿਰਦ ਲੇਖਕ ਦੋਸਤਾਂ ਪ੍ਰਤੀ ਸ਼ੁਕਰਗੁਜ਼ਾਰ ਵੀ ਹੈ। ਗ੍ਰਿਫ਼ਤਾਰੀ ਤੋਂ ਬਾਅਦ ਘਰ ਦੀ ਸਾਂਭ ਸੰਭਾਲ ਤੇ ਉਸਦੀ ਰਿਹਾਈ ਲਈ ਕੀਤੀ ਚਾਰਾਜ਼ੋਰੀ ਦੇ ਮਾਮਲੇ ਵਿਚ ਉਹ ਆਪਣੀ ਪਤਨੀ ਰਘਬੀਰ ਕੌਰ ਦੀ ਕੁਰਬਾਨੀ ਨੂੰ ਵੀ ਆਪਣੀ ਜੇਲ੍ਹ ਯਾਤਰਾ ਤੋਂ ਘੱਟ ਮਹੱਤਵ ਤੇ ਮਾਨਤਾ ਪ੍ਰਦਾਨ ਨਹੀਂ ਕਰਦਾ। ਆਪਣੇ ਜੇਲ੍ਹ ਸਹਿਯਾਤਰੀ ਜਥੇਦਾਰ ਮੰਗਲ ਸਿੰਘ, ਇਕਬਾਲ ਢਿੱਲੋਂ, ਨਕਸਲਬਾੜੀ ਨੌਜਵਾਨ ਤਰਸੇਮ ਲਾਲ ਪ੍ਰਤੀ ਵੀ ਉਸਦੇ ਦਿਲ ਅੰਦਰਲਾ ਸਤਿਕਾਰ ਆਪ ਮੁਹਾਰੇ ਪ੍ਰਗਟ ਹੁੰਦਾ ਹੈ। ਜੇਲ੍ਹ ਯਾਤਰਾ ਦੌਰਾਨ ਆਪਣੇ ਬੱਚਿਆਂ ਨੂੰ ਲਿਖੇ ਭਾਵਪੂਰਤ ਖ਼ਤਾਂ ਵਿਚੋਂ ਉਸਦੀ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਤੇ ਪ੍ਰਤੀਬੱਧਤਾ ਸਾਫ਼ ਤੌਰ ਤੇ ਝਲਕਦੀ ਹੈ।

ਪੁਸਤਕ ਦੇ ਤੀਜੇ ਭਾਗ ਵਿਚ ਜੇਲ ਯਾਤਰਾ ਦੌਰਾਨ ਸਿਰਜੀਆਂ ਉਸਦੀਆਂ ਕੁਝ ਕਵਿਤਾਵਾਂ ਤੇ ਗ਼ਜ਼ਲਾਂ ਸ਼ਾਮਿਲ ਹਨ। ਇਨ੍ਹਾਂ ਕਾਵਿ ਰਚਨਾਵਾਂ ਦਾ ਰਚਨਾ ਕਾਲ ਨਾਲ ਭਾਵੇਂ ਤੀਹ ਸਾਲ ਪੁਰਾਣਾ ਹੈ ਪਰ ਸਮਕਾਲੀਨ ਸਮੇਂ ਦੀ ਪ੍ਰਸੰਗਤਾ ਵਿਚ ਵੀ ਇਹ ਨਵੀਆਂ ਤੇ ਤਾਜ਼ੀਆਂ ਸਾਹਿਤਕ ਰਚਨਾਵਾਂ ਹੀ ਪ੍ਰਤੀਤ ਹੁੰਦੀਆਂ ਹਨ। ਜੀਵਨ ਦੇ ਕਈ ਅਗਾਂਹਵਧੂ ਫਰੰਟਾਂ ਤੇ ਲੜ ਰਹੇ ਇਸ ਬਜ਼ੁਰਗ ਸਿਆਸੀ ਯੋਧੇ ਦੀ ਇਹ ਪੁਸਤਕ ਇਕ ਇਤਿਹਾਸਕ ਦਸਤਾਵੇਜ਼ ਵਜੋਂ ਵੀ ਸੰਭਾਲੀ ਜਾਣੀ ਚਾਹੀਦੀ ਹੈ।

- ਨਿਰੰਜਣ ਬੋਹਾ

## ਸੁੱਚੀਆਂ ਕਦਰਾਂ ਦੀ ਸ਼ਾਇਰੀ

## (ਕਿਰਨਾਂ ਦਾ ਝੁਰਮਟ)

'ਕਿਰਨਾਂ ਦਾ ਝੁਰਮਟ' ਨਾਰੀ ਗ਼ਜ਼ਲਕਾਰਾਂ 'ਚੋਂ ਨਵ ਭਾਵ ਬੋਧ ਦੀ ਮੁਟਿਆਰ ਗ਼ਜ਼ਲਕਾਰਾ ਅਨੂਬਾਲਾ ਦੀ ਪਹਿਲੀ ਗ਼ਜ਼ਲ ਪੁਸਤਕ ਹੈ। ਪੰਜਾਬੀ ਗ਼ਜ਼ਲ ਪ੍ਰਤੀ ਹੁਣ ਸਹਿਜ ਪ੍ਰਵਾਨਗੀ ਐਸੀਆਂ ਹੋਣਹਾਰ ਕੁੜੀਆਂ ਨੇ ਵੀ ਪੱਕੀ ਪਕੇਰੀ ਕੀਤੀ ਹੈ। ਪੰਜਾਬੀ ਗ਼ਜ਼ਲ ਨੂੰ ਪੰਜਾਬੀਅਤ ਦਾ ਪਹਿਰਾਵਾ ਪਹਿਨਾਉਣ ਵਾਲੀਆਂ ਗ਼ਜ਼ਲਕਾਰਾਵਾਂ 'ਚੋਂ ਅਨੂ ਸਭ ਤੋਂ ਮੂਹਰੇ ਹੈ। ਉਸ ਦੀਆਂ ਗ਼ਜ਼ਲਾਂ ਨਵੇਂ ਅੰਦਾਜ਼ ਦੀਆਂ ਅਤੇ ਨਰੋਈਆਂ ਕਦਰਾਂ ਕੀਮਤਾਂ ਨੂੰ ਸਮਰਪਿਤ ਹਨ। ਕੁਝ ਇਕ ਗ਼ਜ਼ਲਕਾਰ ਨਾਰੀਆਂ ਨੇ ਪੰਜਾਬੀ ਗ਼ਜ਼ਲ ਨੂੰ ਫਾਹਸ਼ ਕਿਸਮ ਦੀ ਸੁਰ ਦੇਣ ਦਾ ਯਤਨ ਕੀਤਾ ਹੈ ਅਤੇ ਮਰਦ ਨੂੰ ਇਸ ਤਰ੍ਹਾਂ ਸੰਬੋਧਨ ਹੋਈਆਂ ਕਿ ਜਿਵੇਂ ਉਹ ਪੰਜਾਬੀ ਸਮਾਜ ਦੀਆਂ ਬਹੂ-ਬੇਟੀਆਂ ਨਾ ਹੋ ਕੇ ਆਵਾਰਗੀ ਦੀਆਂ ਹੀ ਅਲੰਬਰਦਾਰ ਹਨ। ਪੰਜਾਬੀ ਕਵਿਤਾ ਦਾ ਦੇਹਨਾਦ ਦਾ ਬੇਥਵਾਪਨ ਉਹਨਾਂ ਨੇ ਗ਼ਜ਼ਲਾਂ ਵਿਚ ਵੀ ਠੋਸਣ ਦਾ ਯਤਨ ਕੀਤਾ ਹੈ।? ਉਹਨਾਂ ਨੇ ਐਸੇ 'ਚਮਕੀਲਾ' ਵਾਦਕ ਸ਼ਿਅਰੀ ਤਰਾਨੇ ਛੇੜੇ ਕਿ ਕੁਝ ਚਿਰ ਤਾਂ ਪੰਜਾਬੀ ਗ਼ਜ਼ਲਗੋ ਅਤੇ ਚਿੰਤਕ ਵੀ ਚਕਾਚੌਂਧ ਹੋ ਕੇ ਸਕਤੇ ਵਿਚ ਆ ਗਏ ਅਤੇ ਗੈਰ-ਸਮਾਜਿਕ ਸ਼ਿਅਰਾਂ ਦੀ ਦਾਦ ਦੇਣ ਲੱਗੇ। ਪਰ ਬਹੁਤ ਜਲਦੀ ਇਸ ਦਾ ਨੋਟਿਸ ਲਿਆ ਜਾਣ ਲੱਗਾ। ਅੱਜ ਤੱਕ ਦੱਬਵੀਂ ਸੁਰ ਵਿਚ ਤਾਂ ਕਈ ਗ਼ਜ਼ਲ ਚਿੰਤਕ ਐਸੀਆਂ ਅਸ਼ਲੀਲ ਅਰਥ ਸਿਰਜਣ ਵਾਲੀਆਂ ਨਾਰੀ ਗ਼ਜ਼ਲਾਂ ਨੂੰ ਨਿੰਦਦੇ ਆ ਰਹੇ ਸਨ। ਪ੍ਰੰਤੂ ਅੱਜ ਬਹੁਤ ਸਾਰੇ ਚਿੰਤਕ ਇਸ ਸ਼ੈਲੀ ਨੂੰ ਗੰਭੀਰਤਾ ਨਾਲ ਰੱਦ ਰਹੇ ਹਨ।

ਪੰਜਾਬੀ ਗ਼ਜ਼ਲ ਵਿਚ ਵੱਡੇ ਸੰਦਰਭ ਵਿਚ ਨਵੇਂ ਭਾਵਬੋਧ ਨੇ ਸ਼ਾਮਿਲ ਹੋਣਾ ਹੈ ਪ੍ਰੰਤੂ ਇਸਦਾ ਇਹ ਭਾਵ ਹਰਗਿਜ਼ ਨਹੀਂ ਕਿ ਗ਼ਜ਼ਲ ਲੋਕਾਂ ਦੇ ਮਸਲਿਆਂ ਨਾਲੋਂ ਟੁੱਟ ਕੇ ਜ਼ਿੰਦਗੀ ਤੋਂ ਦੂਰ ਚਲੀ ਜਾਵੇ ਤੇ ਕੇਵਲ ਨੀਵੇਂ ਦਰਜੇ ਦੇ ਸ਼ੁਗਲ ਤੱਕ ਮਹਿਦੂਦ ਹੋ ਜਾਵੇ। ਅਲਬੱਤਾ ਸਾਡੇ ਕੋਲ ਅਮਲ ਵਿਚ ਇਸ ਪ੍ਰਸ਼ਨ ਦਾ ਉੱਤਰ ਦੇਣ ਵਾਲੀਆਂ ਨਾਰੀ ਗ਼ਜ਼ਲਕਾਰਾਂ ਵੀ ਹਨ ਜਿਨ੍ਹਾਂ ਵਿਚ ਅਨੂਬਾਲਾ ਦਾ ਨਾਮ ਬਹੁਤ ਹੀ ਸਤਿਕਾਰ ਨਾਲ ਲੈਣਾ ਬਣਦਾ ਹੈ।

'ਕਿਰਨਾਂ ਦਾ ਝੁਰਮਟ' ਲੋਕ ਗੀਤ ਪ੍ਰਕਾਸ਼ਨ ਨੇ ਛਾਪੀ ਹੈ ਤੇ ਇਸ ਵਿਚ 68 ਬਾਬਹਿਰ ਅਤੇ

ਨਵੇਂ ਤੇ ਸ਼ਗੁਫਤਾ ਕਾਫੀਏ ਅਤੇ ਰਦੀਫ ਹਨ। ਅਨੂ ਨੇ ਜਿੱਥੇ ਪੰਜਾਬੀ ਗ਼ਜ਼ਲ ਦੀ ਰਵਾਇਤ ਨੂੰ ਸਾਂਭਿਆ ਹੈ ਉੱਥੇ ਨਵੇਂ ਨਕੋਰ ਖ਼ਿਆਲਾਂ ਨੂੰ ਡੂੰਘਾਈ ਨਾਲ ਪੇਸ਼ ਕੀਤਾ ਹੈ। ਅਨੂ ਦੀਆਂ ਸਮੁੱਚੀਆਂ ਗ਼ਜ਼ਲਾਂ ਸਮਾਜ ਨੂੰ ਚੰਗੇਰੇ ਪਾਸੇ ਲਿਜਾਣ ਲਈ ਲਾਲਟੈਣਾਂ ਹਨ। ਸ਼ਿਅਰਾਂ ਦੇ ਟਿਮਟਿਮਾਉਂਦੇ ਜੁਗਨੂੰ ਸਦੀਵੀਂ ਰੌਸ਼ਨੀ ਅਤੇ ਹਨ੍ਹੇਰਿਆਂ ਦੀ ਖੈ ਤੇ ਪ੍ਰਤੀਕ ਹਨ। ਅਨਿਆਂ, ਜਬਰ-ਜ਼ੁਲਮ, ਭਰੂਣ ਹੱਤਿਆ, ਰਾਜਨੀਤਕ ਤੇ ਧਾਰਮਿਕ ਧੁੰਦੂਕਾਰੇ, ਔਰਤ ਦਾ ਸ਼ੋਸ਼ਣ, ਪਿੰਜਰਿਆਂ ਦੇ ਬੇਬੱਸ ਪਰਿੰਦੇ, ਸੁਲਗਦੇ ਰਾਹ, ਬਾਪੂ ਦੀ ਪਗੜੀ, ਬੰਸਰੀ ਦੀ ਹੂਕ, ਸੁਲਗਦੇ ਜਜ਼ਬਾਤਾਂ ਵਰਗੇ ਬਹੁ ਆਯਾਮੀ ਚਿਹਨ ਉਸਦੀਆਂ ਗ਼ਜ਼ਲਾਂ ਦੀ ਖ਼ੂਬੀ ਹੈ।

ਅਨੂ ਨੇ ਮਾਸੂਮਤਾ ਨਾਲ ਔਰਤ ਜਾਤੀ ਦੇ ਪਿਆਰ ਵਲਵਲਿਆਂ ਅੰਤੇ ਮਰਦ ਪ੍ਰਤੀ ਰੋਸ ਨੂੰ ਸ਼ਿਅਰਾਂ ਵਿਚ ਪਰੋਇਆ ਹੈ।

'ਕਿਰਨਾਂ ਦਾ ਝੁਰਮਟ' ਪੰਜਾਬੀ ਨਾਰੀ ਗ਼ਜ਼ਲ ਦਾ ਤੰਦਰੁਸਤ ਹਾਸਿਲ ਹੈ। ਭਾਵੇਂ ਅਨੂ ਨੂੰ ਅਜੇ ਸ਼ਬਦਾਂ ਦੇ ਸਹਿਜ ਉਚਾਰਣ ਨਾਲੋਂ ਬਹਿਰ ਪੂਰਤੀ ਦੀ ਮਜ਼ਬੂਰੀ ਵਧੇਰੇ ਸਤਾਉਂਦੀ ਹੈ ਪਰ ਆਉਂਦੇ ਵਕਤ ਉਹ ਆਪਣੇ ਨਗ਼ਮਿਆਂ ਨੂੰ ਲੋਕ ਨਗ਼ਮਿਆਂ ਵਿਚ ਤਬਦੀਲ ਕਰਨ ਵਿਚ ਜ਼ਰੂਰ ਕਾਮਯਾਬ ਹੋਵੇਗੀ। ਉਸਦਾ ਹਰ ਸ਼ਿਅਰ ਪੜ੍ਹਨ ਵਾਲਾ ਤੇ ਮਾਨਣ ਵਾਲਾ ਹੈ। 'ਕਿਰਨਾਂ ਦੇ ਝੁਰਮਟ' ਨੂੰ ਦਿਲ ਤੋਂ ਜੀ ਆਇਆਂ।

– ਸੁਲੱਖਣ ਸਰਹੱਦੀ

## ਚੌਰਸ ਗਲੋਬ

### (ਸ਼ੁਸ਼ੀਲ ਰਹੇਜਾ)

ਸ਼ੁਸ਼ੀਲ ਰਹੇਜਾ ਇਕ ਗੰਭੀਰ ਸਾਹਿਤ ਚਿੰਤਕ, ਬੁੱਧੀਜੀਵੀ ਲੇਖਕ ਹੈ। ਉਹਨੇ ਕਹਾਣੀ ਵੀ ਲਿਖੀ ਹੈ ਅਤੇ ਗ਼ਜ਼ਲ ਵੀ ਲਿਖਦਾ ਹੈ। ਪ੍ਰੰਤੂ 'ਚੌਰਸ ਗਲੋਬ' ਉਸਦਾ ਨਾਵਲਿਟ ਹੈ। ਸ਼ੁਸ਼ੀਲ ਰਹੇਜਾ ਜੋ ਕੁਝ ਵੀ ਲਿਖਦਾ ਹੈ ਉਸ ਵਿਚ ਉਸਦੀ ਵਿਸ਼ੇਸ਼ ਪਛਾਣ ਹੁੰਦੀ ਹੈ। ਚੌਰਸ ਗਲੋਬ ਉਹਨੇ ਲੰਮੇ ਅਤੇ ਗੰਭੀਰ ਚਿੰਤਨ ਉਪਰੰਤ ਸਿਰਜਿਆ ਹੈ। ਇਸ ਨਾਵਲਿਟ ਦੇ ਪਾਤਰ ਰਵਾਇਤੀ ਨਹੀਂ ਅਤੇ ਨਾ ਹੀ ਇਸਦੀ ਕਥਾ ਰਵਾਇਤੀ ਹੈ। ਇਸ ਨਾਵਲਿਟ ਵਿਚ ਸੁਸ਼ੀਲ ਵਿਅੰਗਾਤਮਿਕ ਵਿਧੀ ਨਾਲ ਹੋਛੇ, ਖੋਖਲੇ ਤੇ ਪਾਡੇ ਨਿਮਨ ਮੱਧ ਵਰਗੀ ਪਾਤਰਾਂ ਦੇ ਕਿਰਦਾਰ ਪੇਸ਼ ਕਰਦਾ ਹੈ। ਨਾਵਲਿਟ ਦਾ ਨਾਇਕ ਤਰਸੇਮ ਨਿਮਨ ਮੱਧ ਵਰਗ ਵਿਚੋਂ ਹੈ ਪ੍ਰੰਤੂ ਕਿਸੇ ਵੀ ਖੇਤਰ ਵਿਚ ਸਫ਼ਲ ਹੋਣ ਲਈ ਮਿਹਨਤ ਨਹੀਂ ਕਰਦਾ ਬਲਕਿ ਆਪਣੇ ਆਪ ਨੂੰ 'ਆਦਰਸ਼ਵਾਦੀ' ਅਤੇ 'ਮਹਾਨ' ਸਮਝਦਾ ਤੇ ਪੇਸ਼ ਕਰਦਾ ਹੈ। ਪ੍ਰੰਤੂ ਹਕੀਕਤ ਵਿਚ ਉਹ ਨਿਕੰਮਾ ਤੇ ਮਾਨਸਿਕ ਤੌਰ 'ਤੇ ਅਪਾਹਜ ਵਿਅਕਤੀ ਹੈ। ਉਹ ਆਪਣੀ ਵਿੱਦਿਆ ਮੁਕੰਮਲ ਨਹੀਂ ਕਰਦਾ ਤਾਂ ਕਿ ਉਹ ਕਿਸੇ ਉੱਚੇ ਰੁਤਬੇ 'ਤੇ ਪਹੁੰਚਣ ਲਈ ਸਮਰੱਥ ਹੋ ਸਕੇ ਸਗੋਂ ਸਧਾਰਨ ਮਿਲੀ ਨੌਕਰੀ ਨੂੰ ਵੀ ਆਪਦੀ ਆਕੜ ਕਾਰਨ ਛੱਡ ਦਿੰਦਾ ਹੈ। ਘਰ ਦੇ ਕੰਮ ਵਿਚ ਵੀ ਕੋਈ ਢੁੱਕਵਾਂ ਯੋਗਦਾਨ ਦੇਣ ਤੋਂ ਬਿਨਾਂ ਆਪਣੇ ਲਈ ਅਹਿਮ ਵਿਅਕਤੀਆਂ ਵਾਲੇ ਸਥਾਨ ਦੀ ਲਾਲਸਾ ਰੱਖਦਾ ਹੈ। ਉਹ ਵੱਡੀਆਂ-ਵੱਡੀਆਂ ਗੱਲਾਂ ਸੋਚਦਾ ਹੈ ਅਤੇ ਆਪਣੇ ਆਪ ਨੂੰ ਉਹਨਾਂ ਦੇ ਮੇਚਦਾ ਹੋਣ ਦਾ ਭੁਲੇਖਾ ਖਾਂਦਾ ਹੈ। ਉਹ ਚੇਨ ਸਮੋਕਰ ਹੈ, ਦਾਰੂ ਪੀਂਦਾ ਹੈ ਅਤੇ ਪ੍ਰੇਮ ਦੇ ਨਾਂ 'ਤੇ ਵਿਭਚਾਰ ਕਰਦਾ ਹੈ। ਨਾਵਲ ਦੀ ਨਾਇਕਾ ਸ਼ਾਰਦਾ ਹਕੀਕਤ ਵਿਚ ਜਿਊਣ ਵਾਲੀ ਤੇ ਪਦਾਰਥਕ ਜੀਵਨ ਨੂੰ ਹੀ ਜੀਵਨ ਸਮਝਣ ਵਾਲੀ ਹੈ। ਉਹ ਨਾਇਕ ਕੋਲੇ ਆਉਂਦੀ ਹੈ, ਉਸਦੇ ਬਿਸਤਰੇ 'ਤੇ ਪੈਂਦੀ ਹੈ ਅਤੇ ਵੱਡੀਆਂ-ਵੱਡੀਆਂ ਗੱਲਾਂ ਕਰਦੀ ਹੈ। ਉਹ ਸੋਚਦੀ ਹੈ ਕਿ ਉਸਨੂੰ ਭੋਗਣ ਵਾਲਾ ਆਸ਼ਕ ਬਹੁਤ ਵੱਡਾ ਬੰਦਾ ਬਣਕੇ ਪਦਾਰਥਕ ਪ੍ਰਾਪਤੀਆਂ ਕਰੇਗਾ ਤੇ ਉਹ ਉਹਨਾਂ ਪ੍ਰਾਪਤੀਆਂ ਨੂੰ ਭੋਗੇਗੀ। ਨਾਇਕ ਤਰਸੇਮ ਵੀ ਸ਼ਾਰਧਾ ਦਾ ਨਾਂ ਲੈਣ 'ਤੇ ਉਹਨੂੰ ਧੁਰ ਆਤਮਾ ਵਿਚੋਂ ਖੋਜਣ ਦਾ ਸਵਾਂਗ ਰਚਦਾ ਹੈ। ਪ੍ਰੰਤੂ ਇਸ ਖੋਜ ਦੀ ਡੂੰਘਾਈ ਕੇਵਲ ਢਿੱਲੀ ਮੰਜੀ ਤੱਕ ਹੈ।

ਸ਼ੁਸ਼ੀਲ ਰਹੇਜਾ ਆਪਣੇ ਇਸ ਨਾਵਲਿਟ ਵਿਚ ਹਕੀਕਤ ਵਿਚ ਅੱਜ ਦੇ ਨਿਮਨ ਮੱਧ ਵਰਗੀ ਮਨੁੱਖ ਦੀ ਤਸਵੀਰ ਪੇਸ਼ ਕਰਦਾ ਹੈ। ਜਿਹੜਾ ਵਿਚਾਰਾਂ ਵਿਚ ਹੀ ਬਹੁਤ ਵੱਡਾ ਹੋਣ ਦਾ ਭਰਮ ਪਾਲਦਾ



ਹੈ, ਵੱਡੀਆਂ-ਵੱਡੀਆਂ ਡੀਗਾਂ ਮਾਰਦਾ ਹੈ ਪਰ ਹਕੀਕਤ ਵਿਚ ਉਹ ਅਮਲ ਮਿੱਟੀ 'ਚ ਰੁਲਣ ਵਾਲੇ ਇਕ ਗੰਡੋਏ ਵਾਂਗ ਕਰਦਾ ਹੈ। ਉਹਦੇ ਉਦਾਲੇ ਦੇ ਪਾਤਰ ਉਹਨੂੰ ਹਕੀਕਤ ਵਿਚ ਕੁਝ ਵੱਡਾ ਬਣਾਉਣ ਦਾ ਯਤਨ ਕਰਦੇ ਹਨ ਪ੍ਰੰਤੂ ਉਹਦੀ ਹਕੀਕਤ ਜਾਣਕੇ ਉਸਤੋਂ ਦੂਰ ਜਾਂਦੇ ਹਨ। ਉਸਦੀ ਵਿਚਾਰੀ ਮਾਂ ਦਾ ਦੁਖਾਂਤ ਹੈ ਕਿ ਉਹ ਉਹਨੂੰ ਇਕ ਪੁੱਤ ਤੇ ਢਿੱਡ ਦੀ ਆਂਦਰ ਵਾਂਗ ਪਿਆਰਦੀ ਹੈ। ਉਹ ਉਸਦੀ ਅਸੱਲੀਅਤ ਸਮਝਣ ਤੋਂ ਅਸਮਰੱਥ ਹੈ ਤੇ ਕੇਵਲ ਉਸ ਉੱਪਰ ਤਰਸ ਕਰਦੀ ਹੈ। ਨਾਇਕ ਤਰਸੇਮ ਆਪਣੀ ਅੰਤਰ ਆਤਮਾ ਵਿਚ ਇਹਨਾਂ ਗੱਲਾਂ ਨੂੰ ਮਹਿਸੂਸ ਕਰਕੇ ਬਾਹਰਮੁਖੀ ਤੌਰ 'ਤੇ ਕੁਝ ਨਹੀਂ ਕਰਦਾ। ਇਸੇ ਤਰ੍ਹਾਂ ਪਰਿਵਾਰ ਦੇ ਦੂਜੇ ਜੀਅ ਵੀ ਉਸਦੀ ਸਥਿਤੀ ਨੂੰ ਨਹੀਂ ਸਮਝਦੇ। ਉਹਦੇ ਮਿੱਤਰਾਂ ਦਾ ਦਾਇਰਾ ਵੀ ਉਹਦੇ ਵਰਗਿਆਂ ਨਿਮੰਨ ਮੱਧ ਵਰਗਾਂ ਦਾ ਹੀ ਹੈ। ਜਿਨ੍ਹਾਂ ਕੋਲ ਨਾ ਤਾਂ ਆਰਥਿਕ ਅਧਾਰ ਹੈ ਅਤੇ ਨਾ ਹੀ ਜਾਨ ਤੋੜ ਕੇ ਕਿਰਤ ਕਰਕੇ ਕੁਝ ਪ੍ਰਾਪਤ ਕਰਨ ਦੀ ਸਮਰੱਥਾ ਹੈ। ਉਹ ਸਮਾਜ ਤੋਂ ਕੱਟੇ ਹੋਏ ਇਕ ਅਵਾਰਾਗਰਦਾਂ ਦਾ ਟੋਲਾ ਹੈ। ਉਹ ਕੁਝ ਹੱਦ ਤੱਕ ਹਕੀਕਤ ਪਸੰਦ ਹਨ ਪ੍ਰੰਤੂ ਤਰਸੇਮ 'ਤੇ ਉਹਨਾਂ ਦੀਆਂ ਗੱਲਾਂ ਦਾ ਕੋਈ ਪ੍ਰਭਾਵ ਨਹੀਂ ਪੈਂਦਾ।

ਸ਼ੁਸ਼ੀਲ ਦੀ ਕਲਾ ਦਾ ਸਿਖ਼ਰ ਨਾਵਲ ਦੀ ਨਾਇਕਾ ਦਾ ਕਿਰਦਾਰ ਸਿਰਜਣ ਵਿਚ ਹੈ। ਉਹ ਨਾਇਕ ਤਰਸੇਮ ਦਾ ਦੂਜਾ ਪਾਸਾ ਹੈ। ਕੁਝ ਹੱਦ ਤੱਕ ਹਕੀਕਤ ਪਸੰਦ ਹੈ ਪ੍ਰੰਤੂ ਅੰਤ ਵਿਚ ਜਾ ਕੇ ਜਦੋਂ ਤਰਸੇਮ ਵਲੋਂ ਉਹਦੀਆਂ ਲਾਲਸਾਵਾਂ ਨੂੰ ਬੂਰ ਪੈਣ ਦੀ ਕਿਸੇ ਪਾਸਿਓਂ ਆਸ ਨਹੀਂ ਰਹਿੰਦੀ ਤਾਂ ਉਹ ਪ੍ਰਤੱਖ ਰੂਪ ਵਿਚ ਖੇਤਰ ਵਿਚ ਨਿੱਤਰਦੀ ਹੈ। ਵਿਭਚਾਰ 'ਤੇ ਪਾਏ ਅਖੌਤੀ ਪਿਆਰ ਦੇ ਲੁਬਾਦੇ ਨੂੰ ਤਾਰ-ਤਾਰ ਕਰਕੇ ਸਿੱਟ ਦਿੰਦੀ ਹੈ ਤੇ ਉਸ ਅਖੌਤੀ ਨਾਇਕ ਨੂੰ ਤਿਆਗ ਕੇ ਤੁਰ ਜਾਂਦੀ ਹੈ। ਨਾਇਕ ਇਥੇ ਫਿਰ ਦੰਭ ਕਰਦਾ ਹੈ। ਉਹ ਜਾਣਦਾ ਹੈ ਕਿ ਉਹ ਸ਼ਾਰਧਾ ਨੂੰ ਪਿਆਰ ਨਹੀਂ ਕਰਦਾ, ਉਹਦਾ ਪਿਆਰ ਉਸਦੇ ਸਰੀਰ ਤੋਂ ਸ਼ੁਰੂ ਹੁੰਦਾ ਹੈ ਤੇ ਭੋਗਣ 'ਤੇ ਮੁੱਕ ਜਾਂਦਾ ਹੈ। ਉਹਨੂੰ ਜੇ ਕਿਸੇ ਚੀਜ਼ ਦਾ ਵਿਗੋਚਾ ਹੈ ਤਾਂ ਕੇਵਲ ਆਪਣੀ ਕਾਮ ਪੂਰਤੀ ਦੇ ਸਾਧਨ ਖੁੱਸਣ ਦਾ ਵਿਗੋਚਾ ਹੈ ਪ੍ਰੰਤੂ ਕਿਸੇ ਆਤਮਿਕ ਵਿਗੋਚੇ ਦਾ ਕੋਈ ਡਰ ਨਹੀਂ।

ਸ਼ੁਸ਼ੀਲ ਰਹੇਜਾ ਨੇ "ਚੌਰਸ ਗਲੋਬ" ਵਿਚ ਇਕ ਨਵਾਂ ਤਜ਼ਰਬਾ ਕੀਤਾ ਹੈ ਜਿਸ ਵਿਚ ਉਹਨੇ ਨਿਮਨ ਮੱਧਵਰਗੀ ਗਪੌੜ ਸੰਖਾਂ ਦਾ ਪਾਜ ਉਘਾੜਿਆ ਹੈ ਜਿਹੜੇ ਅੱਜ ਦੇ ਇਸ ਸਮੇਂ ਵਿਚ ਜਦੋਂ ਜਗੀਰੂ ਸੰਸਕਾਰ ਟੁੱਟ ਰਹੇ ਹਨ ਤੇ ਸਰਮਾਏਦਾਰੀ ਪ੍ਰਬੰਧ ਤੇਜ਼ੀ ਨਾਲ ਫੈਲ ਰਿਹਾ ਹੈ, ਅਜਿਹੇ ਪਾਤਰਾਂ ਦੀ ਉਤਪਤੀ ਇਕ ਸਮਾਜਿਕ ਦੁਖਾਂਤ ਬਣ ਗਈ ਹੈ। "ਚੌਰਸ ਗਲੋਬ" ਤਰਸੇਮ, ਸ਼ਾਰਦਾ ਤੇ ਹੋਰ ਕੁਝ ਵਿਅਕਤੀਆਂ ਦੀ ਹੀ ਦੁਖਾਂਤ ਨਹੀਂ ਸਗੋਂ ਅਜੋਕੇ ਸਮੇਂ ਵਿਚ ਦਿਨੋ-ਦਿਨ ਵਧ ਰਿਹਾ ਇਕ ਸਮਾਜਿਕ ਦੁਖਾਂਤ ਹੈ। ਸ਼ੁਸ਼ੀਲ ਦੀ ਬੋਲੀ ਸਾਦੀ, ਸਪੱਸ਼ਟ ਅਤੇ ਪਾਤਰਾਂ ਦੀ ਪੱਧਰ ਦੇ ਅਨੁਕੂਲ ਹੈ। ਕਿਸੇ ਸਮੇਂ ਪ੍ਰਸਿੱਧ ਕਵਿੱਤਰੀ ਅੰਮ੍ਰਿਤਾ ਪ੍ਰੀਤਮ ਨੇ ਲਿਖਿਆ ਸੀ ਕਿ ਕਾਫ਼ੀ ਪੀਣ ਲਈ ਆਪਣੀ ਸਵਾਦ ਭਾਵਨਾ ਨੂੰ ਵਿਕਸਤ ਕਰਨਾ ਪੈਂਦਾ ਹੈ ਤਾਂ ਹੀ ਉਸਦੇ ਸਵਾਦ ਨੂੰ ਮਾਣਿਆ ਜਾ ਸਕਦਾ ਹੈ ਨਹੀਂ ਤਾਂ ਸਧਾਰਨ ਵਿਅਕਤੀ ਲਈ ਉਹ ਅਜਿਹੀ ਚਾਹ ਹੁੰਦੀ ਹੈ ਜਿਸਦੇ ਦੁੱਧ ਵਿਚੋਂ ਅੱਗ ਨਿਕਲੀ ਹੁੰਦੀ ਹੈ। ਇਸੇ ਤਰ੍ਹਾਂ ਪਾਠਕ 'ਚੌਰਸ ਗਲੋਬ' ਪੜ੍ਹਨ ਲੱਗੇ ਆਪਣਾ ਟੇਸਟ ਡਵੈਲਪ ਕਰ ਸਕਣਗੇ ਤਾਂ ਉਹ ਇਸ ਕਿਰਤ ਦਾ ਚੰਗੀ ਕਾਫ਼ੀ ਵਾਂਗ ਸਵਾਦ ਮਾਣ ਸਕਣਗੇ। ਮੈਨੂੰ ਆਸ ਹੈ ਕਿ ਸ਼ੁਸ਼ੀਲ ਰਹੇਜਾ ਦਾ ਇਹ ਨਵਾਂ ਪ੍ਰਯੋਗ ਤੇ ਨਵਾਂ ਯਤਨ ਪੂਰੀ ਤਰ੍ਹਾਂ ਸਫਲ ਹੋਵੇਗਾ ਤੇ ਮਾਨਤਾ ਪ੍ਰਾਪਤ ਕਰੇਗਾ। •

– ਸੁਰਜੀਤ ਗਿੱਲ

## ਯਤੀਮ ਹੰਝੂ

### (ਅਮਰਜੀਤ ਸਿੰਘ ਦੌਧਰ)

'ਯਤੀਮ ਹੰਝੂ' ਅਮਰਜੀਤ ਸਿੰਘ ਦੌਧਰ ਦਾ ਪਹਿਲਾ ਨਾਵਲ ਹੈ। ਜਿਹੜਾ ਉਹਨੇ ਪੰਜ-ਛੇ ਵਰ੍ਹੇ ਪਹਿਲਾਂ ਲਿਖਿਆ ਸੀ। ਉਸ ਸਮੇਂ ਉਹ ਵਿਦਿਆਰਥੀ ਸੀ ਤੇ ਕਾਲਜ ਦੇ ਸਾਹਿਤਕ ਮਾਹੌਲ ਦੇ ਪ੍ਰਭਾਵ ਹੇਠ ਉਹਨੇ ਇਹ ਲਿਖਤ ਲਿਖੀ ਸੀ ਅਤੇ ਛਪਵਾਈ ਸੀ। ਉਸ ਸਮੇਂ ਇਸਦਾ ਅਮਰਜੀਤ ਦੇ ਮਿੱਤਰਾਂ ਤੇ ਇੱਕ ਸੀਮਤ ਸਾਹਿਤਕ ਹਲਕੇ ਵਿਚ ਜ਼ਿਕਰ ਹੋਇਆ ਸੀ। ਉਸ ਸਮੇਂ ਦੇ ਉਹਦੇ ਪ੍ਰੋਫੈਸਰਾਂ ਨੇ ਵੀ

ਉਹਨੂੰ ਹੱਲਾਸ਼ੇਰੀ ਦਿੱਤੀ ਸੀ। ਇਸ ਲਿਖਤ ਦੇ ਲਿਖਣ ਸਮੇਂ ਦਿੱਲੀ ਦੰਗਿਆਂ ਦੇ ਜ਼ਖ਼ਮ ਹਾਲੇ ਅੱਲੇ ਸਨ। ਹਰ ਇੱਕ ਪੰਜਾਬੀ ਗੱਭਰੂ ਆਪਣੀ ਅਨੁਭਵ ਸਮਰੱਥਾ ਅਨੁਸਾਰ ਉਹਨਾਂ ਤੋਂ ਪ੍ਰਭਾਵਿਤ ਸੀ। ਅਮਰਜੀਤ ਸਿੰਘ ਨੇ ਹਥਲਾ ਨਾਵਲ ਇਸੇ ਪ੍ਰਭਾਵ ਹੇਠ ਲਿਖਿਆ ਸੀ। ਇਸ ਨਾਵਲ ਦਾ ਨਾਇਕ ਦਲਜੀਤ ਦਿੱਲੀ ਦੰਗਿਆਂ ਤੋਂ ਪ੍ਰਭਾਵਿਤ ਹੈ। ਇਹਨਾਂ ਦੰਗਿਆਂ ਵਿਚ ਉਹਦੀ ਮਾਂ, ਪਿਉ ਤੇ ਚਾਚਾ ਮਾਰੇ ਗਏ ਸਨ ਅਤੇ ਕੇਵਲ ਇਕੋ ਬੱਚੀ ਛੋਟੀ ਭੈਣ ਰੂਪੀ ਦੰਗਿਆਂ ਵਿਚ ਗੁੰਮ ਹੋ ਗਈ ਸੀ। ਦਲਜੀਤ ਇਸ ਘਟਨਾ ਤੋਂ ਬਹੁਤ ਦੁਖੀ ਹੈ ਅਤੇ ਆਮ ਸਿੱਖ ਨੌਜਵਾਨ ਵਾਂਗ ਉਹ ਵੀ ਦੰਗੇ ਕਰਾਉਣ ਵਾਲੇ ਵਿਅਕਤੀਆਂ ਤੋਂ ਬਦਲਾ ਲੈਣ ਬਾਰੇ ਸੋਚਦਾ ਹੈ। ਉਹ ਇਸ ਮੰਤਵ ਲਈ ਆਪਣੇ ਵਰਗੇ ਕੁਝ ਹੋਰ ਗੱਭਰੂਆਂ ਨੂੰ ਇਕੱਠੇ ਕਰਕੇ ਇੱਕ ਜਥੇਬੰਦੀ ਬਣਾਉਂਦਾ ਹੈ। ਇਹ ਜਥੇਬੰਦੀ ਗੁਪਤ ਰਹਿ ਕੇ ਕੰਮ ਕਰਦੀ ਹੈ। ਨਾਇਕ ਦਿੱਲੀ ਤੋਂ ਪੰਜਾਬ ਆਉਂਦਾ ਹੈ, ਦਿੱਲੀ ਵਿਚ ਉਹਨੂੰ ਆਪਣੀ ਮਾਂ ਵਰਗੀ ਇੱਕ ਪੀੜਤ ਮਾਂ, ਜੋ ਉਹਨਾਂ ਦੰਗਿਆਂ ਵਿਚ ਸਭ ਕੁਝ ਗੁਆ ਚੁੱਕੀ ਹੈ, ਮਿਲਦੀ ਹੈ। ਦੋ ਦੁਖੀਏ ਇਕੱਠੇ ਹੁੰਦੇ ਹਨ ਅਤੇ ਮਾਂ-ਪੁੱਤ ਵਾਂਗ ਰਹਿਣ ਲੱਗ ਜਾਂਦੇ ਹਨ। ਪੰਜਾਬ ਵਿਚ ਆ ਕੇ ਦਲਜੀਤ ਨੂੰ ਸਹਿਬਨ ਹੀ ਕਾਲਜ ਵਿਚ ਵਿਦਿਆਰਥੀ ਅਵਤਾਰ ਸਿੰਘ ਮਿਲ ਜਾਂਦਾ ਹੈ। ਜਿਹੜਾ ਪੜ੍ਹਨ ਵਿਚ ਹੁਸ਼ਿਆਰ ਤੇ ਚੰਗੇ ਡਾਕਟਰ ਪਰਿਵਾਰ ਦਾ ਇਕਲੌਤਾ ਸਪੁੱਤਰ ਹੁੰਦਾ ਹੈ। ਉੱਚ ਮੱਧ ਵਰਗ ਵਿਚੋਂ ਹੋਣ ਕਾਰਨ ਉਹਨੂੰ ਸਮਾਜਿਕ ਸਵਾਲਾਂ ਨਾਲ ਕੋਈ ਸਰੋਕਾਰ ਨਹੀਂ, ਕੇਵਲ ਸਦਭਾਵਨਾ ਕਰਕੇ ਦਲਜੀਤ ਦਾ ਮਿੱਤਰ ਬਣ ਜਾਂਦਾ ਹੈ, ਤੇ ਉਹਦਾ ਦੁੱਖ ਸੁਣਕੇ ਸਬਰ ਕਰਨ ਦੀ ਸਲਾਹ ਦਿੰਦਾ ਹੈ। ਘਟਨਾ ਵੱਸ ਦਲਜੀਤ ਦੀ ਬਣਾਈ ਮਾਂ ਬਜ਼ਾਰ ਜਾਂਦੀ ਇੱਕ ਜੀਪ ਦੀ ਫੇਟ ਨਾਲ ਫੱਟੜ ਹੋ ਜਾਂਦੀ ਹੈ। ਮੌਕਾ ਮੇਲ ਨਾਲ ਦਲਜੀਤ ਮੌਕੇ ਤੇ ਪੁੱਜ ਜਾਂਦਾ ਹੈ ਪ੍ਰੰਤੂ ਉਹ ਸਾਧਨਾਂ ਦੇ ਅਭਾਵ ਕਾਰਨ ਮਾਈ ਨੂੰ ਹਸਪਤਾਲ ਲਿਜਾਣ ਦੇ ਅਸਮਰੱਥ ਹੁੰਦਾ ਹੈ। ਇੱਥੇ ਅਚਾਨਕ ਅਵਤਾਰ ਦੀ ਭੈਣ ਤੇ ਪ੍ਰਸਿੱਧ ਡਾਕਟਰ ਹਰਬੰਸ ਬਰਾੜ ਦੀ ਧੀ ਮਨਜੀਤ ਕਾਰ ਸਮੇਤ ਉੱਥੇ ਆ ਜਾਂਦੀ ਹੈ। ਉਹ ਦਲਜੀਤ ਦੀ ਮਦਦ ਕਰਦੀ ਹੈ ਅਤੇ ਉਹਦੀ ਮਾਂ ਨੂੰ ਹਸਪਤਾਲ ਦਾਖ਼ਲ ਕਰਵਾ ਕੇ ਆਪਣੇ ਪਿਤਾ ਨੂੰ ਉਹਦਾ ਇਲਾਜ ਕਰਨ ਲਈ ਕਹਿੰਦੀ ਹੈ। ਇਸ ਤਰ੍ਹਾਂ ਸਮਾਂ ਪਾ ਕੇ ਸਾਰੇ ਇੱਕ ਪਰਿਵਾਰ ਵਾਂਗ ਇਕੱਠੇ ਹੋ ਜਾਂਦੇ ਹਨ। ਲੇਖਕ ਨੇ ਆਪਣੇ ਨਾਵਲ ਵਿਚ ਬਹੁਤੇ ਹਾਂ-ਪੱਖੀ ਪਾਤਰ ਇਕੱਠੇ ਕੀਤੇ ਹਨ। ਜਿਨ੍ਹਾਂ ਦੇ ਦਿਲਾਂ ਅੰਦਰ ਚੰਗਿਆਈ ਵਿਚ ਵਿਸ਼ਵਾਸ ਤੇ ਮਾਨਵਤਾ ਦਾ ਪਿਆਰ ਹੁੰਦਾ ਹੈ। ਇਸੇ ਤਰ੍ਹਾਂ ਥਾਣੇਦਾਰ ਹਰਜਿੰਦਰ ਹੈ। ਜਿਹੜਾ ਪੁਲਿਸ ਵਾਲਾ ਹੋ ਕੇ ਵੀ ਮਾਨਵੀ ਕੀਮਤਾਂ ਦਾ ਸਤਿਕਾਰ ਕਰਦਾ ਹੈ। ਦਲਜੀਤ ਦੇ ਘਰ ਕੋਲ ਦਿੱਲੀ ਵਿਖੇ ਅਬਦੁਲ ਅਲੀ ਖਾਂ ਦਾ ਘਰ ਹੁੰਦਾ ਹੈ। ਇਹ ਵਿਅਕਤੀ ਤਅਸਬੀ ਨਾ ਹੋ ਕੇ ਮਾਨਵਵਾਦੀ ਹੁੰਦਾ ਹੈ। ਇਹ ਦਲਜੀਤ ਦੀ ਭੈਣ ਰੂਪੀ ਨੂੰ ਲੱਭਣ ਦਾ ਜ਼ਿੰਮਾ ਲੈਂਦਾ ਹੈ।

ਦਲਜੀਤ ਹੋਰਾਂ ਦੀ ਜਥੇਬੰਦੀ ਦਾ ਨਾਂ 'ਜ਼ਖ਼ਮੀ ਸੰਗਰਾਮ ਸੰਘ' ਹੁੰਦਾ ਹੈ। ਇਸਦੇ ਮੈਂਬਰ ਹਰਪੰਡ ਤੇ ਜਮਨੰਦ ਹੁੰਦੇ ਹਨ। 'ਜਖ਼ਮੀ ਸੰਗਰਾਮ ਸੰਘ' ਦੇ ਕਾਰਕੁੰਨਾਂ ਦਾ ਪੁਲਿਸ ਨਾਲ ਟਾਕਰਾ ਹੁੰਦਾ ਹੈ ਤੇ ਇੱਕ ਵਾਰ ਪੰਜ ਪੁਲਿਸ ਵਾਲੇ ਮਰ ਜਾਂਦੇ ਹਨ। ਦਲਜੀਤ ਸ਼ਹਿਰ ਵਿਚ ਦਹਿਸ਼ਤ ਪਾਉਣ ਲਈ ਬੰਬ ਧਮਾਕਾ ਕਰਦਾ ਹੈ। ਨਾਵਲ ਵਿਚ ਇਕ ਖਲਨਾਇਕ ਥਾਣੇਦਾਰ ਰਤਕੰਦ ਹੁੰਦਾ ਹੈ। ਜਿਹੜਾ ਟਕਸਾਲੀ ਪੁਲਿਸੀਆ ਤੇ ਪੂਰਾ ਜ਼ਾਲਮ ਹੁੰਦਾ ਹੈ। ਉਹ ਹਰ ਗੱਲ ਧੱਕੇ ਨਾਲ ਕਰਦਾ ਹੈ। ਇੱਕ ਸਮੇਂ ਉਹ ਬਾਹਰ ਡਾਕਟਰ ਹਰਬੰਸ ਬਰਾੜ ਕੋਲ ਕੋਈ ਗਲਤ ਕੰਮ ਕਰਵਾਉਣ ਜਾਂਦਾ ਹੈ। ਪ੍ਰੰਤੂ ਉਹ ਕਰਨੋਂ ਇਨਕਾਰ ਕਰ ਦਿੰਦਾ ਹੈ ਜਿਸ 'ਤੇ ਰਤਕੰਦ ਉਸਨੂੰ ਦੇਖਣ ਦੀ ਧਮਕੀ ਦਿੰਦਾ ਹੈ ਤੇ ਸਿੱਟੇ ਵਜੋਂ ਡਾਕਟਰ ਦੇ ਪੁੱਤਰ ਅਵਤਾਰ ਨੂੰ ਪਹਿਲਾਂ ਥਾਣੇ ਵਿਚ ਫੜਕੇ ਲੈ ਜਾਂਦਾ ਹੈ ਤੇ ਕੁੱਟ-ਮਾਰ ਕਰਦਾ ਹੈ ਤੇ ਫਿਰ ਛੱਡ ਦਿੰਦਾ ਹੈ। ਅਵਤਾਰ ਆਪਣੀ ਤੇ ਆਪਣੇ ਪਿਤਾ ਦੀ ਬਦਨਾਮੀ ਹੋਣ ਦੇ ਡਰੋਂ ਆਪਣੇ ਪਿਤਾ ਨੂੰ ਨਹੀਂ ਦੱਸਦਾ। ਜਦੋਂ ਕਿ ਡਾਕਟਰ ਅਵਤਾਰ ਨੂੰ ਰਤਕੰਦ ਤੋਂ ਚੌਕਸ ਰਹਿਣ ਬਾਰੇ ਕਹਿ ਚੁੱਕਿਆ ਹੁੰਦਾ ਹੈ। ਕੁਝ ਸਮੇਂ ਉਪਰੰਤ ਜਿਸ ਸਮੇਂ ਅਵਤਾਰ ਆਪਣੀ ਐਮ. ਏ. ਦਾ ਇਮਤਿਹਾਨ ਦੇ ਕੇ ਹਟਿਆ ਹੁੰਦਾ ਹੈ ਤਾਂ ਥਾਣੇਦਾਰ ਉਹਨੂੰ ਮੁੜ ਚੁੱਕ ਲੈਂਦਾ ਹੈ ਅਤੇ ਝੂਠਾ ਮੁਕਾਬਲਾ ਬਣਾਕੇ ਮਾਰ ਦਿੰਦਾ ਹੈ। ਇਸ ਤਰ੍ਹਾਂ ਨਾਵਲ ਵਿਚ ਦੁਖਾਂਤ ਹੋਰ ਡੂੰਘਾ ਹੋ ਜਾਂਦਾ ਹੈ। ਦਲਜੀਤ ਦੀ ਟੋਲੀ ਦਾ ਪੁਲਿਸ ਨਾਲ, ਜਿਸਦੀ



ਅਗਵਾਈ 'ਰਤਕੰਦ ਕਰ ਰਿਹਾ ਹੁੰਦਾ ਹੈ, ਟਾਕਰਾ ਹੋ ਜਾਂਦਾ ਹੈ ਤੇ ਦਲਜੀਤ ਦੀ ਪਾਰਟੀ ਦੇ ਦੋ ਬੰਦੇ ਮਾਰੇ ਜਾਂਦੇ ਹਨ। ਦਲਜੀਤ ਬਹੁਤ ਮੁਸ਼ਕਿਲ ਨਾਲ ਉਥੋਂ ਨਿਕਲ ਕੇ ਭੱਜਦਾ ਹੈ। ਪਰ ਥਾਣੇਦਾਰ ਹਰਜਿੰਦ ਜਿਹੜਾ ਦਲਜੀਤ ਨੂੰ ਜਾਣਦਾ ਹੁੰਦਾ ਹੈ ਉਹ ਦਲਜੀਤ ਨੂੰ ਭੱਜਦੇ ਨੂੰ ਦੇਖ ਲੈਂਦਾ ਹੈ। ਉਹਨੂੰ ਦਲਜੀਤ ਦੇ ਅੱਤਵਾਦੀ ਹੋਣ ਦੀ ਹੈਰਾਨੀ ਹੁੰਦੀ ਹੈ। ਕੁਝ ਸਮੇਂ ਉਪਰੰਤ ਅਬਦੁਲ ਅਲੀ ਖਾਂ ਦਿੱਲੀ ਤੋਂ ਦਲਜੀਤ ਦੀ ਭੈਣ ਰੂਪੀ ਨੂੰ ਲੈਕੇ ਆ ਜਾਂਦਾ ਹੈ। ਸਾਰੇ ਮਾਹੌਲ ਵਿਚ ਖ਼ੁਸ਼ੀ ਦੀ ਲਹਿਰ ਦੌੜ ਜਾਂਦੀ ਹੈ। ਦਲਜੀਤ ਦਾ ਇਕ ਮਾਮਾ ਅਮਰੀਕਾ ਵਿਚ ਹੁੰਦਾ ਹੈ ਉਹ ਤੇ ਉਹਦੀ ਮਾਮੀ ਵੀ ਉਹਨੂੰ ਮਿਲਣ ਆਉਂਦੇ ਹਨ। ਅਵਤਾਰ ਦੀ ਭੈਣ ਮਨਜੀਤ, ਜਿਹੜੀ ਬੀ. ਐਸ. ਸੀ. ਵਿਚੋਂ ਪਾਸ ਹੁੰਦੀ ਹੈ ਤੇ ਪਹਿਲਾਂ ਦਲਜੀਤ ਹੋਰਾਂ ਦੇ ਪਰਿਵਾਰ ਨਾਲ ਖੁੱਲੀ ਵਿਚਰਦੀ ਹੈ, ਅਵਤਾਰ ਦੇ ਮਾਰੇ ਜਾਣ ਉਪਰੰਤ ਦਲਜੀਤ ਨੂੰ ਉਹਦੀ ਥਾਂ ਸਮਝਦੀ ਹੈ। ਅਚਾਨਕ ਨਾਟਕੀ ਤੌਰ 'ਤੇ ਉਹਨੂੰ ਇਸ਼ਕ ਕਰਨ ਲੱਗ ਜਾਂਦੀ ਹੈ ਤੇ ਦਲਜੀਤ ਦੀ ਮਾਮੀ ਇਹ ਦੇਖਕੇ ਉਹਨਾਂ ਦਾ ਪਿਆਰ ਸਿਰੇ ਚੜ੍ਹਾਉਣ ਬਾਰੇ ਕਹਿੰਦੀ ਹੈ। ਅੰਤ ਵਿਚ ਨਾਟਕੀ ਘਟਨਾ ਵਾਂਗ ਸਾਰਾ ਪਰਿਵਾਰ ਮਨਜੀਤ ਦੀ ਗੱਡੀ ਵਿਚ ਸ਼ਾਪਿੰਗ ਕਰਨ ਬਜ਼ਾਰ ਜਾਂਦਾ ਹੈ। ਉੱਥੇ ਹਰਜਿੰਦ ਦਲਜੀਤ ਨੂੰ ਪਛਾਣ ਲੈਂਦਾ ਹੈ। ਦਲਜੀਤ ਫੜੇ ਜਾਣ ਤੇ ਅੱਤਵਾਦੀਆਂ ਵਾਂਗ ਸਾਈਨਾਈਡ ਦਾ ਕੈਪਸੂਲ ਖਾ ਕੇ ਆਤਮਹੱਤਿਆ ਕਰ ਲੈਂਦਾ ਹੈ ਤੇ ਸਾਰਾ ਕੁਝ ਦੁਖਾਂਤ ਵਿਚ ਮੁੱਕ ਜਾਂਦਾ ਹੈ। ਇਸ ਤੋਂ ਪਹਿਲੀਆਂ ਕੁਝ ਘਟਨਾਵਾਂ ਵਿਚ ਥਾਣੇਦਾਰ ਰਤਕੰਦ ਤੇ ਦਿੱਲੀ ਦੰਗਿਆਂ ਦਾ ਦੋਸ਼ੀ ਬੇਦਾਮ ਰੰਦਤ ਮਾਰਿਆ ਜਾਂਦਾ ਹੈ। ਇਸ ਤਰ੍ਹਾਂ ਦਲਜੀਤ ਬਦਲਾ ਲੈਣ ਵਿਚ ਸਫ਼ਲ ਹੋ ਜਾਂਦਾ ਹੈ।

ਸਾਰੇ ਨਾਵਲ ਵਿਚ ਸਹਿਜਤਾ ਤੇ ਸੁਭਾਵਕਤਾ ਦਾ ਅਭਾਵ ਹੈ। ਸਾਰੀਆਂ ਘਟਨਾਵਾਂ ਮੌਕਾ-ਮੇਲ ਨਾਲ ਵਾਪਰਦੀਆਂ ਹਨ। ਜਿਹੜੀਆਂ ਯਥਾਰਥ ਨੂੰ ਤੋੜਦੀਆਂ ਹਨ। ਲੇਖਕ ਨੇ ਆਪਣੇ ਮੂਹਰੇ ਨਾਵਲ ਲਿਖਣ ਤੋਂ ਪਹਿਲਾਂ ਹੀ ਇੱਕ ਟੀਚਾ ਮਿਥਿਆ ਹੁੰਦਾ ਹੈ ਕਿ ਉਹਨੇ ਦਿੱਲੀ ਦੰਗਿਆਂ ਤੇ ਪੁਲਿਸ ਦੇ ਜਬਰ ਨੂੰ ਪੇਸ਼ ਕਰਨਾ ਹੈ ਤੇ ਇਸਦੇ ਨਾਲ ਹੀ ਨਾਇਕ ਨੂੰ ਸਰਵ ਕਲਾ ਸੰਪੂਰਨ ਤੇ ਦਲੇਰ ਬਣਾਕੇ ਪੇਸ਼ ਕਰਨਾ ਹੈ। ਜਿਸ ਵਿਚ ਉਹ ਸਫਲ ਹੈ। ਇੱਕ ਚੰਗੀ ਗੱਲ ਹੈ ਕਿ ਲੇਖਕ ਨੇ ਬਹੁਤੇ ਪਾਤਰ ਪਾਜ਼ੇਟਿਵ ਪੇਸ਼ ਕੀਤੇ ਹਨ। ਜਿਹੜੇ ਇਮਾਨਦਾਰ, ਲੋਕ ਪੱਖੀ ਤੇ ਮਾਨਵਤਾ ਨੂੰ ਪ੍ਰਣਾਏ ਹੋਏ ਹਨ। ਨਾਵਲ ਵਿਚ ਅੱਤਵਾਦੀਆਂ ਨੂੰ ਚੰਗੇ ਬੰਦੇ ਪੇਸ਼ ਕਰਨ ਲਈ ਇੱਕ ਗਰੀਬ ਕੁੜੀ ਦੇ ਵਿਆਹ ਲਈ ਪੈਸੇ ਵੀ ਦਿਵਾਏ ਜਾਂਦੇ ਹਨ। ਇਹ ਸਾਰਾ ਕੁਝ ਲਿਖਕੇ ਲੇਖਕ ਪਿਛਲੇ ਸਮੇਂ ਵਿਚ ਵਾਪਰੇ ਅੱਤਵਾਦ ਦੇ ਹੱਕ ਵਿਚ ਭੁਗਤਦਾ ਹੈ ਤੇ ਸਾਰੀਆਂ ਘਟਨਾਵਾਂ ਨੂੰ ਸਤਿਹੀ ਤੌਰ ਤੇ ਦੇਖਦਾ ਹੈ। ਲੇਖਕ ਦਾ ਪਹਿਲਾ ਨਾਵਲ ਹੈ। ਉਹਨੂੰ ਗੱਲ ਕਰਨੀ ਆਉਂਦੀ ਹੈ ਪ੍ਰੰਤੂ ਨਾਵਲਕਾਰ ਬਣਨ ਲਈ ਸਖ਼ਤ ਮਿਹਨਤ ਅਤੇ ਚਿੰਤਨ ਦੀ ਲੋੜ ਹੈ। ਨਾਵਲ ਵਿਚ ਪਾਤਰਾਂ ਦੇ ਨਾ ਬਹੁਤ ਹੀ ਅਜੀਬ ਰੱਖੇ ਹਨ। ਜਿਹੜੇ ਨਾਵਲ ਦੇ ਯਥਾਰਥ ਨੂੰ ਭੰਗ ਕਰਦੇ ਹਨ। ਅਜਿਹਾ ਕਰਨ ਦੀ ਲੋੜ ਨਹੀਂ ਸੀ। ਆਮ ਨਾਮ ਵੀ ਰੱਖੇ ਜਾ ਸਕਦੇ ਸਨ। ਨਾਵਲ ਦੀ ਬੋਲੀ ਤੇ ਸ਼ੈਲੀ ਸਾਦੀ ਤੇ ਸਪੱਸ਼ਟ ਹੈ। ਘਟਨਾਵਾਂ ਦਾ ਬੇਲੋੜਾ ਵਿਸਥਾਰ ਰੜਕਦਾ ਹੈ। ਨਾਵਲ ਦਾ ਨਾਇਕ ਤੇ ਹੋਰ ਪਾਤਰ ਇਕ ਟੀਚੇ ਲਈ ਸੰਘਰਸ਼ਸ਼ੀਲ ਹਨ। ਉਹਨਾਂ ਨੂੰ ਆਪਣੇ ਸੰਘਰਸ਼ ਦੇ ਸਿੱਟਿਆਂ ਬਾਰੇ ਪੂਰੀ ਜਾਣਕਾਰੀ ਹੈ। ਜਿਹੜੇ ਹਰ ਹਾਲਤ ਵਿਚ ਦੁਖਾਂਤ ਨਿਕਲਦੇ ਹਨ। ਟੀਚਿਆਂ ਲਈ ਸੰਘਰਸ਼, ਕਮਜ਼ੋਰ ਇਰਾਦੇ ਤੇ ਕਮਜ਼ੋਰ ਮਾਨਸਿਕਤਾ ਨਾਲ ਨਹੀਂ ਲੜੇ ਜਾਂਦੇ। ਇਹਨਾਂ ਦੀ ਪ੍ਰਾਪਤੀ ਲਈ ਦ੍ਰਿੜਤਾ ਦੀ ਲੋੜ ਹੁੰਦੀ ਹੈ। ਪ੍ਰੰਤੂ ਨਾਵਲ ਦੇ ਪਾਤਰਾਂ ਸਮੇਤ ਦਲਜੀਤ ਦੇ ਰੋਣ-ਧੋਣ ਵਾਲੀ ਹੈ। ਇਹ ਨਾਵਲ ਦੀ ਕਮਜ਼ੋਰੀ ਹੈ। ਨਾਵਲ ਦਾ ਨਾਇਕ ਤੇ ਦੂਜੇ ਸੰਘਰਸ਼ਸ਼ੀਲ ਪਾਤਰ ਰੋਂਦੂ ਨਹੀਂ ਦ੍ਰਿੜ ਹੋਣੇ ਚਾਹੀਦੇ ਹਨ। ਅਮਰਜੀਤ ਨੇ ਇਸ ਨਾਵਲ ਨੂੰ ਛਾਪਣ ਵਿਚ ਕਾਹਲੀ ਕੀਤੀ ਹੈ। ਨਾਲ ਹੀ ਉਸਦੇ ਸਲਾਹਕਾਰਾਂ ਨੇ ਉਸਨੂੰ ਢੁੱਕਵੀਂ ਸਲਾਹ ਨਾ ਦੇ ਕੇ ਕੋਤਾਹੀ ਕੀਤੀ ਹੈ। ਕੋਈ ਲੇਖਕ ਕਿਰਤ ਦੇ ਛਪ ਜਾਣ ਨਾਲ ਹੀ ਲੇਖਕ ਨਹੀਂ ਬਣ ਜਾਂਦਾ। ਲਿਖਤ ਵਿਚ ਵੀ ਦਮ ਹੋਣਾ ਚਾਹੀਦਾ ਹੈ। ਜਿਸਦਾ ਲਿਖਤ ਵਿਚ ਅਭਾਵ ਹੈ। ਲਿਖਤ ਪ੍ਰਭਾਵਹੀਣ ਰਹਿ ਗਈ ਹੈ। •

\- ਸੁਰਜੀਤ ਗਿੱਲ

## ਪੁਸਤਕ ਪ੍ਰਾਪਤੀ

1. ਹਰਚਰਨ ਸਿੰਘ ਕਪੂਰਥਲਾ (ਯਾਦਾਂ ਸੰਨ-ਸੰਤਾਲੀ) (ਵਾਰਤਕ) ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ, ਬਠਿੰਡਾ
2. ਹਰਭਜਨ ਸਿੰਘ ਹੁੰਦਲ ਦੀ ਵਾਰਤਕ ਕਲਾ (ਆਲੋਚਨਾ) ਰਮਨਦੀਪ ਕੌਰ ਪੰਨੇ 106, ਮੁੱਲ 100/- ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ, ਬਠਿੰਡਾ
3. ਸ਼ਹੀਦ ਭਗਤ ਸਿੰਘ (ਵਰਤਮਾਨ ਤੇ ਭਵਿੱਖ) ਸੰਪਾਦਨਾ ਡਾ. ਸ਼ਾਮ ਸੁੰਦਰ ਦੀਪਤੀ / ਡਾ. ਅਨੂਪ ਸਿੰਘ ਪੰਨੇ 120, ਮੁੱਲ 50/- ਪ੍ਰੇਰਨਾ ਪ੍ਰਕਾਸ਼ਨ ਅੰਮ੍ਰਿਤਸਰ
4. ਧੁੰਦ ਤੇ ਪ੍ਰਭਾਤ (ਨਾਵਲ) ਅਵਤਾਰ ਉੱਪਲ, ਪੰਨੇ 143, ਮੁੱਲ 150/- ਚੇਤਨਾ ਪ੍ਰਕਾਸ਼ਨ, ਲੁਧਿਆਣਾ
5. ਜ਼ਿੰਦਗੀ ਦੀਆਂ ਪੈੜਾਂ (ਲੇਖ) ਡਾ. ਅਨੂਪ ਸਿੰਘ ਪੰਨੇ 112, ਮੁੱਲ 100 ਨਵੀਨ ਪ੍ਰਕਾਸ਼ਨ ਅੰਮ੍ਰਿਤਸਰ
6. ਖਿੱਤੀਆਂ ਘੁੰਮ ਰਹੀਆਂ ਨੇ (ਕਹਾਣੀਆਂ) ਜਸਵੀਰ ਸਿੰਘ ਰਾਣਾ ਪੰਨੇ 116, ਮੁੱਲ 150/- ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
7. ਦੁੱਲਾ ਸਿੰਘ ਜਲਾਲਦੀਵਾਲ (ਜੀਵਨੀ) ਜਰਨੈਲ ਸਿੰਘ ਅੱਛਰਵਾਲ ਪੰਨੇ 104, ਮੁੱਲ 30/- ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ
8. ਕਰਕ ਕਲੇਜੇ ਮਾਹਿ (ਕਵਿਤਾਵਾਂ) ਤਲਵਿੰਦਰ ਕੌਰ, ਪੰਨੇ 100, ਮੁੱਲ 80/- ਪ੍ਰੇਰਨਾ ਪ੍ਰਕਾਸ਼ਨ, ਅੰਮ੍ਰਿਤਸਰ
9. ਵਕਤ ਦੀ ਹੂਕ (ਗ਼ਜ਼ਲਾਂ) ਡਾ. ਮੋਹਨ, ਮੁੱਲ 140, ਸਫ਼ੇ 84, ਯੂਨੀਸਟਾਰ ਬੁੱਕਸ, ਚੰਡੀਗੜ੍ਹ
10. ਵਿਚਲੀ ਔਰਤ (ਕਹਾਣੀ ਸੰਗ੍ਰਹਿ- ਉਰਦੂ ਅੱਖਰਾਂ ਵਿਚ) ਸਫ਼ੇ 240, ਮੁੱਲ 200/- ਸੁਚੇਤ ਕਿਤਾਬ ਘਰ, ਲਾਹੌਰ ਪਾਕਿਸਤਾਨ
11. ਕਿਸ ਬਿਧ ਧਰਮ ਧਿਆਈਏ (ਚਰਚਾ ਹਿੱਤ) ਕਿਰਪਾਲ ਸਿੰਘ ਆਜ਼ਾਦ, ਗਾਜ਼ੀਆਬਾਦ ਸੀ-387, ਸੂਰੀਆ ਨਗਰ 201011
12. ਬਾਬਾ ਬੂੜਾ ਸਿੰਘ (ਜੀਵਨੀ) ਅਜਮੇਰ ਸਿੱਧੂ ਪੰਨੇ 248, ਮੁੱਲ 150/- ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ।
13. ਵਿਸ਼ਵ ਕਵੀ ਬ੍ਰੈਖ਼ਤ ਤੇ ਲੋਰਕਾ (ਚੋਣਵੀਂ ਕਵਿਤਾ) ਪੰਜਾਬੀ ਅਨੁਵਾਦ ਹਰਭਜਨ ਸਿੰਘ ਹੁੰਦਲ ਪੰਨੇ 136, ਮੁੱਲ 175/- ਮਨਪ੍ਰੀਤ ਪ੍ਰਕਾਸ਼ਨ, ਦਿੱਲੀ

### ਮੁਬਾਰਕਾਂ

ਪੰਜਾਬੀ ਦੇ ਸੁਪ੍ਰਸਿੱਧ ਨਾਵਲਕਾਰ ਸ੍ਰੀ ਮਿੱਤਰ ਸੈਨ ਮੀਤ ਨੂੰ ਇਸ ਵਰ੍ਹੇ ਦਾ ਸਾਹਿਤ ਅਕਾਡਮੀ ਐਵਾਰਡ ਦੇਣ ਦਾ ਐਲਾਨ ਹੋਇਆ ਹੈ। ਇਹ ਪੁਰਸਕਾਰ ਉਨ੍ਹਾਂ ਦੇ ਨਾਵਲ 'ਸੁਧਾਰ-ਘਰ' ਉੱਤੇ ਦਿੱਤਾ ਗਿਆ ਹੈ। ਅਦਾਰਾ ਚਿਰਾਗ ਮੀਤ ਨੂੰ ਮੁਬਾਰਕਾਂ ਪੇਸ਼ ਕਰਦਾ ਹੈ।

- ਸੰਪਾਦਕੀ ਮੰਡਲ




## ਸੁਰਜੀਤ ਸਿੰਘ ਪੰਛੀ ਦਾ ਰਚਨਾ-ਜਗਤ

1. ਬੰਦਾ ਸਿੰਘ ਬਹਾਦਰ (ਜੀਵਨੀ)
ਉਡਾਨ ਪਬਲੀਕੇਸ਼ਨ, ਮਾਨਸਾ

2. ਗੁਰੂ ਹਰਗੋਬਿੰਦ ਸਾਹਿਬ (ਜੀਵਨੀ)
ਉਡਾਨ ਪਬਲੀਕੇਸ਼ਨ, ਮਾਨਸਾ

3. ਨੰਦ ਲਾਲ ਗੋਇਆ (ਜੀਵਨੀ)
ਉਡਾਨ ਪਬਲੀਕੇਸ਼ਨ, ਮਾਨਸਾ

4. ਯੂਸਿਫ਼ ਜ਼ੁਲੈਖਾ (ਖੰਡ-ਕਾਵਿ)
ਉਡਾਨ ਪਬਲੀਕੇਸ਼ਨ, ਮਾਨਸਾ

5. ਦੇਸੀ ਵਿਦੇਸ਼ ਸੱਥ (ਵਾਰਤਕ)
ਉਡਾਨ ਪਬਲੀਕੇਸ਼ਨ, ਮਾਨਸਾ

6. ਉਹ ਖੂਨ ਡੋਲ੍ਹਦਾ ਰਿਹਾ (ਨਾਵਲ)
ਸੰਗਮ ਪਬਲੀਕੇਸ਼ਨ, ਸਮਾਣਾ

7. ਮਹਿਕਾਂ ਦੇ ਪ੍ਰਛਾਵੇਂ (ਅਨੁਵਾਦਿਤ ਕਵਿਤਾਵਾਂ)
ਉਡਾਨ ਪਬਲੀਕੇਸ਼ਨ, ਮਾਨਸਾ

8. ਜਗਦੇ ਬੁੱਝਦੇ ਕਣ (ਕਵਿਤਾਵਾਂ)
ਉਡਾਨ ਪਬਲੀਕੇਸ਼ਨ, ਮਾਨਸਾ

Registered with the Registrar of News-Papers of India No. PUN-PUN 0 2276/AL/TC94

ਹਾਸ਼ਮ ਫਤਿਹ ਨਸੀਬ ਉਨ੍ਹਾਂ ਨੂੰ ਜਿਨਾਂ ਹਿੰਮਤ ਯਾਰ ਬਣਾਈ।

ਇੱਕ ਨਾਂ ਜਿਸ ਤੇ ਤੁਸੀਂ ਭਰੋਸਾ ਕਰ ਸਕਦੇ ਹੋ ®

ਅਮਰ ਪ੍ਰੀਤ

ਅਤੇ

AMAR PREET

Growth is Life

ਸੰਗਰਾਮ (ਗੋਲੀ ਅਤੇ ਮੈਸ਼)

ਸੰਤੁਲਿਤ ਪਸ਼ੂ ਖੁਰਾਕ

ਡੀਲਰਸ਼ਿਪ ਲਈ ਸੰਪਰਕ ਕਰੋ-

ਪ੍ਰੀਤ ਫੀਡ ਸੇਲਜ਼ ਤਰਨ ਤਾਰਨ

ਫੋਨ :-

01852-222927 (M) 98760-72265

Fax:- 01852-225327